# ਨਾਨਕ ਪੰਧੀਂ ਅਜੋਕੇ ਪੈਰ

ਡਾ. ਆਸਮਾ ਕ਼ਾਦਰੀ

# ਨਾਨਕ ਪੰਧੀਂ ਅਜੋਕੇ ਪੈਰ

ਡਾ. ਆਸਮਾ ਕ਼ਾਦਰੀ

# **ਨਾਨਕ ਪੰਧੀਂ ਅਜੋਕੇ ਪੈਰ**

(ਨਜਮ ਹੁਸੈਨ ਸੱਯਦ ਦੀ ਇਕ ਲਿਖਤ ਚੋਣ)

ਡਾ. ਆਸਮਾ ਕ਼ਾਦਰੀ
(ਯੂਨੀਵਰਸਿਟੀ ਆਫ਼ ਦੀ ਪੰਜਾਬ, ਲਾਹੌਰ, ਪਾਕਿਸਤਾਨ)
Email: 1aasmaqadri@gmail.com
Ph: 00923004119251

Second Edition
April, 2021

ISBN: 978-969-9325-52-6

Published By
Press and Publications Department
University of the Punjab, Lahore, Pakistan
+92-42-99232160, puppress@gmail.com

Printing at
**Shaheed-E-Azam Press & Hospitality Pvt. Ltd.**
**Patiala**
**98146-32807, shaheedeazampta@gmail.com**

**<u>ਨਾ ਮੈਲਾ ਨਾ ਧੁੰਦਲਾ ਨਾ ਭਗਵਾ ਨਾ ਕਚੁ</u>**

**<u>ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ</u>**

**(ਨਾਨਕ)**

# ਤਤਕਰਾ


| | ਪੰਨਾ |
|---|---|
| 1. ਸੁੰਨ ਕਲਾ ਅਪਰੰਪਰਿ ਧਾਰੀ | 9 |
| 2. ਬਾਰ ਦੀ ਵਾਰ | 13 |
| 3. ਲਾਹੌਰ ਸ਼ਹਿਰ ਦਾ ਇਕ ਪੁਰਾਣੀ ਹੱਟੀ ਵਾਲਾ | 24 |
| 4. ਟੋਪੀ ਲੈਂਦੇ ਬਾਵਰੇ ਦੇਂਦੇ ਖਰੇ ਨਲੱਜ | 25 |
| 5. ਉਜਲ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ | 37 |
| 6. ਫਰੀਦਾ ਏਹ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ | 41 |
| 7. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ | 49 |
| 8. ਰਾਜੇ ਰਯਤਿ ਸਿਕਦਾਰ ਕੋਈ ਨ ਰਹਸੀਓ | 54 |
| 9. ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ | 59 |
| 10. ਕਿੱਸਾ ਢੱਕ ਮਕੌੜਾ | 63 |
| 11. ਬੁਝਕਾ | 69 |
| 12. ਸਾਹਿਬੀ ਦਾ ਢੋਲਾ | 71 |
| 13. ਪੰਜ ਪੀਰ | 78 |
| 14. ਆਓ ਪਉੜੀ ਪੜ੍ਹੀਏ | 79 |
| 15. ਦੀਵਾ ਮੇਰਾ ਏਕੁ ਨਾਮੁ | 91 |
| 16. ਪਾਲੀਸੀ ਲਾਈਨ | 92 |
| 17. ਸ਼ਰੀਫ਼ ਸ਼ਹਿਰੀ ਦੀ ਗੱਲ | 93 |
| 18. ਇਸ਼ਕ | 94 |
| 19. ਫ਼ੈਲਸੂਫ਼ੀ | 96 |
| 20. ਇਕ ਪੁਰਾਣੇ ਗਾਵਣ ਵਾਲੇ ਦੀ ਗੱਲ | 97 |
| 21. ਚਿੱਟੀਆਂ ਮੁੱਛਾਂ ਪਤਲਾ ਲਾਖਾ | 98 |
| 22. ਅੱਖਰ ਹੀਣਾਂ ਦੇ | 99 |
| 23. ਸੱਚਲ, ਕਬੀਰ, ਲਤੀਫ਼, ਨਾਨਕ | 100 |
| 24. ਕਾਨੀਆਂ | 101 |
| 25. ਦੋ ਭਗਤ ਪਉੜੀਆਂ | 102 |
| 26. ਗੱਲ ਸੰਨ ਨੱਵੇ ਦੀ | 111 |
| 27. ਜਪੁ ਪੰਜਾਲ਼ੀ | 114 |
| 28. ਝੋਕ ਜਗਤ | 115 |
| 29. ਕਿਹੜਾ ਸ਼ਹਿਰ ਹੈ ਇਹ | 130 |
| 30. ਬਾਬਾ ਆਖੇ ਵੇਖ ਭਾਈ ਮਰਦਾਨਿਆ | 131 |

31. ਨਾਨਕ ਕਰਤਾਰਪੁਰੋਂ 133
32. ਜੋੜ ਖ਼ਾਕ ਦਾ ਰਾਗ 134
33. ਤੂੰ ਨੈਂ ਜਿਸ ਦਮ ਅੰਦਰ ਲੰਘਿਓਂ 135
34. ਕਰਮ ਕੀਰਤਨ 137
35. ਸਰੋਵਰ ਨਹੀਂ ਸੁੱਕਦੇ 141
36. ਸਿੰਬਲ ਪਿਆ ਉੜ ਟਾਲ੍ਹੀ ਨੂੰ ਆਖੇ 142
37. ਵੀਰੋ ਫੁਲੇਰਨ ਦੀ 143
38. ਇਕ ਨੀਤਗ ਕਮੇਰ ਦੀ ਹੱਡ ਵਰਤੀ 144
39. ਸ਼ੱਪੇ ਦੇ ਥੜੇ ਦੀ 150
40. ਭੜਥ ਪਹਾੜਾ 151
41. ਦੁਖੀਆ ਤੇ ਸਭ ਸੰਸਾਰ ਹੈ 161
42. ਵਾਅ ਲਾਹੌਰ ਦੀ ਸੁਣਿਆ ਏ ਹੋ ਗਈ ਏ ਹੁਣ ਜ਼ਹਿਰ ਕਹਿਰ 162
43. ਹੋਈਆਂ ਜਦੋਕੀਆਂ ਅਸ ਮਰ ਜੀਵੜੀਆਂ 163
44. ਮਾਈ ਸਪਕੁੰਜੋ ਦੀ ਵਾਰ 164
45. ਵੀਰੋ ਫੁਲੇਰਨ ਦੀ 166
46. ਇਹ ਦਿਲ ਪਿਸ਼ੌਰੀ ਕਿਉਂ ਕਰਣ ਦਾ ਆਹੰਦਾ ਰਹਿਨਾ ਏਂ 167

# ਸੁੰਨ ਕਲਾ ਅਪਰੰਪਰਿ ਧਾਰੀ

“ਸੁੰਨ: ਸੁੰਨ ਕਲਾ ਅਪਰੰਪਰਿ ਧਾਰੀ ਦੀ ਦੱਸ ਪਾਵਣਹਾਰ ਨਾਨਕ (1469- 1539) ਕਲਿਆਣ ਚੰਦ ਮਹਿਤਾ ਤੇ ਮਾਤਾ ਤ੍ਰਿਪਤਾ ਘਰ ਜੰਮੇ। ਜੰਮਣ ਥਾਂ ਤਲਵੰਡੀ ਰਾਏ ਭੋਇ ਦੀ ਹੈ ਜੋ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ਼ ਪਛਾਣੀ ਜਾਂਦੀ ਹੈ। ਨਾਨਕ ਇਨਕਾਰ ਬਣ ਕੇ ਜੰਮਿਆ ਆਪਣੇ ਵੇਲੇ ਵਿਚ। ਜੀਵਨ ਨੂੰ ਜੂਹ, ਜਾਤ, ਧਰਮ ਤੇ ਮੇਲ ਵੰਡ ਵਿਚ ਫਾਤਾ ਵੇਖਿਆ ਤਾਂ ਏਸ ਦਾ ਕਾਰਨ ਤੇ ਉਪਾ ਲੱਭਣ ਟੁਰਿਆ। ਤ੍ਰੀਹ ਵਰ੍ਹਿਆਂ ਦੀ ਉਮਰੇ ਤਿੰਨ ਦਿਹਾੜੇ ਪਾਣੀ ਸੰਗ ਲੰਘਾਏ ਤੇ ਸੁਰਤ ਸਿਆਣੀ ਜੋ ਅਸਾਂ ਸਭ ਇੱਕ ਹਾਂ। ਕੁਦਰਤ ਤਾਂ ਇੱਕ ਰੰਗੀ ਹੈ ਕੁੱਲ ਜੀਆਂ ਜੂਨ ਅੰਦਰ, ਪਾਣੀ ਵਾਂਗ ਬੇਰੰਗ, ਬੇਸ਼ਕਲ। ਪਾਣੀ ਆਪ ਤਾਂ ਨਿਰ ਆਕਾਰ ਹੈ, ਰੂਪ ਏਸ ਦੇ ਵੱਖੋ ਵੱਖ ਹਨ। ਹਰ ਹੋਂਦ ਨੂੰ ਨਵਾਂ ਸਰੂਪ ਦੇਂਦਾ ਹੈ ਪਾਣੀ। ਅੱਖੀਂ ਵੱਤਰਦਾ ਪਾਣੀ ਕੀ ਵਿਖਾਉਂਦਾ ਹੈ ਪਿਆ। ਸਾਰਾ ਖਲਾਰ ਪਸਾਰ ਜੋ ਅੱਖੀਂ ਵੇਖਦੀਆਂ ਹਨ ਇੱਕ ਸ਼ੁਨ ਵਿਚੋਂ ਬਣਿਆ ਹੈ ਮੁੜ ਉਸੇ ਸ਼ੁਨ ਅੰਦਰ ਜਾ ਸਮਾਉਸੀ। ਇਹਾ ਸੱਚ ਸਹੀ ਹੋਇਆ ਹੋਸੀ ਨਾਨਕ ਨੂੰ ਜਿਸ ਵਿਜੋਗ ਵਿਹਾਰ ਵਿੱਚ ਪਰਤ ਕੇ ਆਖਿਆ “ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ॥” ਜੀਵਨ ਤਾਂ ਮਿਲਣ ਕੀਤੇ ਦਾਨ ਹੋਇਆ ਹੈ ਕੁੱਲ ਕਾਇਨਾਤ ਨੂੰ। ਕੁੱਲ ਕੁਦਰਤ ਹਰ ਖਿਣ ਪਲ਼ ਹਿੱਕ ਬਏ ਨੂੰ ਮਿਲਦੀ ਹੈ ਪਈ ਵਨੋ ਵਨਰੂਪ ਵੱਟਾਇ ਕੇ। ਮਿਲਣ ਨਵਾਂ ਰੂਪ ਨਵੀਂ ਹੋਂਦ ਬਣਾਉਂਦਾ ਹੈ। ਪਾਣੀ ਧਰਤ ਦੇ ਧੁਰ ਅੰਦਰ ਲਹਿ ਕੇ ਮਿਲਦਾ ਹੈ ਮਿੱਟੀ ਨੂੰ।ਆਪਣਾ ਆਪ ਵੱਖ ਨਹੀਂ ਰੱਖਦਾ। ਮਿੱਟੀ ਅੰਦਰ ਸਮਾ ਜਾਉਂਦਾ ਹੈ। ਵਾਅ ਨੂੰ ਮਿਲਦਾ ਹੈ ਭਾਪ ਬਣ ਕੇ ਤੇ ਵਾਅ ਸੰਗ ਉੱਡਦਾ, ਜਾ ਉੱਚੇ ਅੰਬਰ ਨੂੰ ਗਲੇ ਲਾਉਂਦਾ ਹੈ। ਉਚਿਆਈ ਉਪਰ ਜਾ ਕੇ ਮੱਲ ਨਹੀਂ ਮਾਰ ਬਹਿੰਦਾ, ਸਗੋਂ ਕਣੀ ਕਣੀ ਬਣਕੇ ਵਰ੍ਹਦਾ ਹੈ, ਵਿਜੋਗੀ ਧਰਤ ਉਪਰ। ਪਾਣੀ ਮਿੱਟੀ ਦਾ ਏਹਾ ਇਸ਼ਕ ਮਿਲਾਪ ਹੈ ਜੋ ਕੁੱਲ ਵਣਸਪਤ ਅੰਦਰ ਖਿੜ ਹਸਦਾ ਹੈ।

ਕੱਲਾ ਜੀਵਨ ਤਾਂ ਜੀਵਨ ਹੈ ਨਹੀਂ। ਕੁੱਲ ਦਾ ਜੀਵਨ ਈ ਜੀਵਨ ਹੈ। ਏਹਾ ਸੁਰਤ ਸਾਰ ਥਈ ਪਾਣੀ ਨਾਲ਼ ਪਾਣੀ ਹੋਏ ਨਾਨਕ ਨੂੰ। ਆਪ ਪਾਣੀ ਹੋ ਠਿੱਲਿਆ ਤੇ ਜੀਵਨ ਜਵਾਲਣ ਲੱਗਾ ਬੰਦੀਹਾਰ ਹੋਏ ਮੋਏ ਜੀਆਂ ਨੂੰ। ਮੱਲ ਮਾਰ ਵੇਲੇ ਅੰਦਰ ਬੱਝੀ ਹੋਂਦ ਆਜ਼ਾਦ ਹੋਈ ਤਾਂ ਕੁਲ ਵੇਲੇ ਅੰਦਰ ਜਿਉਂ ਪਈ। ਨਾਨਕ ਵਿਹਾਰ ਬੱਝੀ ਹਸਤੀ ਅੰਦਰ ਇਨਕਾਰ ਬਣਕੇ ਲਹਿੰਦਾ ਹੈ। ਕੂੜ ਵਿਹਾਰ ਤੇ ਏਸ ਦੀ ਬਣਾਈ ਕੂੜੀ ਹੋਂਦ ਦਾ

ਇਨਕਾਰ ਈ ਕੁਦਰਤ ਵਿਹਾਰ ਤੇ ਸੱਚ ਦਾ ਇਕਰਾਰ ਹੈ। ਮੱਲ ਵਿਹਾਰ ਸਭ ਮੋਹ ਮਾਇਆ ਦਾ ਭਰਮ ਹੈ। ਏਹਾ ਸਿਆਣ ਨਾਨਕ ਕਰਵਾਈ ਤੇ ਅਜੋਕੇ ਵੇਲੇ ਵਿਚ ਨਜਮ ਨੇ ਮੂਹਰੇ ਧਰੀ ਹੈ ਅੱਖੀਆਂ ਦੇ। ਵੇਖੋ ਇਹ ਜੋੜ:

ਭਰਮ ਜਿਹੀ ਕੋਈ ਵੇਦਨ ਨਹੀਂ
ਕੋਈ ਦਾਰੂ ਨਹੀ ਨਿਰਵਾਰ ਜਿਹਾ
ਆਹਰ ਬਿਨਾ ਕੋਈ ਤੱਤ ਨਹੀਂ
ਗੁਰ ਮੁਰਸ਼ਦ ਨਹੀਂ ਇਨਕਾਰ ਜਿਹਾ

ਨਾਨਕ ਬਾਣੀ ਨੂੰ ਅਸਾਂ ਪੜ੍ਹਿਆ ਸੰਗਤ ਸੰਗ 2006-07 ਵਿਚ। ਏਸ ਤੋਂ ਪਹਿਲੋਂ ਵੀ ਇੱਕ ਵਾਰ ਸੰਗਤ ਵਿਚ ਪੜ੍ਹਿਆ ਗਿਆ ਗ੍ਰੰਥ ਸਾਹਿਬ ਉਦੋਂ ਅਸਾਂ ਸੰਗਤ ਸੰਗ ਨਾਹੇ। 2016-17 ਵਿਚ ਮੁੜ ਪੜ੍ਹਿਆ ਗ੍ਰੰਥ ਸਾਹਿਬ ਨੂੰ ਸੰਗਤ ਨੇ।2018 ਤੂੰ ਹੁਣ ਤਾਈਂ ਨਵੀਂ ਪੜ੍ਹਤ ਪਈ ਹੁੰਦੀ ਹੈ।49, ਜੇਲ੍ਹ ਰੋਡ (ਲਾਹੌਰ) ਤੇ ਪਿਛਲੇ ਪੰਜਤਾਲੀ ਵਰ੍ਹਿਆਂ ਤੋਂ ਹਰ ਸਤਵਾਰ ਹੋਵਣ ਵਾਲੀ ਪੜ੍ਹਤ ਵਿਚਾਰ ਵਿਚ ਪੰਜਾਬੀ ਅਦਬ ਦੇ ਜੋੜਕਾਰਾਂ (ਸ਼ਾਇਰਾਂ) ਨੂੰ ਪੜ੍ਹ ਕੇ ਵਿਚਾਰਿਆ ਤੇ ਸੰਗਤ ਸੰਗ ਗੰਵਿਆ ਜਾਂਦਾ ਹੈ। ਫ਼ਰੀਦੁੱਦੀਨ ਮਸਊਦ ਤੋਂ ਲਾਅ ਖ਼ੁਆਜਾ ਗ਼ੁਲਾਮ ਫ਼ਰੀਦ ਤਾਈਂ ਸਭਨਾਂ ਦੇ ਜੋੜੇ ਜੋੜਾਂ ਨੂੰ ਪੜ੍ਹਿਆ ਜਾਂਦਾ ਹੈ।

ਇਥੇ ਇਹ ਮੁਨਾਸਿਬ ਜਾਪਦਾ ਹੈ ਕਿ ਕੁਝ ਜਾਣਕਾਰੀ ਨਜਮ ਹੁਸੈਨ ਦੀ ਸੰਗਤ ਬਾਰੇ ਵੀ ਦਿਤੀ ਜਾਵੇ। 49, ਜੇਲ ਰੋਡ ਤੇ ਹਰ ਜੁਮੇ ਜੁੜਨ ਵਾਲੀ ਸੰਗਤ ਨੇ ਨਜਮ ਹੁਸੈਨ ਅਤੇ ਸਮੀਨਾ ਹੁਸਨ ਸਯੇਦ ਜੀ ਆਇਆਂ ਆਖਿਆ। ਲੰਘੇ ਪੰਜਾਹ ਵਰ੍ਹਿਆਂ ਵਿਚ ਹਰ ਹਫਤੇ ਸੰਗਤ ਪੰਜਾਬੀ ਕਲਾਸਕੀ ਸ਼ਾਇਰਾ ਨੇ ਪੜ੍ਹਦੀ, ਵਿਚਾਰਦੀ ਤੇ ਗਾਉਂਦੀ ਆਈ ਏ। ਨਜਮ ਹੁਸਨ ਹੋਰਾਂ ਨੇ ਪੰਜਾਬੀ ਕਵੀਆਂ ਦਾ ਕਲਾਮ ਸੋਧ ਕੇ ਤੇ ਅਰਥਵਾਲੀਆਂ ਵਿੱਚੋਂ ਲਫ਼ਜ਼ਾਂ ਦੇ ਅਰਥ ਕੱਢ ਕੇ ਲਿਖ ਵਰਤਾਏ ਨੇ। ਸਮੀਨਾ ਹੁਸਨ ਸਯੇਦ ਸੰਗੀਤ ਦੇ ਜਾਨਹੂੰ ਹੋਏ ਤੇ ਨਜਮ ਹੁਸੈਨ ਦੀਆਂ ਬਣਾਈਆਂ ਤਰਜ਼ਾਂ ਨੇ ਸਮੀਨਾ ਹੁਸਨ ਸਯੇਦ ਜੁਮੇ ਦੀ ਸੰਗਤ ਵਿੱਚ ਗਾਉਂਦੇ ਤੇ ਸੰਗਤ ਨੇ ਆਪਣੇ ਸੰਗ ਇਹ ਤਰਜ਼ਾਂ ਗੁਵਾਂਦੇ। ਸੰਗਤ ਪੜ੍ਹਨ, ਵਿਚਾਰਨ ਅਤੇ ਗਾਵਣ ਮਗਰੋਂ ਲੰਗਰ ਸਾਝਾਂ ਹੁੰਦਾ।ਸਮੀਨਾ ਸਯੇਦ ਦੇ ਜਾਵਣ ਮਗਰੋਂ ਗਾਵਣ ਦੀ ਜ਼ਿੰਮੇਵਾਰੀ ਉਹਨਾਂ ਦੀ ਧੀ ਰਿਸ਼ਮ ਸਯੇਦ ਨੇ ਸਾਂਭੀ ਹੈ। ਸੰਗਤ ਜੇਲ੍ਹ ਰੋਡ ਵਿਚ ਹੋਣ ਤੀਕ ਜਿਹਨਾਂ ਪੰਜਾਬੀ ਸ਼ਾਇਰਾਂ ਨੇ ਪੜ੍ਹਿਆ ਗਾਇਆ

ਉਨ੍ਹਾ ਵਿਚ ਹੀਰ ਵਾਰਿਸ ਸ਼ਾਹ, ਵਾਰਾਂ ਭਾਈ ਗੁਰਦਾਸ, ਨਾਦਿਰ ਸ਼ਾਹ ਦੀ ਵਾਰ, ਹਾਫ਼ਿਜ਼ ਬਰਖੁਰਦਾਰ ਦਾ ਕਿੱਸਾ ਮਿਰਜ਼ਾ ਸਾਹਿਬਾਂ, ਗੁਰੂ ਗ੍ਰੰਥ ਸਾਹਿਬ, ਸ਼ਾਹ ਮੁਹੰਮਦ ਦੀ ਵਾਰ, ਬੁਲ੍ਹੇ ਸ਼ਾਹ ਦੀਆਂ ਕਾਫ਼ੀਆ, ਮੀਆਂ ਮੁਹੰਮਦ ਬਖ਼ਸ਼ ਦੀ ਸੋਹਣੀ ਤੇ ਸੈਫਲ ਮਲੂਕ, ਸਚਲ ਸਰਮਸਤ ਦੀਆਂ ਕਾਫ਼ੀਆਂ, ਹਾਫ਼ਿਜ਼ ਬਰਖੁਰਦਾਰ ਦੀ ਸੱਸੀ, ਮਾਧੋ ਲਾਲ ਹੁਸੈਨ ਦੀਆਂ ਕਾਫ਼ੀਆਂ ਹਾਸ਼ਮ ਸਾਹ ਦਾ ਕਿੱਸਾ, ਸ਼ੀਰੀ ਫਰਹਾਦ, ਖ਼ੁਆਜਾ ਗੁਲਾਮ ਫ਼ਰੀਦ ਦੀਆਂ ਕਾਫ਼ੀਆਂ, ਸੁਲਤਾਨ ਬਾਹੂ ਦੇ ਬੈਂਤ, ਬੇਦਿਲ ਫ਼ਕੀਰ ਦੀਆਂ ਕਾਫ਼ੀਆਂ, ਸ਼ਾਹ ਲੁਤੀਫ ਦਾ ਸੁਰ ਹੀਰ ਰਾਂਝਹੂ, ਨਾਨਕ ਯੂਸਫ਼ ਦੀਆਂ ਕਾਫ਼ੀਆਂ, ਬਾਬਾ ਨਾਨਕ ਦੀ ਬਾਣੀ, ਹੀਰ ਦਮੋਦਰ, ਮੌਲਵੀ ਗੁਲਾਮ ਰਸੂਲ ਆਲਮ ਪੁਰੀ ਦੀਆਂ ਚਿੱਠੀਆਂ, ਬਾਬਾ ਵਜੀਰ ਪੀਰੋ ਪ੍ਰੇਮਨ ਤੇ ਅਲੀ ਹੈਦਰ ਸ਼ਾਮਿਲ ਹਨ। ਵਿਹਾਰੀ ਵੰਡਾਂ ਤੋਂ ਵੱਖ ਹੋ ਕੇ ਏਸ ਸਿਆਣ ਬਾਣੀ ਨੂੰ ਅਜੋਕੇ ਵੇਲੇ ਵਿਚ ਲੋਕ ਵਾਰ ਨਾਲ਼ ਜੋੜ ਕੇ ਪੜ੍ਹਨ ਦਾ ਆਹਰ ਹੈ ਇਹ ਸੰਗਤ। ਲੋਕ ਵਾਰ ਨੂੰ ਲੋਕ ਰੀਤ ਦੇ ਸ਼ਾਇਰਾਂ ਈ ਸਾਂਭ ਵਰਤਾਇਆ ਖ਼ਲਕਤ ਨੂੰ। ਜੀਵਨ ਜਾਚ ਦਿਸਾਈ ਵਿਜੋਗ ਵੀਹਾਰੀਂ ਫਾਤੀ ਖ਼ਲਕਤ ਨੂੰ। ਸੰਗਤ ਪੜ੍ਹਤ ਤੇ ਵਿਚਾਰ ਤੋਂ ਇਹ ਸੁਰਤ ਸਾਰ ਬਣੀ, ਜੋ ਵੇ਼ਲਾ ਜਦੋਕਾ ਮੱਲ ਦੇ ਨਾਵੇਂ ਲੱਗਾ ਏ, ਤਦੋਕਾ ਖਲੋਤਾ ਹੈ। ਏਹਾ ਦਰਸਾਇਆ ਫ਼ਰੀਦ ਆਪਣੇ ਵਾਰੇ ਸੰਗਤੀਆਂ ਨੂੰ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥

(ਪੰਨਾ–੧੩੭੭)

ਧਨ ਮਾਲ ਨਾਲ਼ ਜੁੜੀ ਹੋਂਦ ਮੋਈ ਮੁੱਕੀ ਸਮਝੋ। ਏਹਾ ਸੁਰਤ ਫ਼ਰੀਦ ਤੋਂ ਪੰਧ ਕਰੇਂਦੀ ਬਾਬੇ ਨਾਨਕ ਕੋਲ਼ ਅਪੜੀ। ਓਸ ਵੀ ਏਹਾ ਦਰਸਾਇਆ ਜੋ ਸੱਚ ਹੋਂਦ ਈ ਜਿਉਂਦੀ ਹੈ। ਸੱਚ ਦੇਵਣਹਾਰ ਹੈ, ਵੰਡਣਹਾਰ ਹੈ ਤੇ ਜੁਗ ਵੇ਼ਲਾ ਹੋਇਆ, ਜੋ ਬਣਦਾ ਈ ਦੇਵਣ ਵੰਡਣ ਨਾਲ਼ ਹੈ। ਧਨ ਮਾਲ ਨਾਲ਼ ਜੁੜੀ ਜਿਸ ਬੱਝੀ, ਕੂੜੀ ਹੋਂਦ ਦੀ ਫ਼ਰੀਦ ਦੇ ਦੋਹੜੇ ਨੇ ਦੱਸ ਪਾਈ ਓਹਾ ਕੂੜੀ ਹੋਂਦ ਚਾਲੂ ਵਿਹਾਰ ਲੇਖੇ ਲਗਦੀ ਆਈ ਵਾਰਿਓ ਵਾਰੇ। ਏਹਾ ਸੁਨੇਹਾ ਨਾਨਕ ਦਿੱਤਾ ਆਪਣੇ ਵੇਲੇ ਵਿਚ ਜੋ ਆਪਣੀ ਅਸਲ ਸੱਚ ਹੋਂਦ ਦੀ ਸਿਆਣ ਕੀਤਿਆਂ ਈ ਜੀਵਨ ਕੁਦਰਤ ਲੇਖੇ ਲਗਸੀ। ਸੱਚ ਈ ਹੈ ਤੇ ਸੱਚ ਈ ਰਹਿਸੀ:

ਆਦਿ ਸਚੁ ਜੁਗਾਦਿ ਸਚੁ॥

ਹੈ ਭੀ ਸਚੁ
ਨਾਨਕ ਹੋਸੀ ਭੀ ਸਚੁ ॥ (ਪੰਨਾ– ੧)

ਵੇਲ਼ਾ ਬਾਰ੍ਹਵੀਂ ਸਦੀ ਤੋਂ ਲਾਅ ਪੰਦਰ੍ਹਵੀਂ ਸਦੀ ਤੀਕ ਪੁੱਜਾ ਪਰ ਰੂਲਾ ਨਾ ਬਦਲਿਆ ਜੱਗ ਦਾ। ਅਜੋਕੇ ਵੇਲੇ ਵਿਚ ਏਹਾ ਸੁਨੇਹਾ ਨਜਮ ਹੁਸੈਨ ਨੇ ਦਿੱਤਾ ਆਪਣੇ ਜੋੜੇ, ਜੋੜਾਂ, ਖਿਆਲਾਂ ਤੇ ਪਰਖ ਵਿਚਾਰਾਂ ਰਾਹੀਂ। ਏਹਾ ਜੋੜ, ਖ਼ਿਆਲ ਤੇ ਪਰਖ ਵਿਚਾਰ ਹੱਥਲੀ ਕਿਤਾਬ ਅੰਦਰ ਜੁੜੇ ਹਨ ਸੱਚ ਸੁਨੇਹਾ ਦੇਵਣ ਕੀਤੇ। ਭਾਈ ਗੁਰਦਾਸ ਦੀਆਂ ਲਿਖੀਆਂ ਵਾਰਾਂ ਵਿਚੋਂ ਕੁਝ ਪਉੜੀਆਂ ਬਾਰੇ ਲਿਖੇ ਲੇਖ ਵੀ ਏਸ ਚੋਣ ਵਿਚ ਸ਼ਾਮਿਲ ਹਨ। ਕੁਝ ਜੋੜਾਂ ਵਿਚ ਬਾਬੇ ਨਾਨਕ ਦਾ ਜ਼ਿਕਰ ਉਘੜਵਾਂ ਹੈ ਤੇ ਕੁਝ ਵਿਚ ਐਵੇਂ ਸੈਂਤਰ ਜਿਹੀ। ਕਿਸੇ ਜੋੜ ਅੰਦਰ ਬਾਬੇ ਨਾਨਕ ਦੇ ਕਿਸੇ ਸ਼ਬਦ ਦੀ ਵਰਤੋਂ ਹੈ ਯਾਂ ਕਿਸੇ ਖ਼ਾਸ ਅੱਖਰ ਦੀ ਤਾਂ ਉਹ ਵੀ ਏਸ ਚੋਣ ਵਿਚ ਸ਼ਾਮਿਲ ਹੈ। ਬਾਬੇ ਨਾਨਕ ਦੇ ਪੜ੍ਹਨਹਾਰ ਤੇ ਸਮਝਣਹਾਰ ਇਨ੍ਹਾਂ ਸੈਂਤਰਾਂ ਸਮਝੌਤੀਆਂ ਦੇ ਉਹਲੇ ਹੋਈ ਗੱਲ ਨੂੰ ਸਮਝਦੇ ਹਨ।

ਨਾਨਕ ਦੇ ਪੰਜ ਸੌ ਪੰਝਾਵੇਂ ਵਰ੍ਹੇ ਉਪਰ ਇਹ ਕਿਤਾਬ ‘‘ਨਾਨਕ ਪੰਧੀਂ ਅਜੋਕੇ ਪੈਰ’’ ਨਾਨਕ ਦੀ ਵੇਲ ਸਮਝੋ। ਨਜਮ ਪਾਂਧੀ ਹੈ ਏਸ ਲੋਕ ਰੀਤ ਦਾ। ਅਸਾਂ ਲੋਕ ਰੀਤ ਦੇ ਏਸ ਪਾਂਧੀ ਦੇ ਪੰਧ ਦੀਆਂ ਕੁਝ ਝਾਕੀਆਂ ਜੋੜ ਵਰਤਾਈਆਂ ਹਨ ਏਸ ਕਿਤਾਬ ਅੰਦਰ। ਕੀ ਸਾਂਗਾ ਹੈ ਅਜੋਕੇ ਵੇਲੇ ਦੀ ਸੋਚ ਸਾਰ ਦਾ, ਬਾਬੇ ਨਾਨਕ ਦੀ ਸੋਚ ਸਾਰ ਨਾਲ਼। ਏਸ ਜੋੜ ਰੀਤ ਦੇ ਪੰਧ ਪਿਆਂ ਉਹ ਪਲ ਜੋ ਇਨਕਾਰ ਬਣਿਆ ਤੇ ਅੱਖਰ ਬਣ ਲੱਥਾ ਦਿਲ ਧਰਤ ਉਪਰ ਉਨ੍ਹਾਂ ਵਿਚੋਂ ਈ ਕੁਝ ਸਾਂਝਾ ਕਰਨ ਦਾ ਜਤਨ ਹੈ ਏਸ ਕਿਤਾਬ ਰਾਹੀਂ। ਨਾਨਕ ਸੁਰਤ ਨਜਮ ਸਾਰ ਦੇ ਰੰਗ ਵੇਖੋ।

‘‘ਪੰਧ ਪੁਰਾਣਾ ਹੈ। ਨਵਾਂ ਕਰੇਸਨ ਪੈਰ ਜਿਹੜੇ ਆਪ ਨਵੇਂ ਹੋ ਵੈਸਨ’’

**ਸੋਧਕਾਰ:**
ਆਸਮਾ ਕ਼ਾਦਰੀ

# ਕਿਤਾਬ: ਬਾਰ ਦੀ ਵਾਰ

(1969 ਸ. 66-84)

❖

"ਸਭ ਜਗ ਬੱਗਾ ਥੀ ਜਾਵੇ ਅਸਾਂ ਰਹਿਣਾ ਲਾਖੈ"
ਇਹ ਬੋਲ ਅਸੀਂ ਮੂੰਹ ਵਿੱਚ ਗਾਉਂਦੇ
ਲਾਚਿਆਂ ਚੱਦਰਾਂ ਅੰਦਰ ਆਪਣੀ ਟੋਰ ਲੁਕਾਉਂਦੇ
ਮੈਂ ਤੇ ਲਾਟੂ ਪਿੰਡ ਵਿਚ ਵੜ ਗਏ
ਢੋਲਿਆਂ[1] ਵਾਲੇ ਕਈਂ ਟੱਕਰੇ
ਪਰ ਜਿਹਦੇ ਵੀ ਅੱਗੇ ਲਾਖੀ ਦਾ ਅਸੀਂ ਨਾਂ ਲਿਆ ਸਾਡੇ ਮੂੰਹ ਵੱਲ ਵੇਖਣ ਲੱਗ ਪਿਆ
ਜਿਵੇਂ ਕੈਮਿਸਟ ਕੋਲੋਂ ਕੁਸ਼ਤਾ ਪੁੱਛ ਲਿਆ ਹੋਵੇ
ਇੱਕ ਨੇ ਸਾਨੂੰ ਏਨਾ ਦੱਸਿਆ
ਪਈ ਪਿੰਡੋਂ ਅੱਧ ਕੋਹ ਬਾਹਰ ਖੂਹ ਤੇ ਹੁੰਦਾ ਏ
ਪਰ ਰਾਹੇ ਪਾ ਕੇ ਆਖਣ ਲੱਗਾ "ਬਾਬੇ ਕੋਲ਼ ਕੀ ਲੈਣਾ ਜੇ ਹੁਣ ਜਾ ਕੇ
ਨਾ ਹੁਣ ਉਹਦਾ ਵਾਜ ਨਾ ਸੁਰ
ਆਪੋ ਆਪਣਾ ਵੇ਼ਲਾ ਹੁੰਦਾ ਏ। ਬੋਲ ਬੇ ਸੁਰ ਤੇ ਅਵਾਜੋਲ
ਹੈ ਉਂਝ ਕਰਨੀ ਵਾਲਾ ਬੁਢੜਾ ਠਰਕੀ
ਇਹਦੀ ਸੇਵਾ ਕਰਿਆਂ ਆਂਹਦੇ ਨੇਂ ਬੱਚੀ ਬੱਚਾ ਹੋ ਵੈਂਦਾ ਏ
ਜੀਭ ਦਾ ਕੌੜਾ ਏ ਜ਼ਰਾ ਖ਼ਿਆਲ ਨਾਲ਼ ਜਾਇਓ
ਢੀਮ ਸ਼ੀਮ ਵੀ ਕਢ ਮਾਰਦਾ ਏ ਬਾਅਜ਼ੇ ਵੇਲੇ"

"ਬਹਿ ਜਾ ਝੋਟੀਏ
ਕੁਝ ਨਹੀਂ ਆਂਹਦੇ ਤੈਨੂੰ
ਪਤਾ ਈ ਕੌਣ ਨੇਂ ਲੰਮਿਆਂ ਕੰਨਾਂ ਵਾਲੇ
ਸੂਰਜਮੁਖੀ ਨਾ ਚੰਦ ਮੁਖੀ
ਨਾ ਖੋਤੇ ਨਾ ਘੋੜੇ"
ਸਾਨੂੰ ਵੇਖ ਕੇ ਟੁਰੀ ਜ਼ਨਾਨੀ ਮੁੜ ਕੇ ਝਾੜੂ ਫੇਰਣ ਲਗ ਪਈ
ਉਹ ਭੁੰਜੇ ਲੱਕ ਦੀ ਟੰਗੀ ਬੈਠਾ ਮੁੜ ਲੱਜ ਵੱਟਣ ਲਗ ਪਿਆ
ਬਗਿਆਂ ਵਾਲਾਂ ਹੇਠੋਂ ਕਾਲ਼ਾ ਕਰੜਾ ਜੁੱਸਾ
ਦੁਧ ਭਰਵਟਿਆਂ ਹੇਠੋਂ ਚੜ੍ਹੀਆਂ ਚੜ੍ਹੀਆਂ ਅੱਖਾਂ

ਮੈਂ ਅੱਗੇ ਹੋ ਕੇ ਬਹਿ ਗਿਆ
"ਬੜੀ ਮੁਸ਼ਕਿਲ ਨਾਲ਼ ਤੁਹਾਡਾ ਡੇਰਾ ਲਭਾ ਏ
ਅਸੀਂ ਲਾਹੌਰੋਂ ਆਏ ਆਂ
ਢੋਲੇ ਕੱਠੇ ਪਏ ਕਰਨੇ ਆਂ
ਤੁਹਾਡਾ ਨਾਂ ਬਜ਼ੁਰਗਾਂ ਕੋਲੋਂ ਸੁਣਿਆ ਏ"
"ਸੂਰਜਮੁਖੀ ਨਾ ਚੰਦ ਮੁਖੀ
ਢੋਲੇ ਕੱਠੇ ਕਰਦੇ ਫਿਰਦੇ ਓ
ਕੋਠੇ ਸੁਕਣੇ ਪਾ ਸਿਆਲੀਂ ਖਾਇਓ ਬੋਝੇ ਭਰ ਕੇ
ਅੱਖਾਂ ਹੇਠ ਅਖ਼ਬਾਰਾਂ ਧਰ ਕੇ
ਲਾਹੌਰ ਸ਼ਹਿਰ ਤੁਸਾਂ ਆਪ ਉਗਾਉਂਦੇ ਕੁਝ ਨਹੀਂ
ਗਿਲੀ ਰਸਦ ਸੁਕਾਉਂਦੇ ਓ
ਮਾਂਦਰਿਆਂ ਦਾ ਕਰ ਕੇ ਦੇਸ ਮੈਂਡੇ ਕੱਲਰ ਦੇ ਸੱਪ ਘਤ ਪਟਾਰਨੇ
ਮਾਲ ਰੋਡ ਤੇ ਬਹਿ ਕੇ ਬੀਨ ਵਜਾਸੋ
ਜਿਹਨੂੰ ਲੜਿਆ ਨਹੀਂ ਉਹਨੇ ਸੱਪ ਨਹੀਂ ਡਿਠਾ
ਵੇਖਣ ਵਾਲੇ ਅੰਨ੍ਹੇ
ਵੇਖੀ ਆਓ ਬਸ ਵੇਖੀ ਆਓ
ਅੱਖਾਂ ਪੇਂਜੇ ਵਲ ਵਲ ਪਿੰਜਣ
ਤਣ ਰਹੇ ਤੁਲਾਈਆਂ ਹੰਡੀਆਂ
ਕਲਰ[2] ਦਿਆਂ ਵਣਜਾਰਿਆਂ ਝੂੰਗੇ ਮੁਸ਼ਕ ਮੰਗੇ"
ਲਾਟੂ ਆਪਣਾ ਟੇਪ ਰਿਕਾਡਰ ਖੋਲ੍ਹ ਕੇ ਝਟ ਪਟ ਅੱਗੇ ਹੋਇਆ
ਲਾਖੀ ਚੜ੍ਹੀਆਂ ਅੱਖਾਂ ਅੰਦਰੋਂ ਹੱਸਿਆ
ਜਿਵੇਂ ਨਿੱਕਿਆਂ ਹੁੰਦਿਆਂ ਕਿਸੇ ਪ੍ਰਾਹੁਣੇ ਅੱਗੇ
ਮਿੱਠੇ ਦੀ ਥਾਂ ਲੂਣ ਘੋਲ਼ ਕੇ ਧਰਦਿਆਂ ਹੱਸੀਦਾ ਸੀ
ਉਸੇ ਹੇਕ ਨਾਲ਼ ਬੋਲਿਆ
"ਦਫ਼ਤਰ ਖੁਲ੍ਹੇ – ਦਫ਼ਤਰ ਖੁਲ੍ਹੇ
ਖੁਲ੍ਹੇ ਵਿਚ ਕਰਖ਼ਾਨਾ
ਨੌਂ ਮਣ ਰੋਜ਼ ਦੀ ਕੇਰੀ ਹੋ
ਕੇਰੀ ਦੇ ਵਿਚ ਬੂਟਾ ਲਗੇ
ਜਾਂ ਪਿਪਲ ਜਾਂ ਬੇਰੀ ਹੋ
ਪਿਪਲ ਹੇਠ ਬਿਪਾਰੀ ਆਵਣ
ਬੇਰੀ ਹੇਠ ਪੁਜਾਰੀ
(ਜਿਵੇਂ ਆਡਰ ਹੋਵੇ)

ਭਾਵੇਂ ਕੋਈ ਨਾ ਆਵੇ ਜਾਵੇ
ਕੰਮ ਨਹੀਂ ਰੁਕੇ ਸਰਕਾਰੀ
(ਜਿਸ ਦਮ ਆਡਰ ਹੋਵੇ)
ਸਾਵਿਆਂ ਸਾਵਿਆਂ ਰੁੱਖਾਂ ਵਿਚ ਨੇਂ ਭੁਸੇ ਭੁਸੇ ਖਪੇ
ਗਿੱਡ ਨਹੀਂ ਜਾਂਦੀ ਸੁਰਮ ਸਲਾਈਆਂ
ਪਿੰਸਲ ਨਾਲ਼ ਨਹੀਂ ਹਟਦੇ ਝਪੇ
ਸਿਰ ਸਿਕਰੀ ਦਾ ਦਾਰੂ ਕੋਈ ਨਹੀਂ
ਮਿਸਲ ਨੂੰ ਲਗੇ ਪੰਜੇ
ਕੁਰਸੀਆਂ ਉਪਰ ਅਫ਼ਸਰ ਬੈਠੇ
ਵਿਚੋਂ ਵਿਚੋਂ ਗੰਜੇ
ਬਦਲ ਦਾ ਇਤਬਾਰ ਨਹੀਂ ਅੱਜ ਕਲ੍ਹ
ਅੰਦਰ ਡਾਹ ਲਓ ਮੰਜੇ”
ਟੇਪ ਰਿਕਾਡਰ ਚਲਦਾ ਰਹਿ ਗਿਆ
“ਛਡ ਛਡ ਝਾੜੂ ਵਡੀਏ ਚੂੜ੍ਹੀਏ ਲਾਖੀ ਦੇ ਦਰਬਾਰ ਦੀਏ
ਝਾੜੂ ਨਾਲ਼ ਵੀ ਰੋਗ ਅੰਦਰ ਦੇ ਝੜਦੇ ਨੇਂ ਕੋਈ
ਐਵੇਂ ਨਾ ਪਈ ਇਧਰ ਦੀ ਖੇਹ ਉਧਰ ਪਾ”
ਫੇਰ ਦਸ ਹਾਂ ਤੂਹਿਓਂ ਦਾਰੂ ਲਾਖੀ
ਓਸ ਜ਼ਨਾਨੀ ਝਾੜੂ ਛਡ ਕਰ ਮੰਡਲ ਚਾਇਆ ਤੇ ਦੇਣ ਤਰੌਂਕਾ ਲਗੀ
ਆਪੇ ਝਾੜ ਲੋਈ ਦੀਆਂ ਜੂਆਂ
ਆਪਣੀ ਲੋਈ ਝਾੜਨ ਲਈ ਕੀ ਲੋੜੇਂ ਪੁੱਤਰ ਬਗਾਨੇ
ਅੰਦਰ[3] ਬੂਟੀ ਨਾ ਫੁਲੇ ਤੇ ਪੁਤ ਜਮਾਵਣ ਕਿਸ ਕਾਰੀ
ਜਾ ਖਟੜੇ ਭਾਲ਼ ਕਾਈ ਮਾਲ ਝੂਲਣਾ
ਤੇ ਛਡ ਖਸੀਆਂ ਦੀ ਖੁਰਲੀ
ਕੀ ਜੂਠੀਆਂ ਗਿਟਕਾਂ ਨਪ ਨਪ ਢਿਡ ਤਰਕਾਉਨੀ ਏਂ ਪਈ
ਉਹ ਕਿਹੜਾ ਏ ਨੌ ਸ਼ੋਹ[4] ਸਾਹਨ ਮਹਿਰੀਏ
ਜਿਹੜਾ ਨਜ਼ਰੀਂ ਛਟਾ ਮਾਰ ਕੇ ਸੁਕੀਆਂ ਕਰ ਜਾਏ ਹਰੀਆਂ
ਮੇਰੇ ਕੋਲ਼ ਤੇ ਦਾਰੂ ਕੋਈ ਨਹੀਂ
ਹੈ ਕਿਸੇ ਕੋਲ਼ ਦਾਰੂ
ਕਿਉਂ ਓਏ ਲੰਮਿਆਂ ਕੰਨਾਂ ਵਾਲਿਓ !
ਬੋਲੋ ਹੈ ਕਿਸੇ ਕੋਲ਼ ਦਾਰੂ ਬਿਲ ਬਤੋੜਿਓ
ਮੈਂ ਲਾਟੂ ਨੂੰ ਅਰਕ ਮਾਰ ਕੇ ਆਖਿਆ
ਚਲੀਏ ਯਾਰ ਹੁਣ ਔਖਾ ਨਾ ਐਵੇਂ ਹੋ ਜਾਏ ਕਿਧਰੇ

ਮਾਈਕ ਨੂੰ ਹੱਥੋਂ ਸੁਟ ਕੇ ਲਾਟੂ ਆਖਣ ਲਗਾ
ਮੈਨੂੰ ਗੱਲ ਕਰਨ ਦੇ
" ਲੈ ਲਾਖੀ ਮੇਰੇ ਕੰਨ ਕਪ ਕੇ ਨਿੱਕੇ ਕਰ ਦੇ
ਲਾਟੂ ਵਲ ਉਹਨੇ ਘੂਰੀ ਵੱਟੀ
ਚੜ੍ਹੀਆਂ ਅੱਖਾਂ ਹੋਰ ਚੜ੍ਹ ਗਈਆਂ "
ਮੁੜ ਆਇਆ ਏਂ ਤੂੰ ਕੰਨ ਪੜਵਾਣਿਆ!
ਤੈਨੂੰ ਰੰਗਪੁਰੀਆਂ[5] ਸਤਰੰਗਿਆ ਨਹੀਂ
ਮੈਥੋਂ ਕੀ ਹੁਣ ਮੰਗਣ ਆਇਆ ਏਂ
ਜੇ ਸਗਵਾਂ ਏਂ ਤੇ ਘਤ ਸਾਹ ਲੂਹਣਾ
ਫੂਕਦੇ ਕੂੜ ਉਸਾਰੇ
ਖੇੜਿਆਂ ਚੰਦ ਮੁਖੀਆਂ ਦੇ ਵਿਹੜੇ ਕਿਉਂ ਵੜ ਸੁਤਾ ਏਂ
ਮੈਂ ਆਪਣਾ ਝਾਕਾ ਲਾਹੁਣ ਲਈ ਪੁਛਿਆ
"ਇਹ ਚੰਦ ਮੁਖੀਏ ਤੇ ਸੂਰਜ ਮੁਖੀਏ ਕੌਣ ਨੇਂ ਬਾਬਾ"
"ਵਾਹ ਪਟਵਾਰੀਆ! ਭੁਲ ਗਿਆ ਏਂ ਨਾਂ ਜਜਮਾਨਾਂ ਦੇ
ਚੰਦ ਮੁਖੀ
ਖੁੰਬਾਂ ਗਿਰਝਾਂ ਪਦ ਬੀਹੜੇ ਸਿਉਂਕ ਸੰਘਾੜੇ
ਅੰਦਰ ਖੋਲੇ ਕਲਰ ਚਿੱਟੇ ਬਾਹਰ ਕਨਾਰੀ ਕਾਲ਼ੀ
ਫੁਲਣ ਭੁਲੀਆਂ ਸੁਤੀਆਂ ਖਿਲਰਨ
ਠੰਡ ਉਛਾੜ ਤੇ ਨੀਂਦਰ ਆਬ ਹਯਾਤੀ
ਸੂਰਜਮੁਖੀ ਜਿਹਦੇ ਅੰਦਰ ਸੂਰਜ, ਜਿਹੜਾ ਜੀਵੇ ਤਾਂ ਜੇ ਜਾਗੇ
ਰੰਗ ਕਾਲ਼ਾ ਮੈਂਡੇ ਸੂਰਜ ਮਾਹੀ ਦਾ
ਕੁੰਨ ਦਾ[6] ਦਾਜ ਕਥੂਰੀ[7]
ਰੰਗ ਮਚੇ ਮੈਂਡੇ ਮਾਹੀ ਵਾਲਾ
ਕਟ[8] ਖਉਰੇ ਡਬ ਮਾਰੇ
ਕਾਲ਼ਖ ਮੈਂਡੇ ਸੂਰਜ ਸੀਨੇ
ਅਤੇ ਮਥੜਾ ਲੋਅ ਅਲੰਬੇ
ਆਪੇ ਸਾੜ ਸਫ਼ਾਈਆਂ ਕਰਦਾ
ਆਪ ਕਰੇ ਰੁਸ਼ਨਾਈਆਂ
ਕਹੋ ਲਾਖੀ ਅਸਾਂ ਰਹਿਣਾ ਲਾਖੇ
ਸਭ ਜਗ ਬਗਾ ਥੀ ਜਾਵੇ ਅਸਾਂ ਰਹਿਣਾ ਲਾਖੇ"
ਲਾਟੂ ਉਠ ਖਲੋਤਾ
ਉਹਦੇ ਮਥੇ ਤ੍ਰੇਲੀ ਆ ਗਈ

ਲਾਖੀ ਉਠ ਕੇ ਉਹਦੇ ਮੋਢੇ ਹੱਥ ਧਰਿਆ ਤੇ ਦੋਵੇਂ ਟੁਰ ਪਏ

ਸਾਡੀ ਚੜ੍ਹੀ ਜਵਾਨੀ ਤੇ ਨਾਲੇ ਚੜ੍ਹੀਆਂ ਨਹਿਰਾਂ
ਪਏ ਕਚਹਿਰੀਆਂ ਠਾਣੇ
ਨਹਿਰੀਂ ਬਾਰ ਨਿਹਾਲੜੀ ਉਨ੍ਹਾਂ ਚਿੱਟੇ ਟੋਪੇ ਲਾਅ
ਪਰ ਨਹੀਂ ਮੰਨੀ ਮੈਂ ਗੋਰੇ ਦੀ ਅਸਵਾਰੀ ਦੁਲਿਆ[9] ਨਹੀਂ ਮੰਨੀ
ਸ਼ਾਹੂਕਾਰ ਕਰਾੜ ਨਪੀੜੇ
ਲੂਹੀਆਂ ਛਾਵਣੀਆਂ ਖਖਰਾਂ-ਭੰਨੀਆਂ ਜੇਲ੍ਹਾਂ
ਚੱਕਾਂ ਜਗੀਰਾਂ ਵਾਲਿਆਂ ਤੋਂ ਮੈਂ ਖਸੀਆਂ ਬੂਰੀਆਂ
ਪਰ ਸਾਡੇ ਹੱਡ ਖੋਰ ਖੋਰ ਕੇ ਕਲਰ ਲਾਈਆਂ ਬੁਤੀਆਂ
ਮੰਗੀ ਭੋਂ ਦੀ ਮਾਲਕੀ ਅਸਾਂ ਗ਼ਲ ਵਿਚ ਪੱਲੇ ਪਾ
ਮਾਇਆ ਲਾਈ ਸ਼ਿਮਲਿਆਂ ਅਸਾਂ ਦਫ਼ਤਰ ਨਾਉਂ ਲਖਾ
ਉਬਲਿਆ ਰੋਹ ਬਾਰ ਦਾ
ਉਬਲਿਆ ਰੋਹ
ਸੁਣੀਆਂ ਓਝੜ ਵਿਚ ਵੰਗਾਰਾਂ ਅਗਮ ਦੀਆਂ
ਬੰਨ੍ਹੇ ਮੰਡਾਸੇ ਸਿਰੜ ਦੇ ਅਸਾਂ ਨੈਣੀਂ ਨੀਰ ਵਲਾ
ਘਤ ਕਾਠੀ
ਘਤ ਕਾਠੀ ਮੈਂਡਾ ਰਾਠ ਝਲਾਂ ਵਿਚ ਢੋਲ ਬੋਲੇਂਦੇ
ਪਰ ਚੂੰਢੀ ਧਫਾ ਕੌਣ ਦੇਵੇ
ਬਈ ਕੌਣ
ਵੇਖੋ ਵੇਖੋ ਬਈ ਚੜ੍ਹੀ ਜੰਜ ਗੋਰਿਆਂ ਦੀ
ਉਤੋਂ ਸੂਟ ਮੁਰਬਿਆਂ ਦੀ ਹੋਈ ਤੇ ਚੜ੍ਹੀ ਜੰਜ ਗੋਰਿਆਂ ਦੀ
ਲੁੱਟੋ ਕੌਡੀਆਂ ਭਨਾ ਲਓ ਗੋਡੇ ਤੇ ਚੜ੍ਹੀ ਜੰਜ ਗੋਰਿਆਂ ਦੀ
ਚੂੰਢੀ ਧਫਾ ਕੌਣ ਦੇਵੇ ਬਈ ਕੌਣ
ਦਾਈ ਨਾਲ਼ ਜੁੜੇ ਵਣਜ ਸਾਰੇ
ਇਕ ਜੰਮੇ ਇਕ ਜੰਮਣਹਾਰੇ
ਨਾੜੂ ਕਪੇ ਕੌਣ
ਬਈ ਹੁਣ ਕੌਣ"
ਲਾਖੀ ਚੁਪ ਜਿਹਾ ਕਰ ਗਿਆ। ਜਿਵੇਂ ਹਥਲ ਹੋ ਗਿਆ ਹੋਵੇ
ਅਸੀਂ ਖੂਹੋਂ ਦੁਰਾਡੇ ਆ ਗਏ
ਮੈਂ ਆਖਿਆ ਬਾਬਾ ਫੇਰ
ਉਹ ਨਾ ਬੋਲਿਆ

ਫੇਰ ਆਪੇ ਈ ਆਖਣ ਲਗਾ
"ਤੈਨੂੰ ਡਰ ਲਗਦਾ ਏ
ਪਰ ਬੋਲ ਤਵੇ ਨਹੀਂ ਦਿਲ ਸੂਈ ਨਹੀਂ
ਦਿਲ ਪਥਰ, ਮੈਂਡਾ ਦਿਲ ਪਥਰ
ਉਪਰ ਲਥੇ ਝਾਲ ਰਾਤ ਦੀ
ਬੋਲ ਧਮਾਲ ਉਜਾੜੀ"
ਦਿਨ ਡੁਬਣ ਤੇ ਆ ਗਿਆ ਪਰ ਲਾਖੀ ਲਾਟੂ ਟੁਰਦੇ ਗਏ
"ਇਹ ਤਨ ਮੈਂਡਾ ਬਾਰ ਹੈ
ਵਿਚ ਹਰਣ ਗਵਾਚੇ ਕਜਲੀਆਂ ਅਖੀਆਂ
ਰਤੀਆਂ ਅਖੀਆਂ ਸੇਹੇ ਗਵਾਚੇ
ਵਿਚ ਜੰਡ ਗਵਾਚੇ ਝਾਟਲੇ ਵਣ ਲਹਰੀਏ
ਵਿਚ ਪਗਾਟ ਫਟ ਮੇਲਣੇ
ਡੇਲੇ ਸੂਹੇ ਸਾਵੇ
ਪੀਲੂੰ ਪਕੀਆਂ ਤੇ ਇਹ ਜਿਹੀਆਂ ਪਕੀਆਂ,
ਵਿਚ ਗਵਾਚੀਆਂ ਕਾਲੀਆਂ ਬੂਰੀਆਂ ਛਾਵਾਂ ਨੈਣ ਜਿਹਨਾਂ ਦੇ
ਪੀਲੂੰ ਪੱਕੀਆਂ ਤੇ ਇਹ ਜਿਹੀਆਂ[10] ਪਕੀਆਂ"
ਵਿਚ ਗਵਾਚੇ[11] ਅਥਰੇ ਨੀਲੇ ਬਿਜਲ ਸੁੰਬ ਤ੍ਰੇੜਾਂ
ਇਹ ਤਨ ਮੈਂਡਾ ਬਾਰ ਹੈ
ਵਿਚ ਤੋਤੇ[12] ਬੋਲਣ ਛੱਡ ਗਏ ਵਿਚ ਮੋਈਆਂ ਮੈਨਾਂ
ਵਿਚ ਢੇਰ ਸੁਕੰਜ ਖ਼ਜ਼ਾਨਿਆਂ
ਵਿਚ ਮੋਈਆਂ ਅੱਖਾਂ ਠੁੰਗਣ ਕਾਗ ਖਲੋਤੇ ਹਾਜ਼ਰ
ਵਿਚ ਨਾਗ ਦਿਹਾੜੀਦਾਰ ਸਲੂਟੀਂ ਲੇਟੇ
ਵਿਚ ਚੂਹੇ ਲਾਕੜੀ
ਜਿਤੀਆਂ ਗਾਟੀਆਂ ਫੇਰ ਕੇ ਹਾਰੀਆਂ ਕਰਨ ਅਗੇਰੇ
ਇਹ ਤਨ ਮੈਂਡਾ ਬਾਰ ਹੈ
ਚਾਰੇ ਗੁਠਾਂ ਖਿੜੀ ਸਫ਼ੈਦੀ
ਵਿਚ ਝੋਕ ਸਜਣ ਦੀ ਝੋਲਾ
ਇਹ ਤਨ ਮੈਂਡਾ ਬਾਰ ਹੈ
ਵਿਚ ਨਹਿਰਾਂ ਮੇਜ਼ਾਂ ਲਾਈਆਂ ਕਲਰ ਖੰਡ ਖੀਰ
ਕਲਰ ਭਰ ਭਰ ਸੀਨਿਆਂ ਸਗਣ ਸਜਾਏ
ਭਰ ਭਰ ਲਾਵਣ ਪਿਆਲੇ ਜੰਜ ਵਰਤਾਏ
ਲਾਲੋ ਲਾਲ਼ ਬਾਰ ਦਾ ਪਿੰਡਾ

ਨੀਲੇ ਇਹਦੇ ਪੈਰ
ਪਿੰਡੋ ਪਿੰਡ ਬਾਰ ਦੀਆਂ ਦੱਸਾਂ ਚਰਚੇ ਸ਼ਹਿਰੋ ਸ਼ਹਿਰ
ਕੋਈ ਬਾਰ ਦੀ ਜ਼ਾਤ ਨਾ ਜਾਣੇ
ਨਾ ਕੋਈ ਸ਼ਕਲ ਪਛਾਣੇ
ਕੋਠਿਆਂ ਉਤੇ ਚਾੜ੍ਹੋ ਕੋਠੇ ਭਰ ਲਓ ਅੰਦਰ ਦਾਣੇ
ਪਹਿਲੀ ਵਾਰ ਤਾਂ ਜੰਮੇ ਕਮਲੇ ਮਰ ਕੇ ਹੋਏ ਸਿਆਣੇ
ਇਹ ਤਨ ਮੈਂਡਾ ਬਾਰ ਹੈ
ਜਿਹਨੂੰ ਨਹਿਰਾਂ ਤੇਲ ਨਿਹਾਲਿਆ।
ਕੰਘੀ ਫੇਰ ਵਿਖਾਏ ਸ਼ੀਸ਼ੜੇ
ਜਿਹਨੂੰ ਨਹਿਰਾਂ ਕਚ ਪਵਾ ਕੇ ਚੰਮ ਲਿਸ਼ਕਾ ਕੇ
ਪਿਛਲੇ ਬੂਹਿਓਂ ਨਾਲ਼ ਬਿਪਾਰੀਆਂ ਟੋਰਿਆ
ਇਹ ਤਨ ਮੈਂਡਾ ਬਾਰ ਹੈ
ਕਲਰ ਖਰੀਂਡਾਂ ਵਿਚੋਂ ਸਿੰਮਦਾ ਨੀਲਾ ਪਾਣੀ
ਕਲਰ ਡੰਗ ਜਿਹੜੇ ਆਪੀਂ ਕੀਲੇ
ਘਟੇ ਮਧੋਲੇ ਦਿਲ ਫਨੀਯਰ ਜਿਹਨਾਂ ਭੇਤ ਸੰਭਾਲੇ
ਕਲਰ ਕਾਵੜ ਧਰਤ ਦੀ
ਕਲਰ ਚੁਪ ਸਰੀਰ ਦੀ
ਕਲਰ ਅੰਦਰਾਂ ਵਿੱਸ
ਕਲਰ ਲਾਰਾ ਆਪ ਨੂੰ
ਕਲਰ ਕੌਲ ਜ਼ਬਾਨ ਦੇ ਜਿਹੜੇ ਗਏ ਜ਼ਮੀਨੀਂ ਖੁੰਜ
ਕਲਰ ਰਤ ਮਰਦੌਂ ਦੀ
ਤਰੱਕੀ ਖਲੜ ਹੇਠ
ਕਲਰ ਸੋਚ ਸੁਕੰਜ
ਉੱਧੜ ਉੱਧੜ ਢੇਰ”
ਅਸੀਂ ਖੂਹੋਂ ਦੁਰਾਡੇ ਆ ਗਏ
ਮੈਂ ਆਖਿਆ “ਲਾਟੋਂ ਸ਼ਾਮਾਂ ਪੈ ਗਈਆਂ ਨੇ”
“ਰੋਜ਼ ਈ ਪੈਂਦੀਆਂ ਨੇ”
“ਇਕ ਦੋ ਕੰਮ ਵੀ ਯਾਦ ਆ ਗਏ ਨੇ”
“ਉਹੋ ਸਾਡੇ ਰੋਜ਼ ਦੇ ਜ਼ਾਮਨ”
“ਫੇਰ ਸਵੇਰੇ ਉਠਣਾ ਵੀ ਏ”
ਲਾਖੀ ਬੋਲਿਆ “ਵੇਖੋ ਵੇਖੋ ਬਾਬਾ ਤੇ ਮਰਦਾਨਾ ਲੜਦੇ
ਇਹ ਜੰਗਲ਼ ਸ਼ੋਰ ਸਮੁੰਦਰ ਸਾਈਆਂ ਡੁਬੇ ਧਰਤ ਅਗਾਸ

ਨਹੀਂ ਡੁਬਦਾ ਤੂੰ
ਜੋ ਚਾਇਆ ਈ ਸੋਇਓ ਸਟ[13] ਦੇ
ਛਡ ਦਿਲੇ ਦੀ ਮੀਟੀ ਮੁਠ ਮਰਦਾਨਿਆ!
ਕਹੋ ਸੂਰਜ ਸ਼ੌਹ ਸਮੁੰਦਰ ਵੀ ਮੈਂ
ਮੈਂ ਵਿਚ ਟਾਪੂ ਰਾਤ
ਘਰ ਕਿਹੜਾ
ਨਾ ਰਬ ਦਾੜ੍ਹੀ ਨਾ ਰਬ ਵਾੜੀ
ਰਬ ਗਿੜੇ ਲਹੂ ਦੀ ਤਸਬੀਹ ਬਾਰੀਂ ਨਿਸਰਦਾ
ਨਾ ਰਬ ਠੇਕੇ ਨਾ ਰਬ ਲੇਖੇ
ਮੌਜ ਲੋਰ ਰਬ ਝੂਲੇ ਜਫੀ ਬਾਰ ਦੀ
ਨਹੀਂ ਡੁਬਦਾ ਤੂੰ
ਜੋ ਚਾਇਆ ਈ ਸੋਈਓ ਸਟਦੇ
ਕਹੋ ਜਿਧਰ ਨਹੀਂ ਘਰ ਰਬ ਦਾ ਓਧਰ ਕਰ ਦਿਓ ਲੱਤਾਂ ਮੇਰੀਆਂ
ਸਾਂਝ ਬਿਨਾਂ ਸਭ ਵਾਂਝ ਮੀਆਂ ਮਰਦਾਨਿਆ!
ਆਦਮ ਜ਼ਾਦ ਤੇ ਪਸ਼ੂ ਪਖੇਰੂ
ਰੁਖ ਕਖ ਤੇ ਰੋੜ ਗਾਰ ਦੀ ਸਾਂਝ
ਫ਼ਸਲ ਨਸਲ ਤੇ ਕੰਮ ਕਾਰ ਦੀ ਸਾਂਝ
ਹੁਣ ਸੀਨੇ ਸਿਕਣ ਗਲਵਕੜੀ ਨੂੰ
ਰੋਈਏ ਰੁਖਾਂ ਨੂੰ ਘਤ ਕਲਾਵੇ
ਕਦੇ ਢੂੰਡੀਏ ਯਾਰ ਗਵਾਚੇ ਜਿਹੜੇ ਨਾ ਜੰਮੇ ਨਾ ਹੋਏ
ਮੇਰ ਤੇਰ ਸਾਨੂੰ ਇਕਲ ਵਾਂਝੇ ਘੇਰਾ
ਆਪਣੇ ਘਰ ਵਿਚ ਆਪੇ ਚੋਰ ਤੇ ਆਪਣੀ ਸੇਜ ਤੇ ਆਪੇ ਹੋਰ
ਮੁਢ ਦੀਆਂ ਕੰਡਾਂ ਨੰਗੀਆਂ ਆਪਣੇ ਆਪ ਸ਼ਰੀਕ
ਭਾਜੀਆਂ ਡੂਨੇ ਜ਼ਹਿਰ ਦੇ, ਸਗਨ ਨਿਊਂਦਰੇ ਟੂਣੇ
ਆਪੋ ਆਪਣੀ ਘਿਨ ਬੁਰਕੀ ਅਸਾਂ ਖੋਲਿਆਂ ਅੰਦਰ ਵੜ ਗਏ
ਖੋਲਿਆਂ ਵਿਚ ਪਰਛਾਵੇਂ ਬਣ ਗਏ ਮੁੜ ਕੇ ਬਾਹਰ ਨਾ ਆਏ
"ਸਾਂਝ ਬਿਨਾ ਸਭ ਵਾਂਝ ਮੀਆਂ ਮਰਦਾਨਿਆ!
ਮੇਰੀ ਤੇਰੀ, ਕੁਲ ਖ਼ਲਕਤ ਦੀ
ਜੀਵਨ ਮਰਣ ਦੀ
ਮਰ ਕੇ ਵਤ ਜੀਵਣ ਦੀ ਸਾਂਝ"
ਲਾਖੀ ਮੁੜ ਲਾਟੂ ਦੇ ਮੋਢੇ ਹੱਥ ਧਰਿਆ
"ਸੌਂ ਗਿਆ ਏਂ ਚੂਰੀ ਖਾਣਿਆ!

ਉਹ ਦੇਂਹ ਚੜ੍ਹਿਆ
ਨਹਾਤੇ ਖੇੜੇ ਖੁੰਬ ਤੁਖ਼ਮੇ
ਸਿਰੜ ਸੁਆਹ ਹੈ
ਮਨ ਕੁਝ ਨਹੀਂ ਮਨ ਕੌਲ ਏ ਕਾਲ਼ਾ
ਤਨ ਕੁਝ ਨਹੀਂ ਤਨ ਲੋ ਕਾਲ਼ੇ ਦੀ
ਨਹੀਂ ਸੂਰਜਮੁਖੀ ਤੇ ਦੇਂਹ ਕੁਝ ਨਹੀਂ
ਘਤ ਸਿਰੜ ਸੁਆਹ
ਅਸੀਂ ਮੁੜ ਕੇ ਖੂਹ ਤੇ ਆਣ ਅਪੜੇ
ਝਾੜੂ ਵਾਲੀ ਜ਼ਨਾਨੀ ਦੀ ਥਾਂ ਹੋਰ ਇਕ ਬੈਠੀ
ਗਿਲੀ ਮਿੱਟੀ ਪੈਰ ਤੇ ਥਪ ਕੇ ਖੂਹ ਬਣਾਵੇਂ ਪਈ
ਕੁੜੀਆਂ ਵਾਲੇ ਨੈਣ ਨਕਸ਼ ਪਰ ਕੋਲੋਂ ਖਲੜੀ ਰੇਤਾ
ਜਿਵੇਂ ਟਹਿਣੀ ਉਤੇ ਕਚੀ ਸੁਕੀ ਪੈਲ ਪਕਾਈ
ਸਾਨੂੰ ਵੇਖ ਕੇ ਆਖਣ ਲਗੀ
"ਸਾਡੇ ਜੋਗੀ ਤੇਰੇ ਕੋਲ਼ ਕਦੇ ਵਿਹਲ ਨਾ ਹੋਈ
ਇਹ ਨਵੇਂ ਸਾਕ ਅਜ ਕਿਧਰੋਂ ਢੁਕ ਪਏ"
ਲਾਖੀ ਬੋਲਿਆ
ਅੱਜ ਲੂਣਾਂ[14] ਹਸ ਨਾਲ਼ ਅਸਾਡੇ ਨਿਤ ਕਵਾਰੀਏ ਮਾਏ
ਸਾਡੇ ਬੱਗੇ ਵਾਲ਼ ਬਦਨ ਦੀ ਲੋਈਂ
ਤੈਂਡੇ ਪੁਤਰ ਬਗਾਨੇ ਆਏ
ਲੂਣਾਂ ਅੱਜ ਸਿਰ ਸੂਰਜ ਆਇਆ
ਜੋੜੇ ਲਾਹ ਸਲ਼ਵਾਣੇ ਸਿਲ੍ਹੇ
ਤਨ ਸਾਡੇ ਅੱਜ ਭਖਣ ਨਰੋਏ
ਖੂਹ ਕਾਲੇ ਸਾਨੂੰ ਭਠੀਆਂ
"ਆ ਲੂਣਾਂ ਛਡ ਚੋਰ ਚੁਬਾਰੇ ਬੂਰ ਪੂਰੇ ਵਤ ਦਾਖੀਂ
ਆ ਲੂਣਾਂ ਚੁਣ ਚੌਲ਼ ਫ਼ਕਰ ਦੇ ਤੇ ਵਤ ਜਮ ਕਾਈ ਨੀਲੀਆਂ ਵਾਲੇ"
ਉਤੋਂ ਸ਼ਾਮਾਂ ਪੈ ਗਈਆਂ
ਮੈਂ ਜਾਵਣ ਦਾ ਆਖਿਆ ਲਾਖੀ ਗੱਲ ਨਾ ਗੌਲੀ
" ਮੈਂ ਬਾਰ ਮੈਂਡਾ ਮਾਹੀ ਸੁਰਜਣ
ਕਿਵੇਂ ਜੀਵਾਂ ਜੇ ਮੂੰਹ ਮੋੜਾਂ"
ਫੇਰ ਲਾਟੂ ਨੂੰ ਉਹਨੇ ਲਿਆ ਕਲਾਵੇ
" ਅਕ ਦਾ ਦੁਧ ਪਿਵਾ ਸਜਣ ਸਾਨੂੰ ਅਕ ਦਾ ਦੁਧ ਪਿਵਾ
ਅਕ ਦਾ ਦੁਧ ਸਾਨੂੰ ਘੁਟ ਪ੍ਰੀਤੀ ਦਏ ਮੁਲਾਹਿਜ਼ੇ ਲਾਹ

ਕਚਿਆਂ ਦੰਦਾਂ ਵਾਲੀਆਂ ਧਾਰਾਂ
ਲਈਆਂ ਮਾਵਾਂ ਥੀਂ ਬਖ਼ਸ਼ਾ ਸਜਣ ਸਾਨੂੰ ਅਕ ਦਾ ਦੁਧ ਪਿਵਾ

ਥਿੰਦੇ ਮਿੱਠੇ ਕਿਰਕ ਲਹੂ ਵਿਚ ਮਾਂਝ ਕੁੜੱਤਣ ਲਾ
ਸੀਮਾ ਸੀਮਾ ਵਿਹਣ ਚਵਾਲੇ
ਮਨ ਭੜਕੀ ਦਾ ਇਕੋ ਦਾਰੂ
ਨਾੜੀਂ ਅਗ ਧੁਖਾ ਸਜਣ ਸਾਨੂੰ ਅਕ ਦਾ ਦੁਧ ਪਿਵਾ
ਰਾਤ ਪਈ ਅਸੀਂ ਘਰ ਪਹੁੰਚੇ
ਸਾਰਾ ਰਾਹ ਮੈਂ ਟੇਪ ਰਿਕਾਡਰ ਨਾਲ਼ ਖੇਡਦਾ ਆਇਆ
ਪਰ ਲਾਖੀ ਦੀ ਆਵਾਜ਼ ਈ ਨਹੀਂ ਸੀ
ਹੋਰ ਹੋਰ ਜਹੀ ਛਿਜੀ ਛਿਜੀ
ਨੌ ਮਣ ਰੋਜ਼ ਦੀ ਕੇਰੀ ਹੋ”
ਨੌ ਮਣ ਰੋਜ਼ ਦੀ ਕੇਰੀ ਹੋ”
ਲਾਟੂ ਸਾਰਾ ਰਾਹ ਮੇਰੇ ਨਾਲ਼ ਗੱਲ ਨਹੀਂ ਕੀਤੀ
ਉਹਦੇ ਭਾਣੇ ਮੈਂ ਯਾਂ ਟੇਪ ਰਿਕਾਡਰ ਉਹਦੇ ਨਾਲ਼ ਈ ਨਹੀਂ ਸਾਂ

**ਸੂਹਾਂ**

1–ਢੋਲੇ ਉਹ ਲੰਮੀਆਂ ਨਜਮਾਂ ਹਨ ਜਿਹਨਾਂ ਰਾਹੀਂ ਬਾਰ ਦੇ ਸ਼ਾਇਰ ਪੀੜ੍ਹੀਓਂ ਪੀੜ੍ਹੀ ਆਪਣੀ ਤਾਰੀਖ਼ ਨੂੰ ਸੰਭਾਲਦੇ ਹਨ।
2–ਬਾਬੇ ਨਾਨਕ ਦੇ ਬੋਲ।
3–ਅੰਦਰ ਬੂਟੀ ਮੁਸ਼ਕ ਮਚਾਇਆ ਜਾਂ ਫੁਲਣ ਪਰ ਆਈ ਹੋ। ਸੁਲਤਾਨ ਬਾਹੂ ਦੇ ਬੋਲ।
4–ਨੌਸ਼ਾ ਪੀਰ ਗੰਜ ਬਖ਼ਸ਼। ਹਾਫ਼ਿਜ਼ ਬਰਖ਼ੁਰਦਾਰ ਨੇ “ਮਿਰਜ਼ਾ ਸਾਹਿਬਾਂ” ਵਿਚ ਵਿਖਾਇਆ ਏ ਜੋ ਮਿਰਜ਼ੇ ਦੀ ਮਾਂ ਮਹਿਰੀ ਦਾਨਾਬਾਦ ਦੀ ਸੁਕਾ ਢੀਂਗਰ ਕੁਖ ਵਿਚ ਲਈ ਫਿਰਦੀ ਸੀ, ਨੌਸ਼ਾ ਪੀਰ ਦੀ ਦੁਆ ਨਾਲ਼ ਹਰਿਆ ਹੋਇਆ ਤੇ ਮਿਰਜ਼ਾ ਜੰਮਿਆ।“ਓਸ ਦਿਤਾ ਛੱਟਾ ਇਸ਼ਕ ਦਾ ਵਿਚ ਜ਼ਮੀਨ ਅਸਮਾਨ” ਨੌਸ਼ਾ ਪੀਰ ਆਪੀਂ ਪੰਜਾਬੀ ਸ਼ਾਇਰ ਸਨ।
5–ਰੰਗਪੁਰ। ਖੇੜਿਆਂ ਦਾ ਪਿੰਡ
6–ਕੁੰਨ ਫ਼ਯਕੂਨ
7–“ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੇ ਨਾ ਭਾਉ।” ਬਾਬਾ ਫ਼ਰੀਦ ਦੇ ਬੋਲ

8–ਕਟ। ਜ਼ੰਗਾਲ ਦਾ ਨਿਸ਼ਾਨ।
9–ਦੂਲਾ ਭਟੀ। ਦੂਲੇ ਆਪਣੇ ਵੇਲੇ ਮੁਗ਼ਲ ਸ਼ਹਿਨਸ਼ਾਹੀ ਨੂੰ ਨਹੀਂ ਸੀ ਮੰਨਿਆ।
10–ਬਾਰ ਦੇ ਇਕ ਗਾਵਣ ਦੇ ਬੋਲ।
"ਆ ਚੰਨੂੰ ਰਲ ਯਾਰ।ਪੀਲੂੰ ਪਕੀਆ ਨੀ ਵੇ"
"ਬਾਰ ਥਈ ਹੈ ਰਸ਼ਕ ਇਰਮ ਦੀ। ਸਕ ਸੜ ਗਈ ਜੜ੍ਹ ਦੁਖ ਤੇ ਗ਼ਮ ਦੀ ਹਰਜਾ ਬਾਗ਼ ਬਹਾਰ। ਸਾਖਾਂ ਚਖੀਆਂ ਨੀ ਵੇ"
ਖ਼ੁਆਜਾ ਗ਼ੁਲਾਮ ਫ਼ਰੀਦ ਦੀ ਕਾਫ਼ੀ ਏ।
11–ਦੋ ਨੀਲੇ ਘੋੜੇ ਮਸ਼ਹੂਰ ਹਨ। ਇਕ ਰਸਾਲੂ ਦਾ ਤੇ ਇਕ ਮਿਰਜ਼ੇ ਦਾ (ਗੁਰੂ ਗੋਬਿੰਦ ਸਿੰਘ ਦਾ ਘੋੜਾ ਵੀ ਨੀਲਾ ਹੀ ਸੀ)
12–ਤੋਤੇ। ਮੈਨਾ, ਕਾਗ। ਨਾਗ ਖ਼ਜ਼ਾਨੇ। ਚੂਹੇ ਗਾਟਿਆਂ ਸਭ ਰਸਾਲੂ ਵਰਤੀ ਵਾਪਰੀ ਵਲ ਇਸ਼ਾਰੇ ਹਨ।
13–ਬਾਬਾ ਨਾਨਕ ਤੇ ਬਾਬੇ ਦਾ ਨਿਤ ਦਾ ਸਾਥੀ ਮਰਦਾਨਾ। ਬਾਰ ਵਿਚ ਭੌਂਦਿਆਂ ਮਰਦਾਨੇ ਨੂੰ ਸੋਨੇ ਦਾ ਡਲ਼ਾ ਲਭਿਆ। ਮਰਦਾਨੇ ਨੇ ਬਾਬੇ ਤੋਂ ਉਹਲੇ ਮੁਠੀਂ ਨਪੀ ਰਖਿਆ। ਅਗਾਂਹ ਚਲਦਿਆਂ ਮਰਦਾਨੇ ਆਖਿਆ ਬਾਬਾ ਡਰ ਲਗਦਾ ਏ। ਬਾਬੇ ਆਖਿਆ ਡਰ ਨੂੰ ਸਟ ਪਾ।
14–ਲੂਣਾਂ । ਸਿਆਲਕੋਟ ਦੇ ਰਾਜੇ ਸਲਵਾਨ ਦੀ ਰਾਣੀ (ਖੂਹ ਕਾਲੇ। ਦਾਖੀਂ ਬੂਰ। ਚੌਲ਼ ਫ਼ਕਰ ਦੇ, ਸਭ ਪੂਰਨ ਤੇ ਲੂਣਾਂ ਦੀ ਵਰਤੀ ਵਾਪਰੀ ਵਲ ਇਸ਼ਾਰੇ ਹਨ।)

# ਕਿਤਾਬ: ਖੱਪੇ
(1986 ਸ. 39)

**ਲਾਹੌਰ ਸ਼ਹਿਰ ਦਾ ਇਕ ਪੁਰਾਣਾ ਹੱਟੀ ਵਾਲਾ**
ਗੋਡੇ ਜੁੜ ਗਏ ਬਧੇ ਗਾਹਕ ਉਡੀਕਦਿਆਂ
ਅਸਾਂ ਜਿਹੜਾ ਸੌਦਾ ਲਾਇਆ ਸਸਤਾ ਹੋ ਗਿਆ
ਬਾਹਰ ਅੱਖਾਂ ਤਕੜੀ ਹੋਈਆਂ
ਘੜੀਆਂ ਤੋਲੀਏ
ਵਿਚ ਗੇੜ ਦਲੀਲਾਂ ਗੁੰਮੇ
ਮਿਠੜਾ ਬੋਲੀਏ
ਬਾਹਰ ਫੁਟ ਫੁਟ ਜ਼ਿਵੀਂ ਦੀ ਬੋਲੀ
ਸਰੀਏ ਸਿਰਮਟਾਂ
ਵਿਚ ਨਾਨਕਸ਼ਾਹੀ ਇੱਟਾਂ
ਖੂਹ ਡਰਾਵਣੇ
ਬੁਲਡੋਜ਼ਰ, ਕੰਧਾਂ ਪਿਲੀਆਂ ਝੂਠੇ ਹੱਥ ਪੈਰ
ਸਿਲ੍ਹ ਗੋਹ ਪੁਰਾਣੀ ਮੋਰੀ ਮੋਰੀ ਸਰਕਦੀ
ਬਾਹਰ ਝਟ ਝਟ ਸਾਇਰਨ ਕੂਕੇ
ਕਿਧਰੇ ਓਹਲਾ ਨਾ
ਵਿਚ ਰਜ ਸਿਆਤੀਆਂ ਸ਼ਕਲਾਂ ਕੁਝ ਕੁਝ ਓਪਰੀਆਂ
ਭਲਾ ਇਸ਼ਤਿਹਾਰ ਨੂੰ ਦਿਲ ਦਾ ਮਹਿਰਮ ਆਖੀਏ
ਇਹਦੀ ਬਲ ਬੁਝ ਖ਼ਬਰੇ ਝੱਸੇ ਤਲੀਆਂ ਆਸ ਦੀਆਂ

*******

# ਕਿਤਾਬ: ਰੰਗ, ਫ਼ਰੀਦੋਂ ਨਾਨਕ ਨਾਨਕੋਂ ਫ਼ਰੀਦ

(2000 ਸ. 57–71)

❖

(1)

ਟੋਪੀ ਲੈਂਦੇ ਬਾਵਰੇ ਦੇਂਦੇ ਖਰੇ ਨਲੱਜ
ਚੂਹਾ ਖੁੱਡ ਨਾ ਮਾਵਈ ਤਿਕਲ ਬੰਨ੍ਹੈ ਛੱਜ॥

ਔਰੰਗਜ਼ੇਬ ਬਾਦਸ਼ਾਹ ਦੱਖਣ ਵਿਚ ਕ੍ਰਿਸ਼ਨਾ ਦਰਿਆ ਦੀ ਕੰਧੀ ’ਤੇ ਦਰਬਾਰ ਲਾਈ ਬੈਠਾ ਏ। ਇਕ ਦਰਬਾਰੀ ਕਿਸੇ ਪਰਦੇਸੀ ਨੂੰ ਬਾਤਸ਼ਾਹ ਅਗੇ ਪੇਸ਼ ਕਰੇਂਦਾ ਏ। ਪਰਦੇਸੀ ਆਖਦਾ ਏ ਸਰਕਾਰ ਮੈਂ ਬੰਗਾਲੋਂ ਟੁਰਿਆਂ ਤੁਹਾਡਾ ਮੁਰੀਦ ਹੋਵਣ ਦੀ ਆਸ ਲੈ ਕੇ। ਮੈਨੂੰ ਤੁਹਾਥੋਂ ਈ ਫ਼ੈਜ਼ ਲੱਭਣਾ ਏ। ਬਾਤਸ਼ਾਹ ਹੱਸ ਕੇ ਸੌ ਰੁਪਈਏ ਤੇ ਕੁਝ ਹੋਰ ਸੋਨਾ ਚਾਂਦੀ ਪਰਦੇਸੀ ਨੂੰ ਦੇਂਦਾ ਏ ਤੇ ਦਰਬਾਰੀ ਨੂੰ ਆਖਦਾ ਏ ਜਿਹੜੇ ਫ਼ੈਜ਼ ਦਾ ਇਹ ਸੋਚ ਕੇ ਆਇਆ ਏ ਉਹ ਇਹੋ ਈ ਏ। ਪਰਦੇਸੀ ਬਾਤਸ਼ਾਹ ਦਾ ਦਿੱਤਾ ਭਵਾਂ ਕੇ ਮਰੇਂਦਾ ਏ ਤੇ ਆਪ ਦਰਿਆ ਵਿਚ ਛਾਲ ਮਾਰ ਦੇਂਦਾ ਏ। ਦਰਬਾਰੀ ਰੌਲ਼ਾ ਪਾਉਂਦਾ ਏ ਤੇ ਲੋਕ ਡੁਬਦੇ ਪਰਦੇਸੀ ਨੂੰ ਬਚਾ ਲੈਂਦੇ ਨੇ। ਬਾਤਸ਼ਾਹ ਇਕ ਬਏ ਦਰਬਾਰੀ ਵਲ ਮੂੰਹ ਕਰ ਕੇ ਆਖਦਾ ਏ:

ਟੋਪੀ ਲੈਂਦੇ ਬਾਵਰੇ ਦੇਂਦੇ ਖਰੇ ਨਲੱਜ
ਚੂਹਾ ਖੁੱਡ ਨਾ ਮਾਵਈ ਤਿਕਲ ਬੰਨ੍ਹੈ ਛੱਜ॥

ਮੁਹਮੰਦ ਆਸਿਫ਼ ਖ਼ਾਂ ਹੋਰਾਂ ਇਹ ਵਕੂਆ਼ ਸਾਕੀ ਮੁਸਤਅਦ ਖ਼ਾਂ ਦੀ ਫ਼ਾਰਸੀ ਵਾਰ ਮਾਅਸਰ ਆਲਮਗੀਰੀ ਵਿਚੋਂ ਆਪਣੀ ਕਿਤਾਬ “ਆਖਿਆ ਬਾਬਾ ਫ਼ਰੀਦ ਨੇ” ਵਿਚ ਦਿੱਤਾ ਏ। ਗੁਰਬਾਣੀ ਵਿਚ ਇਹ ਦੋਹੜਾ ਫ਼ਰੀਦ ਦਿਆਂ ਦੋਹੜਿਆਂ ਵਿਚ ਨਹੀਂ, ਨਾਨਕ ਦੇ ਇਕ ਸਲੋਕ ਵਿਚ ਏ। ਪਰ ਆਸਿਫ਼ ਖ਼ਾਂ ਹੋਰੀਂ ਇਹਨੂੰ ਬਾਬੇ ਫ਼ਰੀਦ ਦਾ ਈ ਮੰਨਦੇ ਨੇਂ ਕਿਉਂ ਜੋ ਇਕ ਪੁਰਾਣੀ ਫ਼ਾਰਸੀ ਕਿਤਾਬ “ਸਬਅ਼ ਸਨਾਬਲ” ਵਿਚ ਇਹ ਫ਼ਰੀਦ ਦਾ ਈ ਦੱਸਿਆ ਗਿਆ ਏ। ਆਸਿਫ਼ ਖ਼ਾਂ ਹੋਰਾਂ ਦੀ ਜਾਚੇ ਬਾਬੇ ਨਾਨਕ ਇਹ ਫ਼ਰੀਦੀ ਦੋਹੜਾ ਲਿਖ ਕੇ ਅਗੋਂ ਆਪਣੇ ਅਸ਼ਲੋਕ ਵਿਚ ਇਹਦਾ ਵੇਰਵਾ ਕੀਤਾ ਏ। ਚਲੋ ਦੋਹੜਾ ਫ਼ਰੀਦ ਦਾ ਏ ਕਿ ਨਾਨਕ ਦਾ ਔਰੰਗਜ਼ੇਬ ਨੂੰ ਦੇਖੋ ਇਹ ਕਿਸ ਵੇਲੇ ਉਹੜਿਆ ਏ ਤੇ ਕਿਉਂ।

ਇਕ ਤੇ ਹੋ ਸਕਦਾ ਏ ਬਾਤਸ਼ਾਹ ਪਰਦੇਸੀ ਦੇ ਅਵਾਘਤ ਦਰਿਆ ਵਿਚ ਧਰੱਕ ਮਾਰਣ ਨਾਲ਼ ਕੁਝ ਭੈੜਾ ਪੈ ਗਿਆ ਹੋਵੇ ਜੋ ਮੈਂ ਤੇ ਇਹਨੂੰ ਨਿਰਾ ਪੈਸੇ ਦਾ ਪੁੱਤਰ ਬਣਾ ਬੈਠਾਂ ਤੇ ਇਹ ਕੁਝ ਹੋਰ ਈ ਨਿਕਲਿਆ ਏ। ਸੋ ਹੁਣ ਬਾਤਸ਼ਾਹ ਦਰਬਾਰੀਆਂ ਸਾਹਮਣੇ ਆਪਣੇ ਕੀਤੇ ਉਤੇ ਇੱਕ ਹੋਰ ਰੰਗ ਚਾੜ੍ਹਨ ਦੀ ਪਿਆ ਕਰਦਾ ਏ। ਭਈ ਇਹ ਤੇ ਸ਼ੁਹਧਾ ਕਮਲਾ (ਬਾਵਰਾ) ਜੇ। ਮੈਥੋਂ ਮੁਰੀਦੀ ਦੀ ਟੋਪੀ ਘਿਨਣ ਆ ਗਿਆ ਏ। ਪਰ ਮੈਂ ਤੇ ਨਲੱਜ ਨਹੀਂ ਜੋ ਆਪਣੀ ਵਡਿਆਈ ਲਈ ਏਸ ਨਿਮਾਣੇ ਦੇ ਲੱਕ ਨਾਲ਼ ਬਾਤਸ਼ਾਹ ਦੀ ਮੁਰੀਦੀ ਦਾ ਛੱਜ ਬੰਨ੍ਹ ਦੇਵਾਂ ਤੇ ਇਹ ਆਪਣੀ ਖੁੱਡ ਵਿਚ ਵੜਨ ਜੋਗਾ ਵੀ ਨਾ ਰਹਵੇ। ਨਿਮਾਣਿਆਂ ਨੂੰ ਆਪਣੀ ਵਿੱਤ ਵਿਚ ਈ ਰਹਿਣਾ ਚਾਹੀਦਾ ਏ। ਵਿਤੋਂ ਬਾਹਰੇ ਹੋ ਕੇ ਉਹ ਔਖੇ ਈ ਹੁੰਦੇ ਨੇਂ। ਜਿਵੇਂ ਇਹ ਸ਼ੁਹਧਾ। ਜੇ ਦਰਜਾ ਮੰਗਣ ਵਾਲਿਆਂ ਨੂੰ ਏਸ ਗੱਲ ਦੀ ਸਮਝ ਨਾ ਹੋਵੇ ਤੇ ਦਰਜਾ ਦੇਣ ਵਾਲਿਆਂ ਨੂੰ ਤੇ ਹੋਣੀ ਚਾਹੀਦੀ ਏ ਜਿਵੇਂ ਮੈਨੂੰ ਹੈ।

ਪਰ ਖ਼ਬਰੇ ਬਾਤਸ਼ਾਹ ਇਹ ਵੀ ਦਸੇਂਦਾ ਜਾਪਦਾ ਏ ਭਈ ਮੈਨੂੰ ਇਨ੍ਹਾਂ ਆਮ ਲੋਕਾਂ ਦੀ ਸੁਰਤ ਦੀ ਇਨ੍ਹਾਂ ਦੀਆਂ ਸਧਰਾਂ ਦੀ ਘਣੀ ਸਾਰ ਜੇ। ਵੇਖੋ ਮੈਂ ਇਨ੍ਹਾਂ ਦਿਆਂ ਪੀਰਾਂ ਫ਼ਕੀਰਾਂ ਦਾ ਲਿਖਿਆ ਵੀ ਜਾਣਨਾਂ। ਮੈਂ ਓਸ ਸੋਚ ਦਾ ਭੇਤੀ ਆਂ ਜਿਹੜੀ ਇਨ੍ਹਾਂ ਦੀਆਂ ਆਸਾਂ, ਇਨ੍ਹਾਂ ਦਿਆਂ ਕਰਮਾਂ ਨੂੰ ਡੌਲਦੀ ਏ। ਬੋਲਣ ਨੂੰ ਤੇ ਮੈਂ ਕੋਈ ਫ਼ਾਰਸੀ ਸ਼ਿਅ਼ਰ ਬੋਲ ਸਕਦਾ ਸਾਂ, ਕੋਈ ਆਇਤ ਹਦੀਸ ਸੁਣਾ ਸਕਦਾ ਸਾਂ।

ਹੋ ਸਕਦਾ ਏ ਬਾਤਸ਼ਾਹ ਇਹ ਵੀ ਪਿਆ ਦਸੇਂਦਾ ਹੋਵੇ ਦਰਬਾਰੀਆਂ ਨੂੰ (ਤੇ ਚਾਕਰਾਂ, ਮਾੜਿਆਂ ਅਹਿਲਕਾਰਾਂ ਨੂੰ ਵੀ), ਜੋ ਵੇਖੋ ਮੇਰਾ ਏਸ ਬੰਦੇ ਬਾਰੇ ਗਵੇੜ ਕਿੱਡਾ ਠੁਕਵਾਂ ਨਿਕਲਿਆ ਜੇ। ਇਹ ਆਇਆ ਤੇ ਪੈਸੇ ਦੇ ਲਾਲਚ ਤੇ ਈ ਹਾ।(ਨਲੱਜ) ਯਾਂ ਤੇ ਇਹਨੂੰ ਆਪਣੀ ਨੀਅਤ ਦੀ ਪੂਰੀ ਸਾਰ ਨਾ ਆਹੀ (ਬਾਵਰਾ) ਯਾਂ ਜਾਤੋਸ ਜੋ ਬੁਢੇ ਬਾਤਸ਼ਾਹ ਦੀ ਦਰਵੇਸ਼ੀ ਦੀਨਦਾਰੀ ਦੀ ਧੁੰਮ ਤੇ ਹੈ ਈ। ਇਹਨੂੰ ਪੀਰੀ ਦੀ ਭੁੱਖ ਵੀ ਹੋਸੀ। ਇਹਨੂੰ ਏਸ ਭਰਮ ਵਿਚ ਪਾਵਾਂ ਤੇ ਰਾਜ਼ੀ ਹੋ ਕੇ ਆਪਣਿਆਂ ਖ਼ਾਸਾਂ ਵਿਚ ਰੱਖ ਲੈਸੀ। ਮੈਂ ਇਹਦੀ ਗੁਝੀ ਯਾਂ ਖੁੱਲ੍ਹੀ ਨਿਯਤ ਆਪਣੀ ਸੂਝ ਨਾਲ਼ ਬੁਝ ਕੇ ਇਹਦੇ ਮੂੰਹ ਤੇ ਮਾਰੀ ਏ ਤੇ ਇਹ ਪਚੀ ਹੋ ਕੇ ਡੁੱਬ ਮਰਨ ਤੇ ਆ ਗਿਆ ਏ (ਨਲੱਜ ਬਾਵਰਾ)। ਹੋ ਸਕਦਾ ਏ ਘਾਗ ਬਾਤਸ਼ਾਹ ਦਰਬਾਰੀਆਂ ਨੂੰ ਸੁਣੌਤ ਵੀ ਪਿਆ ਕਰੇਂਦਾ ਹੋਵੇ ਭਈ ਮਤਾਂ ਤੁਹਾਡੇ ਵਿਚੋਂ ਕਿਸੇ (ਬਾਵਰੇ ਯਾਂ ਨਲੱਜ) ਨੂੰ ਭੁਲੇਖਾ ਹੋਵੇ ਜੇ ਉਹ ਦਰਵੇਸੀ ਦੀਨਦਾਰੀ ਵਾਲੇ ਪਾਸਿਓਂ ਮੇਰੀ ਝੋਲ਼ੀ ਚੁੱਕੀ ਕਰ ਕੇ ਮੈਨੂੰ ਭਰਮਾ ਸਕਦਾ ਏ। ਇਹ ਖੇਖਣ ਮੈਨੂੰ ਨਹੀਂ ਜੇ ਪੌਂਹਦੇ। ਮੇਰੀ ਅੱਖ ਅਜੇ ਵੀ ਤਲਵਾਰ ਏ।

ਬਾਤਸ਼ਾਹ ਦਾ ਮਤਲਬ ਜੋ ਵੀ ਹੋਵੇ ਇਕ ਗੱਲ ਪੱਕੀ ਏ। ਬਾਤਸ਼ਾਹ ਨੇ ਪੂਰੀ ਵਾਪਰੀ ਨੂੰ ਏਸ ਦੋਹੜੇ ਰਾਹੀਂ ਵੇਖਿਆ ਏ। ਪਰ ਇਹ ਕਿਵੇਂ ਪੱਕੀ ਥਈ। ਸਾਨੂੰ ਕੀ ਪਤਾ ਬਾਤਸ਼ਾਹ ਨੇ ਵਾਪਰੀ ਨੂੰ ਕਿਵੇਂ ਡਿੱਠਾ। ਸਾਨੂੰ ਤੇ ਇਤਨਾ ਪਤਾ ਏ ਜੋ ਬਾਤਸ਼ਾਹ ਇਹ ਵਾਪਰੀ ਦਰਬਾਰੀਆਂ ਨੂੰ ਦੋਹੜੇ ਰਾਹੀਂ ਪਿਆ ਵਖੇਂਦਾ ਏ। ਸਮਝੋ ਬਾਤਸ਼ਾਹ ਏਸ ਵਾਪਰੀ ਦੀ ਇਕ ਪੜ੍ਹਤ ਦਰਬਾਰੀਆਂ ਅੱਗੇ ਧਰੀ ਏ। ਅੱਗੋਂ ਦਰਬਾਰੀਆਂ ਏਸ ਪੜ੍ਹਤ ਨੂੰ ਕਿਵੇਂ ਪੜ੍ਹਿਆ ਸਾਨੂੰ ਖ਼ਬਰ ਨਹੀਂ।

ਅੱਜ ਇਹ ਪੜ੍ਹਤ ਇੱਕ ਲਿਖਤ ਬਣ ਕੇ ਸਾਡੇ ਸਾਹਮਣੇ ਆ ਗਈ ਏ। ਪਰ ਐਂਵੇਂ ਨਹੀਂ ਆ ਗਈ। ਸਾਡੇ ਸਾਹਮਣੇ ਆਉਂਦਿਆਂ ਇਹ ਖ਼ਬਰੇ ਕਿਤਨੀ ਵਾਰੀ ਪੜ੍ਹਤੋਂ ਲਿਖਤ ਤੇ ਲਿਖਤੋਂ ਪੜ੍ਹਤ ਥਈ ਏ। ਪਹਿਲੋਂ ਤਾਂ ਇਹ ਗੱਲ ਕਿਸੇ ਮੌਕਾ ਗਵਾਹ ਕਿਤੇ ਲਿਖੀ ਹੋਸੀ ਯਾਂ ਕਿਸੇ ਨੂੰ ਸੁਣਾਈ ਹੋਸੀ। ਮਤਲਬ ਇਹ ਜੋ ਮੌਕਾ ਗਵਾਹ ਨੇ ਪੂਰੀ ਵਾਪਰੀ ਨੂੰ ਆਪਣੀ ਸਮਝ ਨੀਅਤ ਮੂਜਬ ਡਿੱਠਾ (ਪੜ੍ਹਿਆ)।(ਇਹ ਵੀ ਹੋ ਸਕਦਾ ਏ ਜੋ ਡਿੱਠਾ ਹੋਰ ਸਮਝ ਨਾਲ਼ ਹੋਵੇ ਤੇ ਸੁਣਾਇਆ ਯਾਂ ਲਿਖਿਆ ਹੋਰ ਨੀਅਤ ਨਾਲ਼ ਹੋਵੇ)। ਮਾਅਸਰ ਵਾਲੇ ਆਪਣੀ ਸਮਝ ਨੀਅਤ ਮੂਜਬ ਗਵਾਹ ਦੀ ਆਖੀ ਯਾਂ ਲਿਖੀ ਨੂੰ ਜਾਚਿਆ ਤੇ ਕਿਤਾਬੇ ਚਾੜ੍ਹ ਘਿਦਾ। ਮਾਅਸਰ ਵਾਲੇ ਤੇ ਗਵਾਹ ਵਿਚਕਾਰ ਕਿਤਨੇ ਵਿਚੋਲੇ ਆਏ ਸਨ, ਸਾਨੂੰ ਪਤਾ ਨਹੀਂ। 1970 ਵਿਚ ਮੁਹਮੰਦ ਆਸਿਫ਼ ਖ਼ਾਂ ਹੋਰਾਂ ਨੂੰ ਫ਼ਰੀਦੀ ਦੋਹੜਿਆਂ ਦੀ ਪੁਣ-ਛਾਣ ਕਰੇਂਦਿਆਂ ਆਪਣੀ ਗੱਲ ਦੀ ਗਵਾਹੀ ਲਈ 'ਮਾਅਸਰ ਆਲਮਗੀਰੀ' ਦੀ ਏਸ ਲਿਖਤ ਦੀ ਲੋੜ ਪਈ ਤਾਂ ਇਹਨੂੰ ਆਪਣੀ ਕਿਤਾਬ "ਆਖਿਆ ਬਾਬਾ ਫ਼ਰੀਦ ਨੇ" ਵਿਚ ਚਾ ਉਤਾਰਿਓ ਨੇ। ਪਰ ਏਸ ਉਤਾਰੇ ਵਿਚ ਉਨ੍ਹਾਂ ਫ਼ਾਰਸੀ ਲਿਖਤ ਪੰਜਾਬੀ ਕੀਤੀ। ਪੰਜਾਬੀ ਕਰੇਂਦਿਆਂ ਕੁਝ ਨਾ ਕੁਝ ਉਨ੍ਹਾਂ ਦੀ ਆਪਣੀ ਪੜ੍ਹਤ ਏਸ ਉਤਾਰੇ ਵਿਚ ਰਲੀ। ਕਿਉਂ ਜੋ ਉੱਲਥੇ ਵਿਚ ਉਲੱਥਿਆਰ ਦੀ ਪੜ੍ਹਤ ਸਰਪਰ ਰਲਦੀ ਏ। ਅੱਗੋਂ ਅਸਾਂ ਵੀ ਉਨ੍ਹਾਂ ਦਿਆਂ ਲਫ਼ਜ਼ਾਂ ਵਿਚੋਂ ਕੁਝ ਅਗਾਂਹ ਪਿਛਾਂਹ ਕੀਤੇ ਈ ਨੇਂ। ਤੇ ਇੰਜ ਅੱਜ ਤ੍ਰਏ ਸੌ ਵਰ੍ਹਿਆਂ ਪਿੱਛੋਂ ਲਿਖਤਾਂ ਪੜ੍ਹਤਾਂ ਦੇ ਕਈਂ ਪਤਨ ਤੁਰਦੀ ਔਰੰਗਜ਼ੇਬ ਦੀ ਪੜ੍ਹਤ ਇੱਕ ਹੋਰ ਲਿਖਤ ਬਣ ਕੇ ਸਾਡੇ ਸਾਹਮਣੇ ਆ ਢੁੱਕੀ ਏ।"ਸਾਡੇ" ਵਿਚ ਕੌਣ ਕੌਣ ਏ। ਮੈਂ ਤੇ ਤੁਸੀਂ। ਮੈਂ ਕੌਣ ਆਂ ਤੇ ਤੁਸੀਂ ਕੌਣ। ਸਾਡੀਆਂ ਸਮਝਾਂ ਨੀਅਤਾਂ ਦਾ ਲੇਖਾ ਕੌਣ ਕਰੇ ਤੇ ਅਜੇ ਸਾਡੇ ਵਿਚਕਾਰ "ਮਾਂ ਬੋਲੀ" (ਇਹ ਪੰਜਾਬੀ ਰਿਸਾਲੇ ਦਾ ਨਾਂ) ਦੇ ਸੋਧੀ ਵੀ ਆਵਣੇ ਨੇਂ।) ਲਿਖਤਾਂ ਪੜ੍ਹਤਾਂ ਦੇ ਖ਼ਬਰੇ ਹੋਰ ਕਿਤਨੇ ਪੜਾਅ ਸਾਡੀ ਨਜ਼ਰੋਂ ਉਹਲੇ ਨੇਂ, ਸਾਡੇ ਅੰਦਰ ਵੀ ਤੇ ਸਾਥੋਂ ਬਾਹਰ ਵੀ।

ਖ਼ੁਲਾਸਾ ਇਹ ਜੋ ਔਰੰਗਜ਼ੇਬ ਦੀ ਪੜ੍ਹਤ ਸਾਥੇ ਪੁੱਜੀ ਤਾਂ ਸਹੀ ਪਰ ਸਗਵੀਂ ਉਵੇਂ ਨਹੀਂ ਜਿਵੇਂ ਔਰੰਗਜ਼ੇਬ ਕੀਤੀ ਆਹੀ। ਨਿਰਾ ਲਿਖਤਾਂ ਪੜ੍ਹਤਾਂ ਦਾ ਨਿਤ ਦਾ ਵੱਟੋ ਸੱਟਾ ਈ ਇਹਦੇ ਵਿਚ ਨਹੀਂ ਰਲਿਆ, ਪਿਛਲੇ ਤਰੇ ਸੌ ਵਰ੍ਹਿਆਂ ਦੀ ਵਾਰ (ਤਾਰੀਖ਼) ਵੀ ਰਲ਼ ਖਲੋਤੀ ਏ। ਅੱਜ ਅਸੀਂ ਟਿਲ ਲਾ ਕੇ ਵੀ ਔਰੰਗਜ਼ੇਬ ਦੀ ਪੜ੍ਹਤ ਨੂੰ ਸਗਵਾਂ ਉਵੇਂ ਨਹੀਂ ਪੜ੍ਹ ਸਕਦੇ ਜਿਵੇਂ ਉਸ ਦਰਬਾਰ ਹਾਜ਼ਰਾਂ ਨੂੰ ਪੜ੍ਹਾਈ ਯਾਂ ਜਿਵੇਂ ਮਾਅਸਰ ਵਾਲੇ ਆਪਣੀਆਂ ਪੜ੍ਹਨਹਾਰਾਂ ਨੂੰ ਪੜ੍ਹਾਵਣੀ ਚਾਹੀ। ਹਰ ਨਵਾਂ ਦਿਨ (ਤੇ ਹਰ ਨਵੀਂ ਰਾਤ) ਪਿਛਲੀ ਵਾਪਰੀ ਨੂੰ ਇੱਕ ਨਵਾਂ ਰੰਗ ਦੇਂਦੇ ਨੇਂ ਪਏ। ਪਿਛਲੀ ਵਰਤੀ ਦੀਆਂ ਸਹੰਸਾਂ ਪੜ੍ਹਤਾਂ ਨੂੰ ਆਪਣੀ ਪੜ੍ਹਤ ਵਿਚ ਰੰਗ ਕੇ ਆਵਣ ਵਾਲਿਆਂ ਕਿਤੇ ਇਕ ਨਵੀਂ ਲਿਖਤ ਸਵਾਰਦੇ ਨੇਂ ਪਏ। ਕੀ ਅਖ਼ਬਾਰਲੀਆਂ ਖ਼ਬਰਾਂ ਤੇ ਕੀ ਹਜ਼ਾਰਾਂ ਵਰ੍ਹੇ ਪੁਰਾਣੀਆਂ ਜ਼ਮੀਨੀ ਅਸਮਾਨੀ ਕਿਤਾਬਾਂ, ਸਭੇ ਲਿਖਤ ਪੜ੍ਹਤ ਦੇ ਬੇ ਓੜਕ ਗੇੜ ਵਿਚ ਗਿੜਦੀਆਂ ਨੇਂ। ਅਸੀਂ ਹਾਜ਼ਰ ਪੜ੍ਹਤ ਨੂੰ ਸਗਵੀਂ "ਅਸਲ" ਸਮਝ ਕੇ ਆਪਣੀ ਸੋਚਣੀ ਕਰਨੀ ਨੂੰ ਉਹਦੇ ਢਾਏ ਚਾੜ੍ਹ ਦੇਨੇ ਆਂ। ਅਖ਼ਬਾਰਲੀ ਖ਼ਬਰ ਨੂੰ ਅਸੀਂ ਸਗਵਾਂ ਵਕੂਆ਼ ਸਮਝ ਲੈਨੇ ਆਂ। ਭੁੱਲ ਵੈਨੇ ਆਂ ਓਸ ਲਿਖਤ ਪੜ੍ਹਤ ਦੀ ਲੜੀ ਨੂੰ ਜਿਸ ਰਾਹੀਂ ਅਖ਼ਬਾਰਾਂ ਵਕੂਏ ਸਾਡੇ ਤਾਈਂ ਅਪੜੇਂਦੀਆਂ ਨੇਂ। ਪਹਿਲੋਂ ਰਿਪੋਰਟਰ ਵਕੂਆ਼ ਡਿੱਠਾ (ਪੜ੍ਹਿਆ, ਆਪਣੀ ਸੁਰਤ ਨੀਅਤ ਸਿਰ) ਉਂਜ ਅੱਜ ਕੱਲ੍ਹ, ਰਿਪੋਰਟਰ ਵਕੂਏ ਕਿਥੇ ਵੇਖਦੇ ਫਿਰਦੇ ਨੇਂ। ਦਫ਼ਤਰ ਬਹਿ ਕੇ ਈ ਖ਼ਬਰ ਬਣਾ ਘਿੰਦੇ ਨੇਂ।ਜੇ ਕਰਾਈਮ ਰਿਪੋਰਟਰ ਨੇਂ ਤੇ ਖ਼ਬਰਾਂ ਠਾਣਿਓ ਆ ਵੇਂਦੀਆਂ ਨੇਂ।ਜੇ ਸਿਆਸੀ ਨੇਂ ਤੇ ਸਿਆਸੀ ਠਾਣਿਆਂ ਤੋਂ। ਸੋ ਵਕੂਆ਼ ਜੇ ਹੋਵੇ ਤਾਂ ਰਿਪੋਰਟਰ ਤਾਈਂ ਪੁਜਣੋਂ ਪਹਿਲਾਂ ਈ ਕਈਂ ਲਿਖਤਾਂ ਪੜ੍ਹਤਾਂ ਝਾਗੀ ਬੈਠਾ ਹੁੰਦਾ ਏ। ਅੱਗੋਂ ਅਖ਼ਬਾਰ ਦਾ ਪੋਰ (ਐਡੀਟਰ।) ਸੋਧੀ ਵੀ ਅੱਜ਼ ਕੱਲ੍ਹ ਘਟ ਈ ਹੁੰਦਾ ਏ ਮਾਲਿਕ ਈ ਆਖੋ। ਮਾਲਿਕ ਦੀ ਆਪਣੀ ਨੀਅਤ ਕੁਨੀਅਤ ਨਫ਼ਾ ਕੁਨਫ਼ਾ ਵਕੂਏ ਦੀ ਪੜ੍ਹਤ ਵਿਚ ਰਲਦੇ ਨੇਂ। ਤਾਂ ਜਾ ਕੇ ਵਕੂਆ਼ ਖ਼ਬਰ ਬਣਦੀ ਏ ਤੇ ਸਾਡੇ ਤਾਈਂ ਪੁਜਦੇ ਏ। ਸਾਡੇ ਤੇ ਵਕੂਏ਼ ਵਿਚਕਾਰ ਉਹ ਵੇਲ਼ਾ ਵੀ ਏ ਜਿਹੜਾ ਵਾਪਰਣ ਤੋਂ ਛੱਪਣ ਤੇ ਛਪਣ ਤੋਂ ਸਾਥੇ ਪੁਜਣ ਤੀਕਰ ਵਿਹਾਣਿਆ। ਏਸ ਵਿਹਾਣ ਵਿਚ ਹੋਰ ਹਜ਼ਾਰ ਵਕੂਏ ਵਾਪਰ ਗਏ ਤੇ ਲਿਖਤਾਂ ਪੜ੍ਹਤਾਂ ਦੇ ਕਈਂ ਪੜਾਅ ਲੰਘ ਕੇ ਸਾਡੀ ਸੋਚਣੀ ਰੰਗ ਗਏ। ਹੁਣ ਅਸੀਂ ਖ਼ਬਰ ਬਣੇ ਵਕੂਏ ਨੂੰ ਸਗਵਾਂ ਕਿਵੇਂ ਵੇਖੀਏ ਯਾਂ ਆਪ ਸਗਵੇਂ ਉਵੇਂ ਕਿਵੇਂ ਥੀ ਵੰਜੀਏ ਜਿਵੇਂ ਵਕੂਏ਼ ਵਾਲੀ ਘੜੀ ਹਾਸੇ।

ਤੇ ਜੇ ਵਕੂਇ਼ਆਂ ਦਾ ਇਹ ਹਾਲ ਏ ਤਾਂ ਉਨ੍ਹਾਂ ਸੋਚਾਂ ਸਾਰਾਂ ਦਾ ਕੀ ਲੇਖਾ ਜਿਹੜੀਆਂ ਜ਼ਮੀਨੀ ਅਸਮਾਨੀ ਕਿਤਾਬਾਂ ਰਾਹੀਂ ਸਾਥੇ ਪੁੱਜਣ ਦਾ ਉਪਰਾਲਾ ਕਰੇਂਦੀਆਂ ਨੇਂ ।

ਦੋਹੜਾ ਬਾਤਸ਼ਾਹ ਕੋਲ਼ ਕਿਥੋਂ ਆਇਆ। ਦੋਹੜੇ ਨੂੰ ਇਸ ਕਿਵੇਂ ਪੜ੍ਹਿਆ। ਦਰਬਾਰੇ ਦੋਹੜਾ ਅਲੇਂਦਿਆਂ ਉਹਦੀ ਸੋਚਣੀ ਦਾ ਰੰਗ ਕੀ ਹਾ। ਮਾਅਸਰ ਵਾਲੇ ਇਹ ਵਕੂਆ਼ ਕਿਤਾਬੇ ਕਿਓਂ ਚਾੜ੍ਹਿਆ। ਵਕੂਆ਼ ਥੀਆ ਵੀ ਕਿ ਮਾਅਸਰ ਵਾਲੇ ਯਾਂ ਕਿਸੇ ਹੋਰ ਦੀ ਮਨ ਘੜਤੀ ਏ ਇਹ। ਅਸੀਂ ਅੱਜ ਇਨ੍ਹਾਂ ਗੱਲਾਂ ਬਾਰੇ ਢੇਰ ਸਾਰੇ ਗਵੇੜ ਲਾ ਸਕਨੇ ਆਂ। ਉਨ੍ਹਾਂ ਗਵੇੜਾਂ ਸਿਰ ਢੇਰ ਸਾਰੀਆਂ ਪੜ੍ਹਤਾਂ ਉਸਾਰ ਸਕਨੇ ਆਂ। ਇਨ੍ਹਾਂ ਪੜ੍ਹਤਾਂ ਉਤੇ ਵੱਡੀ ਛਾਪ ਹੋਸੀ ਪਿਛਲੇ ਤਰੈ ਸੌ ਵਰ੍ਹਿਆਂ ਦੀ ਵਾਰ ਬਾਰੇ ਸਾਡੀ ਸਮਝ ਦੀ। ਇਹ ਸਮਝ ਸਾਨੂੰ ਦਸੇਸੀ ਜੋ ਮੁ਼ਗਲ ਵਾਰੇ ਨੂੰ, ਮੁ਼ਗਲ ਵਾਰੇ ਵਿਚ ਔਰੰਗਜ਼ੇਬ ਦੇ ਹਿੱਸੇ ਨੂੰ ਕਿਵੇਂ ਵੇਖੀਏ। ਵਾਰ ਬਾਰੇ ਸਮਝ ਉਗਦੀ ਹੈ ਅਜ ਬਾਰੇ ਸਾਡੀ ਸਮਝ ਵਿਚੋਂ। ਅੱਜ ਵਾਪਰਦੀ ਨੂੰ ਅਸੀਂ ਕਿਵੇਂ ਵੇਖਨੇ ਆਂ। ਕਿਵੇਂ ਵਰਤਨੇ ਆਂ। ਅੱਜ ਵਾਪਰੀ ਵਿਚ ਅਸੀਂ ਆਪ ਕਿਥੇ ਆਂ, ਕੀ ਪਏ ਕਰੇਨੇ ਆਂ, ਕੀ ਕਰਨਾ ਚਾਹੁਨੇ ਆਂ। ਦੂਜਿਆਂ ਨਾ਼ਲ ਸਾਡਾ ਜੋੜ ਅਜੋੜ ਕੀ ਏ। ਮੁਕਦੀ ਇਹ ਜੋ ਅਸਾਂ ਹਾਂ ਕੌਣ (ਕੀ ਜਾਣਾਂ ਮੈਂ ਕੌਣ।) ਕਿਉਂਜੋ ਬੰਦਾ ਉਹ ਨਹੀਂ ਹੁੰਦਾ ਜੋ ਉਹ ਆਪਣੇ ਆਪ ਨੂੰ ਸਮਝਦਾ ਏ। ਬੰਦਾ ਉਹ ਹੁੰਦਾ ਏ, ਜੋ ਉਹ ਕਰੇਂਦਾ ਏ ਤੇ ਕਰਨਾ ਚਾਹੁੰਦਾ ਏ। ਆਪਣੇ ਆਪ ਨਾ਼ਲ ਤੇ ਹੋਰਾਂ ਨਾ਼ਲ ।ਅਸਲ ਸਮਝ ਬੰਦੇ ਦੀ ਇਸੇ ਕਰਨ ਤੇ ਕਰਨ ਚਾਹੁਣ ਸਦਕੇ ਈ ਏ।

ਦੋਹੜੇ ਵਾਲੀ ਗੱਲ 1690 ਵਿਚ ਥਈ ਕ੍ਰਿਸ਼ਨਾ ਦਰਿਆ ਦੀ ਕੰਧੀ ਉਤੇ। ਔਰੰਗਜ਼ੇਬ ਕਈਂ ਵਾਰੀ ਦੱਖਣ ਆਇਆ ਏ। ਏਸ ਵਾਰੀ ਉਹਨੂੰ ਨੂੰ ਨੌਂ (9) ਵਰ੍ਹੇ ਹੋ ਗਏ ਨੇਂ ਆਇਆਂ।ਦੱਖਣ ਵਿਚ ਉਹਦੀ ਵੱਡੀ ਰੁਝ ਮਰਹੱਟਾ ਨਾਬਰੀ ਏ। ਮਰਹੱਟੇ ਦੱਖਣ ਦੇ ਵਾਹੀਵਾਣ ਨੇਂ। ਮੁ਼ਗਲ ਸ਼ਾਹੀ ਦਾ ਜ਼ੋਰ ਟੌਹਰ ਵਾਹੀ ਵਾਨਾਂ ਕਨੂੰ ਉਗਰਾਹੇ ਮਾਮਲੇ ਸਿਰ ਏ।ਵਾਹੀਵਾਣ ਚਾਈਂ ਚਾਈਂ ਤੇ ਆਪਣੀ ਕੀਤੀ ਕਮਾਈ ਬਾਤਸ਼ਾਹ ਦਿਆਂ ਪੈਰਾਂ ਵਿਚ ਨਹੀਂ ਆਣ ਧਰੇਂਦੇ। ਉਗਰਾਹੀ ਕਰਨ ਵਾਸਤੇ ਜ਼ੋਰ ਟੌਹਰ ਪਕੇਰਾ ਕਰਨ ਤੇ ਵਧਾਉਣ ਦੀ ਲੋੜ ਏ। ਜ਼ੋਰ ਟੌਹਰ ਦਾ ਪਕਿਆ ਵਧਾ ਹੋਰ ਉਗਰਾਹੀ ਮੰਗਦਾ ਏ। ਉਗਰਾਹੀ ਵਧਾਵਣ ਲਈ ਲਸ਼ਕਰ ਤੇ ਅਮਲੇ ਵਧਾਉਣੇ ਪੈਂਦੇ ਨੇਂ। ਲਸ਼ਕਰ ਤੇ ਅਮਲੇ ਵਧਾਉਣ ਲਈ ਉਗਰਾਹੀ ਵਧਾਵਣੀ ਪੈਂਦੀ ਏ। ਮੁ਼ਗਲ ਸ਼ਾਹੀ ਦੀ ਪੂਰੀ ਵਾਰ ਏਸ ਚੱਕਰ ਵਿਚ ਈ ਭੌਂਦੀ ਏ। ਮੁ਼ਗਲਾਂ ਕਨੂੰ ਪਿਛਲੇਰੀਆਂ ਸ਼ਾਹੀਆਂ ਦੀ ਵਾਰ ਵੀ ਇਸੇ ਚੱਕਰ ਵਿਚ ਈ ਪਈ

ਭਵੀਂ। ਇਹ ਚੱਕਰ ਈ ਮੁਗ਼ਲ ਸ਼ਾਹੀ ਨੂੰ ਉਸਾਰਦਾ ਏ ਤੇ ਇਹੋ ਚੱਕਰ ਈ ਉਹਨੂੰ ਗਾਲਦਾ ਏ। ਮੁਗ਼ਲ ਬਾਤਸ਼ਾਹ ਆਪ ਈ ਏਸ ਚੱਕਰ ਨੂੰ ਗੇੜਦੇ ਨੇਂ ਪਏ ਤੇ ਆਪੋਂ ਈ ਇਹਦੇ ਵਿਚ ਪਏ ਗਿੜਦੇ ਨੇਂ। ਜਿਹੜਾ ਕੰਮ ਉਨ੍ਹਾਂ ਨੂੰ ਹੁਕਮ ਤੇ ਤਾਕਤ ਦੇਂਦਾ ਏ, ਉਹੋ ਈ ਉਨ੍ਹਾਂ ਨੂੰ ਬੇਵੱਸ ਵੀ ਕਰੇਂਦਾ ਏ। ਜੋ ਬਣਾਉਂਦਾ ਏ, ਉਹੋ ਈ ਢਾਉਂਦਾ ਏ। ਪਤਾ ਨਹੀਂ ਮੁਗ਼ਲ ਬਾਤਸ਼ਾਹ ਨੂੰ ਏਸ ਗੱਲ ਦੀ ਸਾਰ ਹੈ ਕਿ ਨਹੀਂ। ਪਰ ਜਾਪਦਾ ਏ ਵਾਹੀਵਾਨਾਂ ਨੂੰ ਸਾਰ ਹੈ। ਜੇ ਉਹ ਸ਼ਾਹੀ ਅਮਲੇ ਨੂੰ ਉਗਰਾਹੀ ਨਾ ਦੇਵਣ ਤੇ ਸ਼ਾਹੀ ਲਸ਼ਕਰ ਦੀ ਮਾਰ ਜਰਨੀ ਪੌਂਦੀ ਨੇਂ ਪਰ ਜੇ ਉਹ ਮਾਰ ਗਾਖ ਜਾਵਣ ਤੇ ਸ਼ਾਹੀ ਲਸ਼ਕਰ ਨੂੰ ਚੰਗਾ ਚਿਰ ਮਗਰ ਲਾ ਕੇ ਖ਼ਜ਼ਾਨੇ ਦਾ ਭਾਰ ਵਧਾਈ ਆਵਣ ਤੇ ਅਖ਼ੀਰ ਬਾਤਸ਼ਾਹ ਦਾ ਜ਼ੋਰ ਤਰੁੱਟ ਵੈਸੀ। ਵਾਹੀਵਾਨਾਂ ਨੂੰ ਇਹ ਵੀ ਪਤਾ ਏ ਜੋ ਇੱਕ ਥਾਂ ਦੀ ਉਗਰਾਹੀ ਦੀ ਕਸਰ ਹੋਰਾਂ ਥਾਂਵਾਂ ਤੋਂ ਕਢਣੀ ਪੌਂਦੀ ਏ। ਤੇ ਇੰਜ ਥਾਂ ਥਾਂ ਖ਼ਲਕਤ ਵਿਚ ਕੌੜ ਤੇ ਨਾਬਰੀ ਵਧਦੀ ਏ। ਇੱਕ ਥਾਂ ਨਾਬਰੀ ਦਾ ਧੁਵਾਂ ਧੁਖਦਾ ਏ ਤਾਂ ਹਰ ਥਾਂ ਉਗਰਾਹੀ ਵਲੋਂ ਕਾਣ ਕਰਨ ਦੀ ਦਲੇਰੀ ਥੀਂਦੀ ਏ ਤੇ ਖ਼ਜ਼ਾਨੇ ਦਾ ਭਾਰ ਨਿਤ ਵਧਦਾ ਏ। ਇਹ ਨਿੱਤ ਵਧਦਾ ਭਾਰ ਓੜਕ ਬਾਤਸ਼ਾਹੀ ਦਾ ਲੱਕ ਤਰੋੜ ਦੇਂਦਾ ਏ।

ਪਤਾ ਨਹੀਂ ਦੋਹੜਾ ਅਲੇਂਦਿਆਂ ਬਾਤਸ਼ਾਹ ਨੂੰ ਖ਼ਿਆਲ ਆਇਆ ਕਿ ਨਾ ਜੋ ਦੋਹੜਾ ਮੁਗ਼ਲ ਸ਼ਾਹੀ ਦੀ ਮੁਢਲੀ ਭੀੜ ਵਲ ਕੇਡੀ ਠੁਕਵੀਂ ਸੈਂਤ ਪਿਆ ਕਰੇਂਦਾ ਏ। ਜਿਨ੍ਹਾਂ ਨੂੰ ਬਾਤਸ਼ਾਹੀ ਚੂਹਾ ਸਮਝ ਕੇ ਦਬਾਉਣਾ ਚਾਹੁੰਦੀ ਏ ਉਹ ਤਾਂ ਬਾਤਸ਼ਾਹੀ ਦੀਆਂ ਬੁਰਕੀਆਂ ਕੁਤਰ ਕੇ ਆਪਣੀਆਂ ਰੁਡਾਂ ਵਿਚ ਵੰਜ ਵੜਦੇ ਨੇਂ। ਪਰ ਭਾਰੇ ਲਸ਼ਕਰ ਭਾਰਾਂ ਸਨੇ ਰੁਡਾਂ ਵਿਚ ਲਹਿ ਨਹੀਂ ਸਕਦੇ। ਚੂਹਿਆਂ ਮਗਰ ਭੱਜਦਿਆਂ ਸ਼ੇਰਾਂ ਓੜਕ ਚੂਹੇ ਥੀ ਵੈਣਾ ਹੈ। ਜਿਹੜਾ ਛੱਜ ਵਾਹੀਵਾਣ ਨਾਬਰੀ ਮੁਗ਼ਲ ਦੇ ਲੱਕ ਬੰਨ੍ਹ ਦਿੱਤਾ ਹੈ ਉਸ ਓੜਕ ਮੁਗ਼ਲ ਨੂੰ ਆਪਣੀ ਰੁਡੀਂ ਵੜਨ ਜੋਗਾ ਵੀ ਨਹੀਂ ਰਹਿਣ ਦੇਣਾ। ਪਰ ਛੱਜ ਵਾਹੀਵਾਣ ਨਾਬਰੀ ਨਹੀਂ ਬੱਧਾ। ਛੱਜ ਤੇ ਬੱਧਾ ਏ ਟੋਪੀ ਦੇ ਲਾਲਚ। ਇਕੇ ਇੰਜ ਆਖੋ ਜੋ ਟੋਪੀ ਦਾ ਲਾਲਚ ਈ ਛੱਜ ਏ। ਟੋਪੀ ਈ ਓੜਕ ਸਿਰੋਂ ਲਹਿ ਕੇ ਤਿੱਕਲ ਵੰਜ ਬੰਨ੍ਹੇਂਦੀ ਏ ਤੇ ਛੱਜ ਬਣ ਵੈਂਦੀ ਏ।

ਔਰੰਗਜ਼ੇਬ ਨੇ ਦੋਹੜੇ ਵਾਲੀ ਟੋਪੀ ਨੂੰ ਪੀਰੀ ਦੀ ਟੋਪੀ ਪੜ੍ਹਿਆ ਏ। ਓਸ ਪੀਰੀ ਦੀ ਟੋਪੀ ਸਿਰ ਧਰਨੋਂ ਤੁਰਤ ਨਾ ਕਰ ਦਿੱਤੀ ਏ। ਪਰ ਬਾਤਸ਼ਾਹੀ ਟੋਪੀ ਵਲ ਧਿਆਨ ਨਾਹਸ ਗਿਆ ਜਿਹੜੀ ਤ੍ਰੀਹਾਂ ਵਰ੍ਹਿਆਂ ਤੋਂ ਸਿਰ ਤੇ ਹੈਸ।

ਔਰੰਗਜ਼ੇਬ ਦੋਹੜੇ ਦੀ ਸੌੜੀ ਜਿਹੀ ਪੜ੍ਹਤ ਕੀਤੀ ਏ, ਨਿਜੀ ਜਿਹੀ। ਦੋਹੜੇ ਨੂੰ ਆਪਣੇ ਵੇਲੇ ਦੀ ਵਾਰ ਨਾਲ਼, ਕਲੇਰੀ (ਮੌਕਲੇਰੀ) ਸਿਆਸਤ ਨਾਲ਼ ਜੋੜਨ ਵੱਲ ਧਿਆਨ ਨਾਹਸ ਕੀਤਾ। ਉਹ ਆਪਣੇ ਵੇਲੇ ਦੀ ਵਾਰ ਨੂੰ ਵੀ ਐਂਵੇਂ ਪੜ੍ਹੇਂਦਾ ਏ। ਮੁਗ਼ਲ ਸ਼ਾਹੀ ਵਿਹਾਰ ਦੀ ਮੁਢਲੀ ਭੀੜ ਨੂੰ ਆਪਣੇ ਨਿੱਜ ਵਿਹਾਰ ਦੀ ਸਾਦਗੀ, ਸੰਜੂੜ ਤੇ ਇਬਾਦਤ ਗੁਜ਼ਾਰੀ ਨਾਲ਼ ਨਬੇੜਨਾ ਚਾਹੁੰਦਾ ਏ, ਲਿਖਤਾਂ ਦੀ ਸੌੜੀ ਪੜ੍ਹਤ ਕਰਨ ਵਾਲੇ ਤੇ ਵਾਰ ਦੀ ਸੌੜੀ ਪੜ੍ਹਤ ਕਰਨ ਵਾਲੇ ਇਕੋ ਈ ਨਹੀਂ ਹੁੰਦੇ?

ਬਾਤਸ਼ਾਹ ਨੂੰ ਇਹ ਤੇ ਪਤਾ ਈ ਹੋਸੀ ਜੋ ਦੋਹੜਾ ਫ਼ਕਰ ਰੀਤ ਦੀ ਲਿਖਤ ਏ। ਫ਼ਰੀਦ ਦੀ ਯਾਂ ਨਾਨਕ ਦੀ। ਪਰ ਮਾੜਿਆਂ ਦਬੇਲ ਮੇਲਾਂ ਦੀ ਸੁਰਤ ਸਾਰ ਦਾ ਫ਼ਕਰ ਰੀਤ ਦੀਆਂ ਲਿਖਤਾਂ ਨਾਲ਼ ਕੀ ਜੋੜ ਏ ਇਹ ਖ਼ਬਰੇ ਉਸ ਪੜਚੋਲਿਆ ਏ ਕਿ ਨਹੀਂ।ਦਬੇਲ ਮੇਲਾਂ ਦੀ ਸੁਰਤ ਸਾਰ ਈ ਫ਼ਕਰ ਰੀਤ ਨੂੰ ਪਾਲਦੀ ਏ ਤੇ ਫ਼ਕਰ ਰੀਤ ਪਰਤ ਕੇ ਦਬੇਲ ਸੁਰਤ ਨੂੰ ਨਵੀਂ ਸਾਰ ਦੀ ਜਾਗ ਲਾਉਂਦੀ ਏ।

ਕ੍ਰਿਸ਼ਨਾ ਦੀ ਕੰਧੀ ਉਤੇ ਇਹ ਦੋਹੜਾ ਅਲੇਂਦਿਆਂ ਬਾਤਸ਼ਾਹ ਨੂੰ ਇਹ ਤਾਂ ਪਤਾ ਈ ਹੋਸੀ ਜੋ ਸਲਤ਼ਨਤ ਦੇ ਦੂਜੇ ਸਿਰੇ ਤੇ ਰਾਵੀ ਦੀ ਕੰਧੀ ਉਤੇ ਐਸੇ ਦੋਹੜੇ ਵਾਲੀ ਫ਼ਕਰ ਰੀਤ ਇਕ ਬਈ ਵਾਹੀਵਾਣ ਨਾਬਰੀ ਦਾ ਝੰਡਾ ਬਣੀ ਖਲੋਤੀ ਏ। ਬਾਬੇ ਨਾਨਕ ਦੇ ਅਸ਼ਲੋਕ ਵਿਚ ਏਸ ਦੋਹੜੇ ਦਾ ਰੰਗ ਵੇਖੋ।

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛੱਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥
ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥
ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥
ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥

(ਪੰਨਾ-੧੨੮੬)

"ਮਾਅਸਰ" ਵਾਲੀ ਟੋਪੀ ਇਥੇ ਕੁਲਹਾਂ ਹੋ ਗਈ ਏ। ਟੋਪੀ ਕਨੂੰ ਕੁਲਾ ਮੀਰੀ ਦੇ ਵੀ ਨੇੜੇ ਏ ਤੇ ਪੀਰੀ ਦੇ ਵੀ। ਪੀਰੀ ਨਾਲੋਂ ਮੀਰੀ ਦੇ ਵਧੇਰੇ। "ਮਾਅਸਰ" ਵਿਚ ਲੈਣ ਵਾਲੇ ਬਾਵਲੇ ਨੇਂ ਤੇ ਦੇਣ ਵਾਲੇ ਨਿਲੱਜ। ਇਥੇ ਦੇਣ ਵਾਲੇ ਬਾਵਲੇ ਨੇਂ ਤੇ ਲੈਣ ਵਾਲੇ ਨਲੱਜ। "ਬਾਵਲਾ" ਮਾੜੇ ਨੂੰ ਸੋਭਦਾ ਏ ਅਣਭੋਲ ਨੂੰ ਤੇ "ਨਲੱਜ" ਤਗੜੇ ਨੂੰ ਚਤਰ ਨੂੰ। ਸੋ ਖ਼ਲਕਤ

ਬਾਵਰੀ ਏ ਜਿਹੜੀ ਤਗੜਿਆਂ ਚਤੁਰਾਂ ਦੇ ਸਿਰ ਤੇ ਕੁਲੇ ਧਰੀ ਆਉਂਦੀ ਏ। ਤੇ ਇਹ ਤਗੜੇ ਨਲੱਜ ਨੇਂ ਜਿਹੜੇ ਆਪਣੀ ਚਤੁਰਾਈ ਨਾਲ਼ ਮਾੜਿਆਂ ਨੂੰ ਠੱਗੀ ਆਉਂਦੇ ਨੇਂ। ਉਨ੍ਹਾਂ ਦਾ ਦਿੱਤਾ ਖਾ ਕੇ ਉਨ੍ਹਾਂ ਦੇ ਸਿਰ ਤੇ ਖ਼ੁਦਾ ਬਣੀ ਬੈਠੇ ਨੇਂ। ਦੋਹੜਾ ਹੁਣ ਇਹ ਵੀ ਸਾਫ਼ ਪਿਆ ਦੱਸਦਾ ਏ ਜੋ ਤਗੜੇ ਮਾੜਿਆਂ ਨੂੰ ਦੇਂਦੇ ਕੁਝ ਨਹੀਂ ਛੜਾ ਉਨ੍ਹਾਂ ਕਨੂੰ ਲੈਂਦੇ ਈ ਨੇਂ।

ਇਹ ਤਗੜੇ ਚਤੁਰ ਹਨ ਕੌਣ? ਔਰੰਗਜ਼ੇਬ ਭਾਣੇ ਤੇ ਇਹ ਪੀਰ ਈ ਨੇਂ। ਉਹ ਮੀਰਾਂ ਨੂੰ, ਆਪਣੇ ਵਰਗ ਨੂੰ ਤੇ ਆਪਣੇ ਆਪ ਨੂੰ, ਦੋਹੜੇ ਦੀ ਮਾਰ ਤੋਂ ਬਾਹਰ ਸਮਝਦਾ ਏ। ਲਗਦਾ ਏ ਬਾਤਸ਼ਾਹ ਲੋਕ ਬੋਲੀ ਦੇ ਦੋਹੜੇ ਨੂੰ ਅਖਾਣ ਕਰ ਕੇ ਵਰਤਦਾ ਏ ਪਿਆ। ਅਖਾਣਾਂ ਦਾ ਕੰਮ ਇਹੋ ਈ ਰਿਹਾ ਏ ਜੋ ਕਰਨੀ ਜਰਨੀ ਦੀ ਰੀਤਲ ਪੜ੍ਹਤ ਦੇ ਹੱਕ਼ ਵਿਚ ਗਵਾਹੀ ਭੁਗਤਾਵਣ। ਰੀਤਲ ਪੜ੍ਹਤ ਦੇ ਲੇਖੇ ਲੱਗ ਕੇ ਈ ਬੋਲ ਅਖਾਣ ਬਣ ਜਾਂਦੇ ਨੇਂ। ਖ਼ਬਰੇ ਔਰੰਗਜ਼ੇਬ ਜਾਣ ਕੇ ਫ਼ਕਰ ਬੋਲ ਨੂੰ ਅਖਾਣ ਪਿਆ ਬਣੇਂਦਾ ਏ ਯਾਂ ਪਹਿਲੋਂ ਈ ਇਹ ਦੋਹੜਾ ਅਖਾਣ ਬਣ ਚੁੱਕਿਆ ਸੀ ਤੇ ਬਾਤਸ਼ਾਹ ਨੇ ਆਪਣੀ ਲੋੜ ਲਈ ਵਰਤ ਲਿਆ। ਉਂਜ ਵੇਖੀਏ ਤਾਂ ਬਾਤਸ਼ਾਹ ਦੀ ਥਾਵੇਂ ਕੋਈ ਹੰਢਿਆ ਚੰਡਿਆ ਜੱਟ ਬੈਠਾ ਜਾਪਦਾ ਏ। ਖ਼ਬਰੇ ਬਾਤਸ਼ਾਹ ਦੀ ਇਸ ਘੜੀ ਮਰਜ਼ੀ ਇਵੇਂ ਜ਼ਾਹਿਰ ਥੀਵਣ ਦੀ ਆਹੀ "ਅਵਾਮੀ" ਰੰਗ ਵਿਚ, ਕਿ ਮਾਅਸਰ ਵਾਲੇ ਦੀ ਮਰਜ਼ੀ ਆਹੀ ਬਾਤਸ਼ਾਹ ਨੂੰ ਅਵਾਮੀ ਬਣਾ ਵਿਖਾਵਣ ਦੀ। ਕੋਈ ਤੇ ਗੱਲ ਹੈ। ਐਂਵੇਂ ਸਹਿਜ ਸੁਭਾ ਤਾਂ ਲੋਕ ਲਿਖਤ ਸਰਕਾਰੀ ਲਿਖਤਾਂ ਵਿਚ ਨਹੀਂ ਜਾ ਵੜਦੀ। ਨਾ ਹੁਣ ਨਾ ਤਦੋਂ। ਜਦ ਵੀ ਵੜਦੀ ਏ ਵਾੜਨ ਵਾਲਿਆਂ ਦੀ ਕੋਈ ਆਪਣੀ ਸਿਆਸਤੀ ਲੋੜ ਹੁੰਦੀ ਏ ਤਾਂ। ਆਮ ਤੇ ਸਰਕਾਰੇ ਲੋਕ ਲਿਖਤ ਗੌਲੀ ਈ ਨਹੀਂ ਜਾਂਦੀ। ਅਣ ਹੋਈ ਸਮਝੀ ਜਾਂਦੀ ਏ। ਲੋਕ ਲਿਖਤ ਦਾ ਹੋਵਣ ਤਦੋਂ ਈ ਚੇਤੇ ਆਉਂਦਾ ਏ ਜਦ ਵੇਲੇ ਦੀ ਲੋੜ ਮਜਬੂਰ ਕਰੇ। ਓਸ ਵੇਲੇ ਖੋਤੇ ਨੂੰ ਪਿਓ ਆਖਣ ਵਾਲੇ ਸਰਕਾਰੀ ਆਲਮ ਏਧਰ ਓਧਰ ਹੱਥ ਮਾਰ ਕੇ ਲੋਕ ਲਿਖਤਾਂ ਉਤੇ ਕਾਠੀ ਪਾਵਣ ਦਾ ਤਰਲਾ ਮਰੇਂਦੇ ਨੇਂ। ਲੋਕ ਲਿਖਤ ਆਪੋਂ ਵੀ ਥੋੜ੍ਹੀ ਕੀਤਿਆਂ ਸਰਕਾਰੀਆਂ ਦੇ ਢਾਏ ਨਹੀਂ ਚੜ੍ਹਦੀ। ਅਸਲ ਲੋਕ ਲਿਖਤ ਹੁੰਦੀ ਈ ਉਹੋ ਏ ਜਿਹਦਾ ਅਸਲਾ ਪ੍ਰਵਾਨ ਵਿਹਾਰ ਦੇ ਉਲਟਾਅ ਵਿਚੋਂ ਜੰਮੇ। ਪਰ ਕੁਰਸੀ ਦੀ ਲੋੜ ਡਾਢੀ ਨਲੱਜ ਹੁੰਦੀ ਏ। ਚੱਜ-ਕੁਚੱਜ ਵੇਖਣ ਦੀ ਇਹਨੂੰ ਵੇਹਲ ਈ ਨਹੀਂ ਹੁੰਦੀ। ਹੁਣ ਤੇ ਗੱਲ ਸਰਕਾਰੀਆਂ ਹੱਥੋਂ ਨਿਕਲ ਕੇ ਬਜ਼ਾਰੀਆਂ ਹੱਥ ਆਈ ਪਈ ਏ। ਬਜ਼ਾਰੀ ਲੋੜਾਂ ਮਸ਼ਹੂਰੀ ਤੇ ਪਲਦੀਆਂ ਨੇਂ ਤੇ ਮਸ਼ਹੂਰੀ ਦੇ ਰੱਛ ਅੱਤ ਬਰੀਕ ਨੇਂ ਜਿਹਨਾਂ ਨਾਲ਼ ਉਹ ਬੰਦੇ ਦੇ ਅੰਦਰ ਨੋਂਹ ਖੋਬ ਖਲੋਂਦੀ ਏ ਤੇ ਬਜ਼ਾਰੀ ਲੋੜਾਂ ਨੂੰ ਬੰਦੇ ਦੇ ਢਿੱਡੋਂ ਕਢਵਾਉਂਦੀ

ਏ।ਮਸ਼ਹੂਰੀ ਬਾਜ਼ ਆਪਣੀ ਨਿਲੱਜ ਬਰੀਕੀ ਰਾਹੀਂ ਆਪਣੇ ਤੋੜ ਵਾਲੀ ਲਿਖਤ ਨੂੰ ਵੀ ਇੰਜ ਮਰੋੜਦੇ ਨੇਂ ਜੋ ਉਹ ਮੂੰਹੋਂ ਉਨ੍ਹਾਂ ਦੇ ਜੋੜ ਦੀ ਹੋ ਬੋਲੇ। ਸੋ ਹੁਣ ਤੋੜਵੀਂ ਲਿਖਤ ਦਾ ਕੰਮ ਢੇਰ ਔਖੇਰਾ ਥੀ ਗਿਆ ਏ ਤੇ ਤੋੜਵੀਂ ਪੜ੍ਹਤ ਦਾ ਵੀ। ਤੋੜਵੀਂ ਪੜ੍ਹਤ ਨੇ ਹੁਣ ਬਜ਼ਾਰੀਆਂ ਦੀ ਉਸਾਰੀ ਪੜ੍ਹਤ ਨੂੰ ਪੜ੍ਹਨਾ ਹੈ, ਉਹਦੇ ਬਰੀਕ ਜੋੜ ਖੋਲ੍ਹ ਕੇ ਉਹਦੇ ਅੰਦਰ ਪਚੀਆਂ ਤੋੜ ਲਿਖਤਾਂ ਨੂੰ ਮੁੜ ਜਵਾਲਣਾ ਹੈ।

ਅਸੀਂ 1690 ਦੀ ਗੱਲ ਵਿਚੇ ਛੱਡ ਕੇ 1990 ਵਿਚ ਆਣ ਖਲੋਤੇ ਆਂ। ਪਰ ਨਹੀਂ ਵਿਚੇ ਛੱਡ ਕੇ ਨਹੀਂ ਨਾਲੇ ਘਿਨ ਕੇ। ਜੇ 1690 ਆਪੀਂ 1990 ਵਿਚ ਆ ਵੜੇ ਤੇ ਨਾਲ਼ 1490 (ਨਾਨਕ) ਤੇ 1190 (ਫ਼ਰੀਦ) ਨੂੰ ਵੀ ਘਿਨ ਆਵੇ ਤੇ ਅਸਾਂ ਕਿਆ ਕਰੂੰ।

"ਦੇਣ ਦੁਆ਼ਈ" ਤੋਂ ਜਾਪਦਾ ਏ ਜੋ ਔਰੰਗਜ਼ੇਬ ਨੇ ਆਪਣੇ ਵਲੋਂ ਨਾਨਕ ਦਾ ਪੱਲਾ ਫੜ ਕੇ ਦੋਹੜੇ ਨੂੰ ਪੜ੍ਹਿਆ ਏ। ਪਰ ਪੱਲਾ ਉਤਨਾ ਈ ਫੜਿਆਸ ਜਿਤਨਾ ਸਰਕਾਰੀ ਲੋੜ ਫੜਾਇਆ ਏ। ਦੋਹੜੇ ਦੀ ਨਾਨਕੀ ਪੜ੍ਹਤ "ਦੇਣ ਦੁਆ਼ਈ" ਤੋਂ ਅਗੇਰੇ ਵੈਂਦੀ ਏ। ਅਗੇਰੇ ਗੱਲ ਕਰੇਂਦੀ ਏ "ਹੁਕਮ" ਦੀ। ਇਹ ਹੁਕਮ ਦੁਆ਼ਈਂ ਫੂਕਣ ਵਾਲਿਆਂ ਦੀ ਸਮਝੋਂ ਵੀ ਉਤਨਾ ਈ ਬਾਹਰਾ ਏ ਜਿਤਨਾ ਫ਼ਰਮਾਨ ਚਲਾਵਣ ਵਾਲਿਆਂ ਦਿਓਂ। ਇਹ ਹੁਕਮ ਉਹ ਏ ਜੋ ਕੀਤੀਆਂ ਦੇ ਲਿਖੇ ਕਰੇਂਦਾ ਏ ਵਾਰ ਰਾਹੀਂ।

ਹਾੜੀ ਸਾਵਣੀ ਮਖ਼ਲੂਕ ਦੀ ਕਰਨੀ ਏ, ਮਖ਼ਲੂਕ ਦਾ ਤਤ ਸਤ। ਏਸ ਵਿਚੋਂ ਅੱਧ ਚੌਥ ਵੰਡੇਂਦੇ ਨੇਂ ਦੁਆ਼ਈਂ ਵਾਲੇ ਵੀ ਤੇ ਫ਼ਰਮਾਨਾਂ ਵਾਲੇ ਵੀ। ਹਾੜੀ ਸਾਵਣੀ ਰੁੱਤਾਂ ਦੀ ਵੰਡ ਏ। ਰੁੱਤਾਂ ਦੀ ਵੰਡ ਦਾ ਬੰਦੇ ਦੀ ਕਰਨੀ ਨਾਲ਼ ਜੋੜ। ਦੁਆ਼ਈ ਵਾਲਿਆਂ ਤੇ ਫ਼ਰਮਾਨਾਂ ਵਾਲਿਆਂ, ਲੇਖੇ ਹਾੜੀ ਸਾਵਣੀ ਉਗਰਾਹੀ ਦੀ ਵੰਡ ਏ, ਰੁੱਤਾਂ ਤੇ ਬੰਦਿਆਂ ਦਾ ਗਲੀਆਂ ਗੁਦਾਮਾਂ ਨਾਲ਼ ਜੋੜ।ਹਾੜੀ ਸਾਵਣੀ ਦੀ ਉਗਰਾਹੀ ਪੀਰੀ ਤੇ ਮੀਰੀ ਦੀਆਂ ਕੁਲੀਆਂ ਨੂੰ ਇੱਕ ਕਰੇਂਦੀ ਏ।

"ਮਾਅਸਰ" ਵਿਚ ਕੁਲੇ ਦੀ ਥਾਂ ਟੋਪੀ ਆਈ ਏ। "ਸਬਅ਼ ਸਨਾਬਲ" ਵਿਚ ਵੀ ਟੋਪੀ ਏ। ਹੋ ਸਕਦਾ ਏ ਕੁਲਾ ਜਿਹੜਾ ਲੋਕ ਬੋਲੀ ਨੇ ਫ਼ਾਰਸੀ "ਕੁਲਾਹ" ਨੂੰ ਭੰਨ ਕੇ ਘੜਿਆ ਏ ਫ਼ਾਰਸੀ ਵਾਲਿਆਂ ਦੀ ਸਰਕਾਰੀ ਲੋੜ ਨੂੰ ਚੁਭਿਆ ਹੋਵੇ ਤੇ ਇਹਦੀ ਚੁਭਕ ਮਾਰਣ ਲਈ ਇਹਨੂੰ ਟੋਪੀ ਕਰ ਛਡਿਆ ਹੋਵੇ ਨੇਂ। ਹੋ ਸਕਦਾ ਏ ਲੋਕਾਈ ਨੇ ਆਪੋਂ ਈ ਕੁਲੇ ਵਾਲਾਂ ਕੋਲੋਂ ਕੁਝ ਉਹਲਾ ਕਰਨ ਕੀਤੇ ਕੁਲੇ ਦੀ ਜਾਈਂ ਟੋਪੀ ਧਰ ਲਈ ਹੋਵੇ। ਟੋਪੀ ਹੈ ਤੇ ਮਾੜੀ ਪਰ ਇਹ ਮੀਰੀ ਪੀਰੀ ਵਾਲਿਆਂ ਦੋਹਾਂ ਕੁਲਿਆਂ ਨੂੰ ਲੁਕਾ ਵੀ ਸਕਦੀ ਏ ਤੇ ਵਿਖਾ ਵੀ ਸਕਦੀ ਏ। ਮਤਾਂ ਮਾੜਿਆਂ ਹੋਵਣ

ਪਾਰੋਂ ਈ। ਮਾੜਿਆਂ ਲਫ਼ਜ਼ਾਂ ਵਿਚ ਵਿਤ ਹੁੰਦੀ ਏ, ਤਗੜਿਆਂ ਵਖਾਲਿਆਂ ਨੂੰ ਰਮਜ਼ ਕਰ ਕੇ ਅੰਦਰ ਸਮੇਟਣ ਦੀ। ਤਗੜਿਆਂ ਲਫ਼ਜ਼ਾਂ ਵਿਚ ਮਾੜਿਆਂ ਵਖਾਲਿਆਂ ਨੂੰ ਰਮਜ਼ਣ ਜੋਗੀ ਲਿਫ਼ ਨਹੀਂ ਹੁੰਦੀ। ਉਨ੍ਹਾਂ ਦਾ ਅਕੜਾਅ ਉਨ੍ਹਾਂ ਨੂੰ ਖੋਖਲਿਆਂ ਕਰ ਦੇਂਦਾ ਏ ਪਰ ਲਿਫ਼ਣ ਨਹੀਂ ਦੇਂਦਾ। ਸੋ ਤਗੜੇ ਲਫ਼ਜ਼ ਅਸਲੋਂ ਮਾੜੇ ਹੁੰਦੇ ਨੇਂ ਤੇ ਮਾੜੇ ਅਸਲੋਂ ਤਗੜੇ।

ਹਾੜੀ ਸਾਵਣੀ ਬੰਦੇ ਦੀ ਤੇ ਕੁਦਰਤ ਦੀ ਕਰਨੀ ਏ ਜੋ ਕੁਝ ਇਹ ਉਗੇਂਦੀ ਬਣੇਂਦੀ ਏ ਉਹ ਬੰਦੇ ਦਾ ਤੇ ਕੁਦਰਤ ਦਾ ਤੱਤ ਸਤ ਏ। ਇਸੇ ਪਾਰੋਂ ਹਾੜੀ ਸਾਵਣੀ ਇਕ ਨਾਮ ਹੈ।ਸੱਤ ਨਾਉਂ ਹੈ। ਸੁੰਝਾਣ ਵਸੀਲਾ ਏ। ਸੁਰਤ ਏ। ਸੋ ਇਕ ਨਾਮ ਤੇ ਸਤ ਨਾਉਂ ਰਮਜ਼ਾਂ ਹਿਨ ਸਾਂਝ ਸੁੰਞਾਣ ਦੀਆਂ, ਸਾਂਝ ਸੁਰਤ ਦੀਆਂ। ਇਕ ਨਾਮ ਇਕ ਐਸੇ ਪਾਰੋਂ ਹੈ ਜੋ ਉਹ ਵੰਨ-ਸਵੰਨੇ ਵਿਖਾਲਿਆਂ ਦੀ ਅੰਦਰਲੀ ਜੁੜਤ ਵਿਖਾਲਦਾ ਏ। ਇਸੇ ਪਾਰੋਂ ਉਹ ਸਤ ਏ। ਸੱਚ ਏ। ਜਦ ਹਾੜੀ ਸਾਵਣੀ ਉਗਰਾਹੀ ਬਣ ਵੈਂਦੀ ਏ ਤੇ ਸਾਂਝ ਸੁਰਤ ਟੁਟ ਜਾਂਦੀ ਏ। ਬੰਦੇ ਦੀ ਕਰਨੀ ਇਕ ਨਾਮ ਤੇ ਸਤ ਨਾਉਂ ਨਹੀਂ ਬਣਦੀ। ਬੰਦਾ ਕਰਤੇ ਤੋਂ ਮੰਗਤਾ ਬਣ ਵੇਂਦਾ ਏ।

ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਹਿ ॥
ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧ ॥

(ਪੰਨਾ-੧੨੮੬)

ਲਫ਼ਜ਼ ਕੀਤੜੇ ਵਿਚ ਤੇ "ਕੀਤੇ" ਦੀ ਦੁਹਰਾਈ ਵਿਚ, ਜਿਹੜਾ ਅਚੰਭਾ ਏ ਉਹ ਵਟਦੇ ਰੂਪ ਵੇਖਣ ਦਾ, ਬਹਿਰੂਪਾਂ ਵਿਚੋਂ ਅਸਲੇ ਸੁੰਞਾਣਨ ਦਾ ਅਚੰਭਾ ਏ।

"ਕੇਤੇ ਆਵਹਿ ਜਾਹਿ" ਵਿਚ ਦੁਨੀਆਦਾਰੀ ਦਰਾਂ ਦੀ ਆਵਾਜਾਵੀ ਆਵਾਗੌਣ ਦੀ ਆਵਾਜਾਵੀ ਨਾਲ਼ ਵੰਜ ਜੁੜਦੀ ਏ। ਆਵਾਗੌਣ ਕੀ ਏ, ਕਰਨੀਆਂ ਰਾਹੀਂ ਅਸਲਿਆਂ ਦਾ ਉਲਟਾ ਵਟਾ, ਕਰਨੀਆਂ ਦੀ ਉਸਾਰੀ ਵਾਰ। ਇਹੋ ਭੇਤ ਆਹਾ "ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥" ਵਿਚ।"ਕੇਤੇ ਮੰਗਹਿ" ਤੇ "ਕੇਤੇ ਮੰਗਿ ਮੰਗਿ ਜਾਹਿ" ਵਰਤੇਂਦੀ ਨੂੰ ਵਿਹਾਣੀ ਨਾਲ਼ ਜੋੜ ਕੇ ਕੁਲੇ ਵਾਲਾਂ ਦੀ ਪੂਰੀ ਵਾਰ ਦਾ ਅਸਲਾ ਵਖਾਵੰਦੇ ਹਨ।

ਕੁਲੇ ਵਾਲ ਮਖ਼ਲੂਕ ਦੀ ਕਰਨੀ ਨੂੰ ਉਗਰਾਹੀ ਬਣਾ ਖੜਦੇ ਨੇਂ। ਬੰਦੇ ਦੀ ਕਰਨੀ ਉਹਦੇ ਵਸੋਂ ਬਾਹਰ ਥੀ ਵੈਂਦੀ ਏ। ਬੰਦੇ ਨੂੰ ਆਪਣੀ ਕਰਨੀ ਦੀ, ਆਪਣੇ ਤੱਤ ਸਤ ਦੀ ਸੁੰਞਾਣ ਨਹੀਂ ਰਹਿੰਦੀ। ਸਾਂਝ ਸੁਰਤ ਨਹੀਂ ਰਹਿੰਦੀ। ਬੰਦਾ ਨਾਮ ਵਿਹੂਣਾ ਥੀ ਵੈਂਦਾ ਏ। ਖੁਸਾ ਵਸ ਪਰਤਾਵਣ ਲਈ ਤੱਤ ਸਤ ਮੁੜ ਮਾਨਣ ਲਈ ਕੁਲੇ ਵਾਲਾਂ ਦੇ ਵਿਹਾਰ ਦੀ ਸਮਝ ਲੋੜੀਂਦੀ

ਏ, ਇਹਨੂੰ ਉਲਟਾਵਣ ਦਾ ਚਜ ਲੋੜੀਂਦਾ ਏ। ਕਰਨੀ ਦੀ ਦਿਤੀ ਸਾਂਝ ਸੁਰਤ ਵਿਚੋਂ ਨਾਨਕ ਨੇ ਆਪਣੇ ਲਈ “ਮਹਿਦੂਦ” ਲਿਖਾਇਆ ਏ। “ਮਹਿਦੂਦ” ਨੂੰ ਵਿਦਵਾਨਾਂ ਸਨਦ ਯਾਂ ਪੱਟਾ ਦੱਸਿਆ ਏ। ਦੋਹਾਂ ਧਿਰਾਂ ਵਿਚ ਲੈਣ ਦੇਣ ਦੀ ਲਿਖਤ। ਹਰ ਜੀਅ ਸੀਰੀ ਏ, ਸਾਂਝ ਸੁਰਤ ਤੇ ਸਾਂਝ ਕਿਰਤ ਦਾ। ਸਨਦ ਯਾਂ ਪੱਟਾ ਕੁਲੇ ਵਾਲਾਂ ਦਾ ਰਛ ਏ। ਨਾਨਕ ਨੇ ਏਸੇ ਨੂੰ ਉਨ੍ਹਾਂ ਦੇ ਵਿਹਾਰ ਦੇ ਤੋੜ ਦੀ ਰਮਜ਼ ਬਣਾਇਆ ਏ। ਏਸ “ਮਹਿਦੂਦ” ਦੀਆਂ ਹੱਦਾਂ ਲਾਮਹਿਦੂਦ ਨਾਲ਼ ਵੰਜ ਮਿਲਦੀਆਂ ਨੇਂ। ਜਦ ਸਾਂਝ ਕਿਰਤ ਰਾਹੀਂ ਸਾਂਝ ਸੁਰਤ ਦੀ ਚਸ ਮਿਲਦੀ ਏ ਤਾਂ ਹਰ ਜੀ ਮਹਿਦੂਦ ਹੁੰਦਿਆਂ ਲਾਮਹਿਦੂਦ ਨੂੰ ਮਾਣਦਾ ਏ। ਕੁਦਰਤ ਨਾਲ਼, ਖ਼ਸਮੇ ਨਾਲ਼, ਇਕ ਮਿਕ ਥੀਂਵਦਾ ਏ। “ਖ਼ਸਮ (ਭੋਏਂ ਦਾ ਮਾਲਿਕ) ਵੀ ਚਾਲੂ ਵਿਹਾਰ ਦਾ ਮੁਢਲਾ ਨਿਸ਼ਾਨ ਏ। ਐਥੇ ਕੁਦਰਤ ਨਾਲ਼ ਬੰਦੇ ਦੀ ਜੁੜਤ ਦੀ ਰਮਜ਼ ਬਣ ਕੇ ਆਪਣੇ ਪਿਛਲੇ ਮਾਅਨਿਆਂ ਨੂੰ ਭੰਡਦਾ ਏ।

ਅਸੀਂ ਮਹਿਦੂਦ ਤੋਂ ਲਾਮਹਿਦੂਦ ਤਾਈਂ ਅਪੜ ਗਏ ਆਂ ਪਰ ਚੂਹੇ ਨੂੰ ਵਿਚੇ ਛੱਡ ਆਏ ਆਂ। ਸਾਰੀ ਗੱਲ ਦਾ ਸਿਹਰਾ ਤੇ ਚੂਹੇ ਸਿਰ ਏ। ਪਰ ਸਿਰ ਸਿਹਰਾ ਤੇ ਜਦ ਬਝਣਾ ਏ ਸੋ ਬਝਣਾ ਏ ਹਾਲੇ ਤੇ ਉਹਦੇ ਲਕ ਨਾਲ਼ ਛੱਜ ਬਧਾ ਪਿਆ ਏ।

ਦੋਹੜੇ ਵਿਚ ਚੂਹਾ ਕਿਥੋਂ ਵੜਿਆ ਤੇ ਤਿਕਲ ਛੱਜ ਕਿਵੇਂ ਬਧੀਜੋਸੁ। ਇਹ ਚੂਹਾ ਆਇਆ ਏ ਲੋਕ ਰੀਤ ਵਿਚੋਂ ਤੇ ਸਣੇ ਛੱਜ ਆਇਆ ਏ। ਤਿਕਲ ਛੱਜ ਬੰਨ੍ਹਾਇਆ ਏ ਇਹਨੂੰ ਹੋਰਾਂ ਚੂਹਿਆਂ। ਹੋਈ ਇਹ ਜੋ ਬਿੱਲੀ ਦੇ ਤਰਾਹੇ ਚੂਹੇ ਇਕ ਦੇਂਹ ਜੁੜ ਬੈਠੇ ਭਈ ਯਾਰੋ ਕਦ ਤਾਈਂ ਇਹ ਧਿਗਾਣਾ ਜਰਸਾਂ । ਰੋਜ਼ ਕੋਈ ਨਾ ਕੋਈ ਬੇਲੀ ਏਸ ਬਲ਼ਾ ਦਾ ਖਾਜਾ ਬਣ ਵੈਂਦਾ ਏ। ਕੋਈ ਉਪਾਅ ਕਰੋ। ਕਈਂ ਦਲੀਲਾਂ ਹੋਈਆਂ। ਅਖ਼ੀਰ ਮਤਾ ਪਕਾਇਓ ਨੇਂ ਭਈ ਇਕ ਜਣੇ ਨੂੰ ਰਾਖਾ ਬਣਾਓ। ਉਹ ਤਾੜ ਤੇ ਰਹਵੇ। ਜਿਹੜੇ ਵੇਲੇ ਬਿੱਲੀ ਦਾ ਖ਼ਤਰਾ ਹੋਵੇ ਉਹ ਸੀਟੀ ਮਾਰੇ ਤੇ ਸਾਰੇ ਲੁਕ ਜਾਵਣ। ਰਾਖੇ ਨੂੰ ਸਾਰੇ ਜਣੇ ਆਪਣੀ ਆਪਣੀ ਕਮਾਈ ਵਿਚੋਂ ਹਿਸਾ ਚਾਅ ਦੇਵਨ। ਇਕ ਮਾੜੇ ਜਿਹੇ ਚੂਹੇ ਨੂੰ ਰਾਖੇ ਦਾ ਕੰਮ ਦਿਤਾ ਗਿਆ। ਬਿੱਲੀ ਨੇ ਜਦੋਂ ਆਵਣਾ ਸੀ ਰਾਖਾ ਵੇਹਲਾ ਰਹਿ ਰਹਿ ਕੇ ਤੇ ਸਾਂਝੀ ਕਮਾਈ ਖਾ ਖਾ ਕੇ ਚੰਗਾ ਸੌਰ ਗਿਆ ਤੇ ਹੌਲੀ ਹੌਲੀ ਹੋਰਾਂ ਨੂੰ ਘੁਰਕਣ ਦਬਕਾਵਣ ਵੀ ਲਗ ਪਿਆ। ਇਕ ਦੇਂਹ ਆਖਿਓਸੁ ਭਈ ਮੀਆਂ ਇੰਜ ਗੱਲ ਨਹੀਂ ਬਣਦੀ। ਮੈਂ ਆਪਣੀ ਜਿੰਦ ਜੋਖੋਂ ਵਿਚ ਪਾਕੇ ਤੁਹਾਡੇ ਬਚਾਅ ਦਾ ਆਹਰ ਪਿਆ ਕਰੇਨਾਂ, ਤੁਸੀਂ ਮੈਨੂੰ ਸਰਦਾਰ ਮੰਨੋ। ਸਾਰਿਆਂ ਆਖਿਆ ਠੀਕ ਏ। ਓਸ ਆਖਿਆ ਸਰਦਾਰੀ ਦਾ ਕੋਈ ਨਿਸ਼ਾਨ ਵੀ ਤੇ ਹੋਣਾ ਚਾਹੀਦਾ ਏ।

ਕਈਂ ਵਾਰੀ ਮੈਨੂੰ ਆਉਂਦੇ ਜਾਂਦੇ ਨੂੰ ਤੁਸੀਂ ਗੌਲਦੇ ਈ ਨਹੀ। ਮੇਰੀ ਲੁਹਾਈ ਹੁੰਦੀ ਏ। ਕਈਂ ਸਲਾਹਵਾਂ ਹੋਈਆਂ। ਅਖ਼ੀਰ ਇਹ ਮੁਕੀ ਜੋ ਸਰਦਾਰ ਦੇ ਲੱਕ ਨਾਲ਼ ਇਕ ਛੱਜ ਬੰਨ੍ਹ ਦਿਤਾ ਵੰਜੇ। ਸ਼ਕ ਵਾਲੀ ਗੱਲ ਈ ਨਾ ਰਹਵੇ। ਛੱਜ ਬੰਨ੍ਹ ਕੇ ਸਰਦਾਰ ਚੂਹਾ ਨਾ ਰਿਹਾ, ਕੋਈ ਹੋਰ ਈ ਹਸਤੀ ਜਾਪਣ ਲਗ ਪਿਆ। ਸਾਰੇ ਢਿੱਡੋਂ ਉਹਦੇ ਕੋਲੋਂ ਡਰਨ ਲਗ ਪਏ ਤੇ ਚੰਗਾ ਚੋਖਾ ਉਹਦੇ ਅਗੇ ਹਾਜ਼ਰ ਕਰਨ ਲਗ ਪਏ। ਅਖ਼ੀਰ ਇਕ ਦੇਂਹ ਬਿੱਲੀ ਆ ਪਈ। ਸਾਰੇ ਵਗ ਤਗ ਖੁੱਡਾਂ ਵਿਚ ਵੜ ਗਏ। ਸਰਦਾਰ ਵੀ ਵੜ ਗਿਆ ਪਰ ਛੱਜ ਤੇ ਬਾਹਰ ਈ ਰਹਿਣਾ ਹਾ। ਬਿੱਲੀ ਨੇ ਛੱਜ ਫੜ ਕੇ ਛਿਕਿਆ ਤੇ ਸਰਦਾਰ ਵੀ ਨਾਲ਼ ਈ ਖੁੱਡੋਂ ਬਾਹਰ ਆ ਗਿਆ।

ਇਹ ਬਾਤ ਲੋਕ ਰੀਤ ਵਿਚੋਂ ਆਈ ਏ। ਬਾਬੇ ਫ਼ਰੀਦ ਵੀ ਸੁਣੀ ਹੋਸੀ, ਬਾਬੇ ਨਾਨਕ ਵੀ। ਸਾਥੇ ਪੁਜਦਿਆਂ ਇਹਦੇ ਵਿਚ ਕੁਝ ਵਾਧੇ ਘਾਟੇ ਥੀ ਗਏ ਹੋਸਣ। ਮੇਰੇ ਵਾਚਣ ("ਪੜ੍ਹ" ਸੁਣਾਵਣ) ਵਿਚ ਵੀ ਕਈਂ ਵਾਧੇ ਘਾਟੇ ਥਏ ਹੋਸਣ। ਉਹ ਤੁਸਾਂ ਨਤਾਰੋ ਪਏ। ਪਰ ਇਕ ਗੱਲ ਪੱਕੀ ਏ ਜੋ ਰਾਖਾ "ਮਹਿਦੂਦੋ" ਵਧ ਖਾ ਕੇ ਨਲੱਜ ਥੀ ਗਿਆ ਹਾ। ਤੇ ਉਹਦੀ ਨਲੱਜ ਸਰਦਾਰੀ ਪਾਰੋਂ ਹੋਰ ਚੂਹੇ ਬਾਵਲੇ ਥੀ ਗਏ ਆਹੇ। ਪਰ ਕੀ ਪਤਾ ਸਰਦਾਰੀ ਹਥੋਂ ਅਕ ਕੇ ਚੂਹਿਆਂ ਆਪ ਈ ਸਰਦਾਰ ਨੂੰ ਬਿਲੇ ਲਾਵਣ ਦੀ ਸੋਚੀ ਹੋਵੇ।

*********

# ਕਿਤਾਬ: ਰੰਗ, ਫ਼ਰੀਦੋਂ ਨਾਨਕ ਨਾਨਕੋਂ ਫ਼ਰੀਦ

(2000.ਸ. 90–94)

❖

(2)

ਰਮਜ਼ਾਂ ਸ਼ਾਇਰੋ ਸ਼ਾਇਰ ਵੀ ਟੁਰਦੀਆਂ ਨੇਂ ਤੇ ਸਦੀਓਂ ਸਦੀ।
"ਕੋਠੇ ਮੰਡਪ ਮਾੜੀਆ" ਫ਼ਰੀਦ ਕੋਲੋਂ ਹੋ ਕੇ ਨਾਨਕ ਵਲ ਵੀ ਆਏ।
ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥
ਢਠੀਆ ਕੰਮਿ ਨਾ ਆਵਨ੍ਹੀ ਵਿਚਹੁ ਸਖਣੀਆਹਾ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥੩॥

(ਪੰਨਾ–੭੨੯)

ਕੋਠੇ ਮੰਡਪ ਮਾੜੀਆਂ ਵਿਚ ਜਿਉਂਦੇ ਜੀ ਨਹੀਂ ਵਸਦੇ ਸੋ ਉਹ ਵਿਚੋਂ ਸਖਣੀਆਂ ਨੇਂ । ਪਰ ਏਥੇ ਕਲਿਆਂ ਨਹੀਂ ਨਾਲ਼ ਕੀਂਹ ਵੀ ਏ ਤੇ ਬਗ ਵੀ ਨੇਂ। ਜਿਸ ਗੁਣ ਪਾਰੋਂ ਇਹ ਤਰੈਵੇ ਇਕ ਥਾਂ ਹੋਏ ਨੇਂ।ਉਹ ਇਨ੍ਹਾਂ ਦੀ ਮਨ ਭਾਵਣੀ ਦਖ ਏ। ਕੀਂਹਾ ਉਜਲ ਈ ਨਹੀਂ ਚਿਲਕਣਾ ਵੀ ਹੈ। ਚਿਲਕ ਤਿਲਕਵੀਂ ਚਮਕ ਏ। ਪਾਨ। ਜਿਹੜੀ ਨਿਰੀ ਅੱਖੀਂ ਈ ਨਹੀਂ ਭਾਉਂਦੀ, ਵੇਖਣ ਵਾਲੇ ਦੇ ਅੰਦਰ ਵੀ ਲਹਿੰਦੀ ਏ।ਆਪਣੀ ਤਰਲ ਨਰਮੇਸ਼ ਰਾਹੀਂ। ਪਰ ਪਿਛੇ ਏਸ ਚਿਲਕ ਦੇ ਕੀਂਹ ਦੀ ਅੰਦਰੋਕੀ ਮੈਲ ਏ। ਜਿਹੜੀ ਲਹਿ ਈ ਨਹੀਂ ਸਕਦੀ। ਉਹ ਕੀਂਹ ਦੇ ਤੱਤ ਵਿਚੋਂ ਜੋ ਨਿਕਲਦੀ ਏ, ਲਹਵੇ ਕਿਵੇਂ।

ਕੀਂਹ ਦਾ ਤੱਤ ਖੋਟ ਏ ਕੀਂਹ ਤਾਂਬੇ ਤੇ ਸਿੱਕੇ ਦੇ ਰਲੇ ਨਾਲ਼ ਬਣਿਆ ਏ। ਸਿੱਕੇ ਦੀ ਨਿਤ ਖੁਰਵੀਂ ਕਾਲ਼ਖ ਕੀਂਹ ਦੀ ਹਸਤੀ ਦਾ ਅਨਿਖੜਵਾਂ ਅੰਗ ਏ। ਜਿਹੜੇ ਨਿਰੇ ਦਖ ਵਿਖਾਲੇ ਦੀ ਮਾਰ ਵਿਚ ਨੇਂ ਉਨ੍ਹਾਂ ਨੂੰ ਕੀਂਹ ਉਜਲਾ ਜਾਪਦਾ ਏ ਉਹਦੀ ਚਿਲਕ ਉਨ੍ਹਾਂ ਨੂੰ ਭਰਮਾਉਂਦੀ ਏ। ਜਿਹੜੇ ਹਥੀਂ ਕੀਂਹ ਨੂੰ ਰਗੜਦੇ ਹਨ ਉਹ ਜਾਣਦੇ ਹਨ, ਇਹਦੀ ਚਿਲਕ ਦਾ ਭੇਤ। ਜਾਣ ਤੇ ਸਕਦੇ ਹਨ ਜੇ ਚਾਹੁਣ ਤਾਂ।

ਗੱਲ ਕੀਂਹ ਤੋਂ ਟੁਰੀ ਏ ਤੇ ਬਗਾਂ ਤੇ ਆਈ ਏ।ਬਗਲੇ ਤੀਰਥਾਂ ਵਿਚ ਰਹਿੰਦੇ ਨੇਂ। ਵੇਖਣ ਵਿਚ ਉਜਲੇ ਵੀ ਨੇਂ ਤੇ ਚਿਲਕਨੇ ਵੀ। ਪਰ ਜੀਊਕਾ ਇਨ੍ਹਾਂ ਦਾ ਦੂਜੇ ਜੀ ਨੇਂ,ਪਾਣੀ ਵਸਦੇ ਮਾੜੇ ਜੀ। ਜਿਨ੍ਹਾਂ ਨੂੰ ਇਹ ਚੁੰਝੀਂ ਨਪ ਘੁਟ ਕੇ ਖਾਈ ਆਉਂਦੇ ਨੇਂ।ਬਗਲੇ ਵਾਲੀ ਰਮਜ਼ ਦੋਹਰੀ ਏ ਬਗਲੇ ਦੇ ਚਿਤਰ ਪਿਛੋਂ ਉਘੜਦਾ ਏ ਤੀਰਥਾਂ ਦਿਆਂ ਪ੍ਰੋਹਤਾਂ ਮਹੰਤਾਂ ਦਾ ਚਿਤਰ ਜਿਹਨਾਂ ਦਾ ਤੀਰਥ ਵਾਸਾ ਤੇ ਉਜਲੀ ਦਖ ਉਨ੍ਹਾਂ ਦੇ ਲੋਭ ਨੂੰ ਖ਼ਲਕਤ ਨਾਲ਼ ਉਨ੍ਹਾਂ ਦੇ ਧਰੋ ਨੂੰ ਕਜਦੀ ਏ ਪਰ ਕਜ ਨਹੀਂ ਸਕਦੀ।

ਕੀਂਹ ਤੇ ਬਗਾਂ ਦੇ ਵਿਚਕਾਰ ਆਉਂਦੇ ਨੇਂ ਕੋਠੇ ਮੰਡਪ ਮਾੜੀਆਂ।ਅਸੀਂ ਕੀਂਹ ਤੋਂ ਬਗਾਂ ਤਾਈਂ ਪੁਜੇ ਈ ਇਨ੍ਹਾਂ ਰਾਹੀਂ ਹਾਂ। ਕੀਂਹ ਦੀ ਚਿਲਕਣੀ ਦਖ ਨੂੰ ਵਰਤਦੇ ਕੋਠਿਆਂ ਮੰਡਪਾਂ ਮਾੜੀਆਂ ਵਾਲੇ ਈ ਨੇਂ। ਇਹ ਉਨ੍ਹਾਂ ਨੂੰ ਈ ਸਜਾਉਂਦੀ ਤੇ ਉਨ੍ਹਾਂ ਨੂੰ ਈ ਭਰਮਾਉਂਦੀ ਏ। ਪਰ ਏਸ ਚਿਲਕਣੀ ਦਖ ਦਾ ਭੇਤ ਉਹ ਕਾਮੇ ਈ ਜਾਣਦੇ ਨੇਂ ਜਿਹਨਾਂ ਦੀ ਨੌਕਰੀ ਇਹਨੂੰ ਰਗੜ ਕੇ ਚਮਕਾਵਣ ਦੀ ਏ।ਜਿਹੜੇ ਇਹਦੀ ਅੰਦਰਲੀ ਅਲਥ ਮੈਲ ਨੂੰ ਲਾਹੁਣ ਤੇ ਲਗੇ ਹੋਏ ਨੇਂ। ਕੋਠਿਆਂ ਮੰਡਪਾਂ ਮਾੜੀਆਂ ਦੀ ਆਪਣੀ ਬਾਹਰਲੀ ਦਖ ਵੀ ਮੋਹਣੀ ਏ। ਸੈ ਰੰਗਾਂ ਦੇ ਫੁਲ-ਬੂਟੇ ਤੇ ਨਕਸ਼ ਕੂੜੇ ਸੌਦੇ ਨੂੰ ਸੱਚਾ ਸੁੱਚਾ ਕਰ ਵਿਖਾਵਣ ਦਾ ਟਿਲ ਲਾਉਂਦੇ ਨੇਂ।ਰੰਗ ਰੰਗ ਦੇ ਸਿਆਣੇ ਕਸਬੀ ਰਾਜ, ਚਿਤੇਰੇ/ਬੁੱਤ ਘਾੜੇ ਆਪਣੀ ਮਿਹਨਤ ਤੇ ਆਪਣੇ ਗੁਣ ਗਿਆਨ ਰਾਹੀਂ ਕੋਠਿਆਂ ਮੰਡਪਾਂ ਮਾੜੀਆਂ ਦੀ ਦਖ ਉਘੇੜਨ ਵਿਚ ਜੁਟੇ ਹੋਏ ਨੇਂ।

ਇਹ ਕਸਬੀ ਉਠੇ ਮਖ਼ਲੂਕ ਵਿਚੋਂ ਈ ਨੇਂ।ਇਨ੍ਹਾਂ ਦਾ ਗੁਣ ਮਖ਼ਲੂਕ ਦੀ ਕਰਨੀ ਵਿਚੋਂ ਈ ਨਿਤਰਿਆ ਏ। ਪਰ "ਕੂੜੇ ਸੌਦੇ" ਵਾਲਿਆਂ ਇਨ੍ਹਾਂ ਨੂੰ ਮੋਹ ਘਿਦਾ ਏ। ਮਖ਼ਲੂਕ ਦੀ ਮੁਢਲੀ ਕਰਨੀ ਈ ਸੁਹਪਣ ਦਾ ਸੋਮਾ ਏ। ਇਹ ਕਰਨੀ, ਜੀਵਨ ਵਸਣ ਦਾ ਆਹਰ, ਬੰਦੇ ਦੀ ਬੰਦੇ ਨਾਲ਼ ਤੇ ਬੰਦੇ ਦੀ ਕੁਦਰਤ ਨਾਲ਼ ਜੁੜਤ ਦੇ ਸਿਰ ਤੇ ਈ ਹੈ। ਸੁਹੱਪਣ ਏਸ ਜੁੜਤ, ਏਸ ਸਾਂਝ ਨੂੰ ਸੁੰਞਾਪਣ ਦਾ ਨਾਂ ਏ। ਸੁਹੱਪਣ ਦੀ ਸਾਰ ਅਸਲੋਂ ਮਖ਼ਲੂਕ ਦੀ ਕਰਨੀ ਦੇ ਸਾਂਝ ਵਾਲੇ ਤੱਤ ਦੀ ਸਾਰ ਹੈ। ਜਦੋਂ ਕਰਨੀ ਦਾ ਫਲ ਸਾਂਝਾ ਹਾ ਇਹ ਸਾਰ ਅਚੇਤ ਰੂਪ ਵਿਚ ਬੰਦੇ ਦੇ ਅੰਦਰ ਆਹੀ, ਇਕ ਸਹਿਜ ਸਭਾ ਉਲੇਲ। ਜਦ ਕਰਨੀ ਦਾ ਫਲ ਸਾਂਝਾ ਨਾ ਰਿਹਾ ਤਾਂ ਇਹ ਸਾਰ ਵੀ ਬੰਦੇ ਦਿਆਂ ਕਰਾਂ ਪੈਰਾਂ ਵਿਚੋਂ ਉਹਦੀਆਂ ਉਲੇਲਾਂ ਵਿਚੋਂ ਨਿਕਲ਼ ਕੇ ਓਪਰੀ ਹੋ ਗਈ। ਹੁਣ ਬੰਦੇ ਨੂੰ ਚੇਤੇ ਵਿਚ ਇਹਦਾ ਧੂੰ ਧੁਖਾਵਣਾ ਪਿਆ। ਸੁਹੱਪਣ ਸਾਰ ਚਿਰੀ-ਵਿਛੁੰਨੀ ਸਾਂਝ ਦਾ ਚੇਤਾ ਹੈ, ਉਹਨੂੰ ਚਿਤਾਰਣ ਦਾ ਢੋ ਹੈ।

ਵਿਛੁੰਨੀ ਸਾਂਝ ਨੂੰ ਚਿਤਾਰਣ ਵਿਚ ਸੁਖ ਵੀ ਹੈ ਤੇ ਦੁਖ ਵੀ, ਇਹ ਚਿਤਾਰਣ ਖੇਡ ਵੀ ਹੈ ਤੇ ਵੈਣ ਵੀ।

ਜਦੋਂ ਵਿਹਾਰੋਂ ਸਾਂਝ ਨਿਕਲ ਗਈ, ਅਸਾਂਝ ਵਿਹਾਰ ਬਣ ਗਈ ਤਾਂ ਅਸਾਂਝ ਦਾ ਭਰਮ ਤੇ ਆਦਰ ਬੰਦੇ ਦੀ ਸੁਰਤ ਉਤੇ ਸਵਾਰ ਥੀ ਗਿਆ। ਜਿਤਨੀ ਵਿਹਾਰ ਨਾਲ਼ ਜੁੜਤ ਪਕੇਰੀ ਥਈ ਓਤਨੀ ਈ ਅਸਾਂਝ ਦੇ ਭਰਮ ਤੇ ਆਦਰ ਦੀ ਸਵਾਰੀ ਪਕੇਰੀ ਥਈ। ਸੁਹੱਪਣ ਹੁਣ ਅਸਾਂਝ ਨੂੰ ਪਛਾਨਣ ਦਾ ਉਹਦੀ ਮੋਹ ਮਾਨਣ ਦਾ ਰਛ ਬਣ ਗਿਆ। ਬੰਦੇ ਦੇ ਗੁਣ, ਉਹਦੀ ਸਾਂਝੀ ਕਰਨੀ ਦੇ ਜੰਮ-ਪਲ, ਕੀ ਬੁੱਤਕਾਰੀ, ਕੀ ਚਿਤਰਕਾਰੀ, ਵਧੋ ਵਧੀ ਤੇ ਉਚ ਝਿਕ ਦਾ ਰੰਗ ਰੋਗ਼ਨ ਬਣ ਗਏ। ਬੁੱਤਘਾੜੇ ਤੇ ਚਿਤੇਰੇ ਕੋਠੀਆਂ ਮੰਡਪਾਂ ਮਾੜੀਆਂ ਦੇ ਸਜਾਵਣਹਾਰ ਹੋ ਗਏ। ਅਸਾਂਝ ਦੇ ਭਰਮ ਦੇ ਮਾਰੇ ਦੂਜਿਆਂ ਨੂੰ ਭਰਮਾਵਣ ਦੇ ਕੰਮ ਤੇ ਲਗ ਪਏ ਜਿਵੇਂ ਕਰਨੀ ਦਾ ਫਲ ਬੰਦੇ ਨੂੰ ਬੰਨ੍ਹਣ ਦੇ ਕੰਮ ਆਇਆ, ਸਾਂਝੀ ਕਿਰਤ ਵਿਛੋੜੇ ਦਾ ਰਛ ਬਣੀ, ਤਿਵੇਂ ਸੁਹੱਪਣ ਵੀ ਬੰਦੇ ਨੂੰ ਕੋਝਿਆਂ ਕਰਨ ਦਾ ਹਥਿਆਰ ਥੀ ਗਿਆ । ਹੁਣ ਦਖ ਦਾ ਸੁਹੱਪਣ ਹੁਸਨ ਦਾ ਵਖਾਲਾ ਇਕ ਫੰਦ ਬਣ ਗਿਆ।ਕੋਠਿਆਂ, ਮੰਡਪਾਂ, ਮਾੜੀਆਂ ਦਾ ਸੁਹੱਪਣ, ਤੀਰਥਾਂ, ਮੰਦਰਾਂ, ਮਸੀਤਾਂ ਦਾ ਸੁਹੱਪਣ ਅਸਾਂਝ ਭਰਮ ਦੇ ਕੋਝ ਨੂੰ ਕੱਜਣ ਦਾ ਜਤਨ ਹੈ।ਸੋ ਆਪ ਕੋਝ ਹੈ। ਅਸਾਂਝੀ ਮਲ ਵਾਲੇ ਜੂਠ ਤੋਂ ਡਰਦੇ ਨੇਂ। ਜੂਠ ਨੂੰ ਧੋਵਣ ਲਈ ਸਫ਼ਾਈ-ਸੁਥਰਾਈ ਦੇ ਆਹਰ ਥੀਂਦੇ ਹਨ ਹਰ ਵੇਲੇ, ਪਰ ਜਿਤਨੀ ਸਫ਼ਾਈ-ਸੁਥਰਾਈ ਵਧਦੀ ਏ ਅਸਾਂਝ ਦਾ ਅੰਦਰਲਾ ਗੰਦ ਵਧੇਰੇ ਉਘੜਦਾ ਏ। ਬਗੇ ਬਾਣੇ, ਚਿਲਕਣੇ ਸੰਘਾਰ, ਚਿਤਵੇ ਪਾਸੇ ਸਭ ਕੋਝ ਭੜਕਾਰਾ ਹੈ। ਏਸ ਕੋਝ ਨੂੰ ਕੋਝ ਕਰ ਕੇ ਈ ਸੁੰਜਾਨਣਾ ਚਾਹੀਦਾ ਏ। ਕੋਠਿਆਂ, ਮੰਡਪਾਂ, ਮਾੜੀਆਂ ਨੂੰ ਸਜਾਵਣ ਵਾਲਿਆਂ ਚਿਤਰਾਂ ਨੂੰ ਚਿਤਰ ਨਹੀਂ ਮੰਨਣਾ ਚਾਹੀਦਾ ਜਿਵੇਂ ਜੀਆਂ ਖਾਣੇ ਬਗਲੇ "ਬਗ" (ਅਸ਼ਰਾਫ਼, ਵਡੇ, ਸਰਦਾਰ) ਨਹੀਂ ਮੰਨੇ ਜਾਣੇ ਚਾਹੀਦੇ।

ਖੋਟ ਵਿਹਾਰ ਦਖ ਰਾਹੀਂ ਮਨਾਂ ਨੂੰ ਕੀਲਦਾ ਏ ਪਰ ਵਰਤਣ ਵਿਚ ਆਪਣਾ ਅਸਲ ਰੂਪ ਵਖਾਲ ਦੇਂਦਾ ਏ। ਕੋਠਿਆਂ, ਮੰਡਪਾਂ, ਮਾੜੀਆਂ ਦਾ ਕੰਮ ਮਖ਼ਲੂਕ ਨੂੰ ਰਿਝਾਵਣ ਤੇ ਦਬਾਵਣ ਈ ਹੈ। ਇਹੋ ਤੱਤ ਏ ਇਨ੍ਹਾਂ ਦੀ ਬਣਤਰ ਤੇ ਸਜਾਵਟ ਦਾ। ਜੇ ਮਖ਼ਲੂਕ ਨੂੰ ਇਹ ਸਾਰ ਥੀ ਵੰਞੇ ਤਾਂ ਉਹਦੇ ਲਈ ਇਹ ਨਿਕੰਮੀਆਂ ਨੇਂ। ਜਿਹੜਾ ਸੁਹੱਪਣ, ਆਦਰ, ਮਾਣ, ਤਾਣ ਇਨ੍ਹਾਂ ਦੀ ਦਖ ਵਖੇਂਦੀ ਏ ਉਹ ਤੇ ਮਖ਼ਲੂਕ ਦੀ ਖੁਸੀ ਹੋਈ ਹਸਤੀ ਦਾ ਵਿਗਾੜ ਏ। ਇਹ ਕੋਠੇ ਮੰਡਪ ਮਾੜੀਆਂ ਮਖ਼ਲੂਕ ਦੇ ਕਬਜ਼ੇ ਵਿਚ ਵੀ ਆ ਵੰਞਣ ਤਾਂ ਕਿਸ ਕਾਰੇਂ। ਕੰਮ ਇਨ੍ਹਾਂ ਦਾ ਹੈ ਈ ਮਖ਼ਲੂਕ ਨੂੰ ਫਾਹੁਣ ਤੇ ਉਹ

ਮੁਕਦਾ ਏ ਇਨ੍ਹਾਂ ਦੇ ਢੈਣ ਨਾਲ਼।ਨਹੀਂ।ਖੋਟ ਵਿਹਾਰ ਦੇ ਢੈਣ ਨਾਲ਼ ਜਿਹਦਾ ਇਹ ਨਿਸ਼ਾਨ ਨੇਂ।

ਖੋਟ ਵਿਹਾਰ ਦੇ ਹੁੰਦਿਆਂ ਬੰਦੇ ਦਾ ਬੰਦੇ ਨਾਲ਼ ਕੋਈ ਖਰਾ ਸਾਕ ਵੀ ਹੋ ਸਕਦਾ ਏ?

"ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥"

ਖੋਟ ਵਖਾਲਿਆਂ ਵਿਚ ਜੜਿਆ ਇਹ ਦੋਹੜਾ ਖੋਟ ਵਖਾਲਿਆਂ ਦਾ ਉਲਟਾਅ ਕਰੇਂਦਾ ਏ। ਬਗਾਂ, ਮਾੜੀਆਂ, ਮੰਡਪਾਂ ਹਾਰ ਕੀਂਹ ਹਾਰ ਇਹ ਸਜਣ ਵਰਤਣ ਵਿਚ ਆਪਣੀ ਖ਼ਸਲਤ ਨਹੀਂ ਵਟੇਂਦੇ। ਸਗੋਂ ਸਜਣਾਈ ਪਰਖੀਵਣ ਨਾਲ਼ ਉਘੜਦੀ ਏ। "ਚਲਦਿਆਂ ਨਾਲ਼ਿ ਚਲੰਨਿ " ਖੋਟ ਵਿਹਾਰ ਦੇ ਉਲਟ ਵਗਣ ਹੈ। ਸਜਣਾਂ ਦੀ ਇਹ ਸਾਂਝ ਅੰਦਰ ਬਾਹਰ ਇਕ ਹੋਵਣ ਪਾਰੋਂ ਹੈ।

ਜੋ ਵੇਖਣ ਵਿਚ ਸੋ ਵਰਤਣ ਵਿਚ। "ਚਲਦਿਆਂ ਨਾਲਿ ਚਲੰਨਿ" ਤੇ "ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥" ਤੋਂ ਜਾਪਦਾ ਏ ਜੋ ਸਜਣਾਂ ਦਾ ਪੰਧ ਔਕੜਾਂ ਭਰਿਆ ਹੈ, ਵੈਰੀਆਂ ਦੀ ਜੂਹ ਦੇ ਵਿਚੋਂ। ਵੈਰੀ ਉਹੋ ਈ ਹਨ ਜਿਨ੍ਹਾਂ ਦੀਆਂ ਵਖਾਲੀਆਂ ਏਸ ਦੋਹੜੇ ਨੂੰ ਘੇਰੀ ਖਲੋਤੀਆਂ ਨੇਂ। ਖੋਟ ਵਿਹਾਰ ਵਾਲਿਆਂ ਨੂੰ ਸੱਜਣਾਂ ਦੇ ਏਸ ਸੰਗ ਤੋਂ ਇਹਦੇ ਪੰਧ ਪਵਣ ਤੋਂ ਡਾਢਾ ਡਰ ਜਾਪਦਾ ਏ। ਥਾਂ ਥਾਂ ਇਹ ਸੰਗ ਪਰਖੀਂਵਦਾ ਏ। ਖੋਟ ਵਿਹਾਰ ਵਿਚ ਖਰੇ ਉਹੋ ਥੀ ਸਕਦੇ ਹਨ ਜੋ ਖੋਟ ਵਿਹਾਰ ਦੇ ਉਲਟ ਵਗਨ, ਜੋ ਇਹਦੇ ਤਰੋੜ ਕੀਤੇ ਜੁੜ ਕੇ ਪੰਧ ਪਵਣ।

*******

# ਕਿਤਾਬ: ਰੰਗ, ਫ਼ਰੀਦੋਂ ਨਾਨਕ ਨਾਨਕੋਂ ਫ਼ਰੀਦ

(2000 ਸ. 95–104)

❖

(3)

ਇਕ ਰਮਜ਼ ਲੌਣ ਦੀ ਇਕ ਰਮਜ਼ ਖੰਡ ਦੀ
ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥ ੩੭ ॥

(ਪੰਨਾ–੧੩੭੯)

ਦੂਜੀ ਸਤਰ ਵਿਚ "ਇਕ" "ਇਕਨਾ ਨਾਹੀ ਲੋਣੁ" ਵਾਲੇ ਇਕਨਾਂ ਦਾ ਚੇਤਾ ਕਰੇਂਦਾ ਏ । ਏਥੇ ਵੀ ਦੋਂਹ ਧਿਰਾਂ ਦੀ ਵੰਡ ਏ, ਇਕ ਫ਼ਸਲ ਉਗੇਂਦੀ ਏ, ਇਕ ਉਗੀ ਉਜਾੜਦੀ ਏ। ਉਗਾਵਣ ਵਾਲੇ ਹਨ:

**ਇਕਿ ਰਾਹੇਦੇ ਰਹਿ ਗਏ**

ਰਾਹਣ ਵਾਹੀ ਵਾਣੀ ਦਾ ਕੰਮ ਏ।ਭੋਏਂ ਸਾਰਨ ਗੱਡਣ ਦਾ ਕੰਮ। ਪਰ ਮਾਲਿਕੀ ਵਿਹਾਰ ਵਿਚ ਕੰਮਾਂ ਨਾਲ਼ ਜੁੜੇ ਹੋਏ ਲਫ਼ਜ਼ ਮਾਲਿਕਾਂ ਲਈ ਨਹੀਂ ਵਰਤੀਂਦੇ ਕਿਉਂ ਜੋ ਮਾਲਿਕੀ ਕੰਮ ਪਾਰੋਂ ਨਹੀਂ ਹੁੰਦੀ, ਜ਼ੋਰ ਪਾਰੋਂ ਹੁੰਦੀ ਏ। ਮਾਲਿਕਾਂ ਦਾ ਮਾਲਿਕ ਤੇ ਹਾ ਬਾਤਸ਼ਾਹ ਜਿਹਦਾ ਅਸਲੋਂ ਭੋਏਂ ਨਾਲ਼ ਕੋਈ ਸਾਂਗਾ ਨਾ ਹਾ। ਪਰ ਆਪਣੇ ਜ਼ੋਰ ਪਾਰੋਂ ਉਹਦਾ ਭੋਏਂ ਉਤੇ ਮੁਢਲਾ ਹੱਕ ਮਨੀਂਦਾ ਹਾ। ਜਿਹਨੂੰ ਬਾਤਸ਼ਾਹ ਭੋਏਂ ਦੇਵੇ, ਉਹ ਉਪਜ ਵਿਚੋਂ ਬਾਤਸ਼ਾਹ ਨੂੰ ਮਾਲਕੀ ਦਾ ਹਿੱਸਾ ਦੇਂਵਦਾ ਹਾ। ਬਾਤਸ਼ਾਹ ਦੇ ਬਠਾਏ ਵਡੇਰੇ ਭੋਏਂ ਵਾਲ਼ ਵੀ ਵਾਹੀ ਕਣੋ ਪਰੇਰੇ ਆਹੇ। ਨਿਰੇ ਮਾਲਕੀ ਦੇ ਸਿਰ ਤੇ ਘਰ ਬੈਠੇ ਫ਼ਸਲ ਦੀ ਵੰਡ ਘਿੰਨਦੇ ਆਹੇ। ਪਰ ਥੋੜ੍ਹੀ ਭੋਏਂ ਵਾਲੇ ਹਾਜ਼ਰ ਮਾਲਿਕੀ ਵੀ ਜਿਹੜੇ ਆਪੋਂ ਵੀ ਭੋਏਂ ਰਾਹੰਦੇ ਆਹੇ, ਰਾਹਕ ਦਾ ਲਫ਼ਜ਼ ਹਿੱਸੇ ਤੇ ਕੰਮ ਕਰਨ ਵਾਲਿਆਂ ਅਮਾਲਕਾਂ ਲਈ ਵਰਤਦੇ ਆਹੇ। ਕਿਉਂ ਜੋ ਮਾਲਿਕੀ ਵਿਹਾਰ ਵਿਚ ਮਾਲਿਕੀ ਆਪਣੇ ਜ਼ੋਰ ਤੇ ਧਿਗਾਣ ਪਾਰੋਂ ਪ੍ਰਧਾਨ ਆਹੀ ਤੇ ਕੰਮ ਦਬੇਲ ਹਾ। ਕੰਮ ਵਾਲੇ ਹਾਰੇ ਹੋਏ ਜੀ ਆਹੇ। ਉਹ ਆਪਣੇ ਕੀਤੇ ਉਤੇ ਆਪਣਾ ਹੱਕ ਜ਼ੋਰਾਵਰਾਂ ਅਗੇ ਹਾਰ ਬੈਠੇ ਆਹੇ। ਰਾਹਕ ਹੁਣ ਇੱਕ ਰੰਗ ਦਾ ਬਾਨ੍ਹਾ ਏ। ਜਿਹੜਾ ਫ਼ਸਲ ਉਗਾ ਕੇ ਮਾਲਿਕ ਦੇ ਹਵਾਲੇ ਕਰੇਂਦਾ ਏ ਤੇ ਮਾਲਿਕ ਉਹਦੀ ਰਾਧੀ ਉਹਦੀ ਕੀਤੀ ਕਮਾਈ ਵਿਚੋਂ ਆਪਣਾ ਹਿੱਸਾ

ਰੱਖ ਕੇ ਅੱਧ-ਪਚੱਧ ਉਹਨੂੰ ਗੁਜ਼ਾਰੇ ਜੋਗਾ ਦੇਂਦਾ ਏ। ਇਸ ਅਧ-ਪਚੱਧ ਉਤੇ ਰਾਹਕ ਤੇ ਪਿੰਡ ਦੇ ਦੂਜੇ ਕਸਬੀ ਸੇਪੀ ਜਾਲਦੇ ਨੇਂ। ਇਹ ਅੱਧ-ਪਚੱਧ ਮਸਾਂ ਇਤਨਾ ਈ ਹੁੰਦਾ ਏ ਜੋ ਰਾਹਕ ਨੂੰ ਰਾਹਕੀ ਜੋਗਾ ਰੱਖੇ। ਸੋ ਰਾਹਕ ਰਾਹਕੀ ਵਿਚ ਈ ਮੁੱਕ ਵੈਂਦਾ ਏ:

## ਇਕਿ ਰਾਹੇਦੇ ਰਹਿ ਗਏ

ਰਾਹੇਦੇ ਵਿਚ ਲਗਾਤਾਰ ਕੰਮ ਏ ਅਮੁਕ ਪੋਰਹਾ। "ਰਾਹੇਦੇ" ਵਿਚੋਂ "ਰਹਿ ਗਏ" ਕਢਿਆ ਏ ਸ਼ਾਇਰੀ ਨੇ। ਨਿਕਲ਼ਨਾ ਚਾਹੀਦਾ ਤੇ ਨਹੀਂ। ਰਾਹਣ ਤੇ ਰਹਿ ਜਾਵਣ ਦਾ ਜੋੜ ਤੇ ਕੋਈ ਨਹੀਂ। ਪਰ ਜੋੜ ਬਣ ਗਿਆ ਏ। ਵਿਹਾਰ ਨੇ ਬਣਾ ਦਿੱਤਾ ਏ। ਰਾਹਕੀ ਦੇ ਕੰਮ ਦਾ ਮੁਕ ਵੰਜਣ ਨਾਲ਼, ਮੌਤ ਨਾਲ਼ ਜੋੜ ਹੁਣ ਕੁਦਰਤੀ ਜਾਪਦਾ ਏ ਜਿਵੇਂ ਰਾਹੇਦੇ ਦਾ ਰਹਿ ਗਏ ਨਾਲ਼। ਵਿਹਾਰ ਦੀ ਪੁੱਠ ਕਰਨੀ ਕੁਦਰਤੀ ਜਾਪਦੀ ਏ। ਪਰ ਸ਼ਾਇਰੀ ਨਾਲ਼ ਈ ਸਾਨੂੰ ਦੱਸਦੀ ਏ ਜੋ ਇਹ ਹੈ ਅਸਲੋਂ ਧੱਕਾ। "ਰਾਹੇਦੇ" "ਰਹਿ ਗਏ" ਨਾਲ਼ ਜੋੜ ਵਾਂਗੂੰ । ਹੁਣ ਰਾਹਕ ਦੇ ਅਮੁਕ ਪੋਰਹੇ ਵਿਚੋਂ ਉਹਦੀ ਮੌਤ ਨਿਕਲਦੀ ਏ। ਰਾਹੰਦਿਆਂ ਰਾਹੰਦਿਆਂ ਉਹਦਾ ਸਤ ਮੁਕ ਵੈਂਦਾ ਏ। ਸੋ ਰਾਹਣ ਉਹਦੇ ਭਾ ਦਾ ਰਹਿ ਵੰਜਣ ਏ। ਉਹਦੀ ਰਾਧੀ ਉਜਾੜਵਾਂ ਦੇ ਲੇਖੇ ਜਾ ਲਗਦੀ ਏ। ਉਜਾੜਨ ਹੈ ਅਜਾਈਂ ਖ਼ਰਚਣ, ਵੰਜਾਵਣ। ਰਾਹਕ ਦੀ ਰਾਧੀ ਕੁਝ ਭੋਏਂ ਵਾਲਿਆਂ ਦੇ ਕੋਠਿਆਂ ਵਿਚ ਚੜ੍ਹ ਵੈਂਦੀ ਏ, ਕੁਝ ਸ਼ਾਹੀ ਖ਼ਜ਼ਾਨੇ ਵਿਚ। ਅਗੋਂ ਭੋਏਂਵਾਲ਼ ਆਪਣੀ ਭੋਏਂਵਾਲੀ ਨੂੰ ਤੇ ਬਾਤਸ਼ਾਹ ਆਪਣੀ ਬਾਤਸ਼ਾਹੀ ਨੂੰ ਰੱਖਣ ਕੀਤੇ ਜਿਵੇਂ ਚਾਹਵੇ ਰਾਹਕ ਦੀ ਰਾਧੀ ਨੂੰ ਖ਼ਰਚੇ। ਇਹ ਹੈ ਉਜਾੜਾ। ਪਸ਼ੂਆਂ ਦੇ ਫ਼ਸਲ ਵਿਚ ਵੜਨ ਨੂੰ ਉਜਾੜਨ ਆਖਦੇ ਨੇਂ। ਦੋਹੜੇ ਵਿਚ ਇਕ ਆਡੀ ਜਿਹੀ ਸੈਂਤਰ ਇਹ ਵੀ ਹੈ ਜੋ ਰਾਹਕ ਦੀ ਰਾਧੀ ਸਾਂਭਣ ਵਾਲੇ ਪਸ਼ੂਆਂ ਹਾਰ ਹਨ, ਆਪਣੀ ਭੁੱਖ ਦੇ ਵਗਾਏ ਜਿਨ੍ਹਾਂ ਨੂੰ ਰਾਹਵਣ ਵਾਲਿਆਂ ਦੀ ਘਾਲ ਦਾ ਕੋਈ ਦਰਦ ਨਹੀਂ।

ਵਸੇਬ ਦੋਂਹ ਧਿਰਾਂ ਵਿਚ ਵੰਡਿਆ ਪਿਆ ਏ। ਰਾਹਵਣ ਵਾਲੇ ਤੇ ਰਾਧੀ ਉਜਾੜਨ ਵਾਲੇ। ਭੋਏਂ ਦੀ ਉਪਜ, ਮਖ਼ਲੂਕ ਦੀ ਕਰਨੀ, ਰਾਹਵਣ ਵਾਲਿਆਂ ਦੇ ਹਥੋਂ ਨਿਕਲ਼ ਗਈ ਏ ਤੇ ਉਜਾੜਵਾਂ ਦੇ ਢਹਾਏ ਚੜ੍ਹ ਕੇ ਮਖ਼ਲੂਕ ਦੇ ਭਾ ਦੀ ਵਿਸ ਬਣ ਗਈ ਏ। ਬੰਦੇ ਦੀ ਕਰਨੀ ਜੀਵਨ ਸੋਮਾ ਹੈ ਪਰ ਕੁਚੱਜ ਵਰਤਾਰੇ ਨੇ ਏਸ ਜੀਵਨ ਸੋਮੇ ਨੂੰ ਮੌਤ ਦਾ ਘੁੰਮਣ-ਘੇਰ ਬਣਾ ਦਿਤਾ ਏ। ਗੰਦਲਾਂ ਦਾ ਸੁਣ ਕੇ ਅੱਖਾਂ ਅਗੇ ਹਰਿਆਵਲ ਆਉਂਦੀ ਏ। ਮੂੰਹ ਮਿਠਾਸ ਤੇ ਪੂਰੀਂ ਕੂਲੀ ਛੋਹ। ਗੰਦਲੀਂ ਸੁਗੰਧ ਵੀ ਹੁੰਦੀ ਏ। ਗੰਦਲ ਵਧਣਹਾਰ ਹੈ ਫੁਲਣਹਾਰ। ਗੰਦਲ ਦੀ ਰਮਜ਼ ਬੰਦੇ ਦੀਆਂ ਸਕਤਾਂ ਨੂੰ

ਵਤਰ ਲਗਣ ਦੀ ਰਮਜ਼ ਏ। ਪਰ ਏਥੇ ਵਿਸ ਲਫ਼ਜ਼ ਨੇ ਗੰਦਲਾਂ ਨੂੰ ਡਰਾਵਣਾ ਬਣਾ ਦਿਤਾ ਏ ਤੇ ਗੰਦਲਾਂ ਦੇ ਸਾਰੇ ਗੁਣ ਫੰਦ ਜਾਪਦੇ ਹਨ, ਜਿਥੋਂ ਸਰੀਰ ਦਿਆਂ ਸਵਾਦਾਂ ਦਾ ਸੁਖ ਲੱਭਦਾ ਸੀ ਓਥੋਂ ਹੁਣ ਮੌਤ ਮਿਲਦੀ ਏ।

ਵਿਸ ਗੰਦਲਾਂ ਬੂਟਿਆਂ ਨਾਲ਼ ਨਹੀਂ ਲਗੀਆਂ ਹੋਈਆਂ। ਕਪ ਕੇ ਧਰੀਆਂ ਹੋਈਆਂ ਨੇਂ। ਖੰਡ ਲਵੇੜ ਕੇ। ਗੰਦਲਾਂ ਨੂੰ ਵਿਸ ਤੇ ਤਦੋਂ ਈ ਚੜ੍ਹ ਗਈ ਸੀ ਜਦੋਂ ਰਾਹਕ ਨੇ ਆਪਣੇ ਅਮੁਕ ਪੋਰ੍ਹੇ ਨਾਲ਼, ਧਰੋ ਦੀ ਕਿਰਕ ਦਿਲ ਵਿਚ ਰੱਖ ਕੇ ਫ਼ਸਲ ਉਗਾਈ। ਜਦੋਂ ਉਸ ਫ਼ਸਲ ਉਗੇਂਦਿਆਂ ਆਪਣੀ ਕਰਨੀ ਕੋਲੋਂ ਵਿਛੋੜੇ ਦਾ ਸਲ ਪਾ ਲਿਆ। ਫ਼ਸਲ ਸਾਂਭਣ ਵਾਲਿਆਂ ਨੇ ਏਸ ਵਿਸ ਨੂੰ ਖੰਡ ਲਵੇੜ ਕੇ ਵਰਤਾਵਣ ਦਾ ਆਹਰ ਕੀਤਾ ਏ।

ਦੋਹੜੇ ਦੀ ਦੂਜੀ ਸਤਰ ਪੜ੍ਹ ਕੇ ਮੁੜ ਪਹਿਲੀ ਵਲ ਪਰਤਣਾ ਪਾਉਂਦਾ ਏ। ਰਾਹੇ ਦੇ ਨਾਲ਼ ਗੰਦਲਾਂ ਦੇ ਜੋੜ ਰਾਹੀਂ ਦੋਂਹ ਸਤਰਾਂ ਦਾ ਜੋੜ ਜੁੜਦਾ ਏ ਤੇ ਬੁਝਾਰਤ ਦੇ ਭੇਤ ਵਲ ਸੈਂਤਰ ਹੁੰਦੀ ਏ। ਪਹਿਲੀ ਵਾਰੀ ਪੜ੍ਹਿਆਂ ਤੇ ਲਫ਼ਜ਼ "ਇਹ" ਨਿਰਾ ਬੁਝਾਰਤ ਪਾਵਣ ਦਾ ਪੈਂਤੜਾ ਈ ਜਾਪਦਾ ਏ ਪਰ ਦੂਜੀ ਸਤਰੋਂ ਪਰਤ ਕੇ ਇਹ ਅਚੰਭੇ ਦੀ ਸੈਂਤਰ ਬਣ ਵੈਂਦਾ ਏ।ਡਰ ਭਰਿਆ ਅਚੰਭਾ ਜਿਹੜਾ ਅਸਲ ਹਾਲ ਦੀ ਸਮਝ ਲਗਿਆਂ ਥਿਆ ਏ। ਬੰਦੇ ਦੀ ਉਪਜ ਦਾ ਕੁਲ ਭੰਡਾਰ ਉਹਦੀ ਕਰਨੀ ਦਾ ਫਲ ਉਹਦਾ ਤੱਤ ਸਤ ਖੰਡ ਲਵੇੜ ਕੇ ਧਰੀਆਂ ਗੰਦਲਾਂ ਦਾ ਰੂਪ ਧਾਰ ਗਿਆ ਏ। ਇਕ ਡਰਾਵਣਾ ਫੰਦ ਬਣ ਗਿਆ ਏ ਆਪਣੇ ਸਿਰਜਣਹਾਰ ਵਾਸਤੇ। ("ਖੰਡ ਲਿਵਾੜ" ਵਾਲਾ ਸ਼ਤਾਨੀ ਫ਼ਰੇਬ ਪੂਰਾ ਫੰਦ ਬਣਿਆ ਏ "ਧਰੀਆਂ" ਵਾਲੀ ਸੈਂਤਰ ਨਾਲ਼।)

ਦੋਹਾਂ ਸਤਰਾਂ ਵਿਚ ਇਕ ਬੁਝਾਰਤੀ ਦੂਰੀ ਏ। ਕਿਉਂ ਜੋ ਦੋਹਾਂ ਵਿਚ ਹੋਵਣ ਵਾਲੀਆਂ ਗੱਲਾਂ ਦਾ ਆਪਸੀ ਜੋੜ ਤੁਰਤ ਸਹੀ ਨਹੀਂ ਹੁੰਦਾ। ਦੂਜੀ ਸਤਰੇ ਰਾਹਣ ਵਾਲੇ ਤੇ ਉਜਾੜਨ ਵਾਲੇ ਦੋਵੇਂ ਆਪੋ ਆਪਣੇ ਆਹਰੀਂ ਰੁਧੇ ਜਾਪਦੇ ਨੇਂ।ਤੇ ਪਹਿਲੀ ਸਤਰੇ ਇਨ੍ਹਾਂ ਦੀਆਂ ਆਹਰਾਂ ਦਾ ਸਿੱਟਾ ਜਿਵੇਂ ਇਨ੍ਹਾਂ ਦੀ ਸੁਰਤੋਂ ਪਰੇਰੇ ਆਪਣੇ ਆਪ ਪਿਆ ਨਿਕਲਦਾ ਏ। ਜਿਵੇਂ ਕਿਸੇ ਤਰੀਜੀ ਵੱਖਰੀ ਤਾਕਤ ਦਾ ਕੀਤਾ ਹੋਵੇ। ਇਹ ਤਰੀਜੀ ਤਾਕਤ ਵਿਹਾਰ ਏ। ਦੋਹਾਂ ਧਿਰਾਂ ਦੇ ਆਪਸੀ ਕੁਸਾਕ ਦਾ ਵੇਤਰਿਆ ਵਿਹਾਰ, ਜਿਹੜਾ ਦੋਹਾਂ ਧਿਰਾਂ ਦਿਆਂ ਜੀਆਂ ਨੂੰ ਬਧਿਆਂ ਆਹਰਾਂ ਵਿਚ ਬੰਨ੍ਹ ਵਗੇਂਦਾ ਏ।ਰਾਹਣ ਵਾਲਿਆਂ ਨੂੰ ਰਾਹਣ ਤੋਂ ਤੇ ਉਜਾੜਨ ਵਾਲਿਆਂ ਨੂੰ ਉਜਾੜਨ ਤੋਂ ਸਿਰ ਨਹੀਂ ਚਾਵਣ ਦੇਂਦਾ। ਰਾਹਣ ਵਾਲੇ ਤੇ ਆਪਣੀ ਕਰਣੀ ਕਣੋਂ ਆਪਣੇ

ਆਪੇ ਕਣੋਂ ਵਿਛੜੇ ਈ ਹੋਏ ਨੇਂ। ਉਨ੍ਹਾਂ ਦੀ ਕਰਨੀ ਬਗਾਨਿਆਂ ਦੀ ਬਾਂਧ ਵਿਚ ਹੈ ਸੋ ਉਹ ਆਪਣੀ ਕਰਨੀ ਰਾਹੀਂ ਆਪਣੇ ਆਪ ਕਣੋਂ ਵਿਛੜੇ ਹੋਏ ਨੇਂ। ਕਰਨੀ ਜਿਹੜੀ ਆਪਣੇ ਆਪ ਨੂੰ ਮਿਲਣ ਦਾ ਰਾਹ ਹੈ, ਵਿਛੋੜੇ ਦਾ ਰਾਹ ਬਣ ਗਈ ਏ। ਰਹੇ ਉਜਾੜੂ ਤੇ ਉਨ੍ਹਾਂ ਦੀ ਕਰਨੀ ਤੇ ਹੈ ਈ ਆਪਣੇ ਆਪ ਤੋਂ ਦੂਰ ਰਹਿਣ ਲਈ, ਆਪਣੀ ਬੰਦਿਆਈ ਦੇ ਮੂੰਹ ਨਾ ਲਗਣ ਲਈ। ਵਿਹਾਰ ਜੋ ਵੀ ਵਰਤਣ ਵਰਤੀਂਦਾ ਏ ਉਹ ਖੋਟ ਹੈ। ਆਪਣੇ ਆਪ ਕਣੋਂ ਵਿਛੋੜਾ ਸਹੇੜਨ ਈ ਵਿਸ ਖਾਵਣ ਏ।ਵਿਹਾਰ ਏਸ ਵਿਸ ਨੂੰ ਸੈ ਰੰਗਾਂ ਦੀ ਖੰਡ ਲਵੇੜ ਕੇ ਵਰਤਾਉਂਦਾ ਹੈ। ਮਿਲਾਪ ਦੇ ਅਨੰਦ ਦਾ ਭਰਮ ਵਿਹਾਰ ਦੀ ਹਰ ਵਰਤਣ ਵਿਚ ਹੈ।ਉਜਾੜੂ ਜਿਹੜੇ ਭਾਰੂ ਹਨ,ਆਪ ਹਰ ਪਲ ਇਹੋ ਖੰਡ ਲਿਵਾ ਅੰੜੀਆਂ ਵਿਸ ਗੰਦਲਾਂ ਖਾਉਂਦੇ ਹਨ ਤੇ ਹਰ ਪਲ ਰਾਹਣ ਵਾਲਿਆਂ ਨੂੰ ਇਨ੍ਹਾਂ ਵਿਸ ਗੰਦਲਾਂ ਦਾ ਰਹਿੰਦ ਖੂੰਦ ਵਰਤਾਉਂਦੇ ਹਨ।ਵਿਸ ਤੇ ਖੰਡ ਇਕ ਹੋਰ ਦੋਹੜੇ ਵਿਚ ਵੀ ਜੁੜੀਆਂ ਨੇਂ:

> ਦੇਖ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥
> ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥(ਪੰਨਾ-੧੩੭੮)

ਇਹ ਦੋਹੜਾ ਉਨ੍ਹਾਂ ਦੋਹੜਿਆਂ ਵਿਚੋਂ ਹੈ ਜਿਨ੍ਹਾਂ ਨੂੰ ਇਕ ਪੂਜ ਪ੍ਰਵਾਨ ਪੜ੍ਹਤ ਬਾਵਾ ਫ਼ਰੀਦ ਸਾਹਿਬ ਦੇ ਬੁਢੇਪੇ ਦੀਆਂ ਤਸਵੀਰਾਂ ਸਮਝਦੀ ਏ ਤੇ ਇਨ੍ਹਾਂ ਤਸਵੀਰਾਂ ਨੂੰ ਇਕ ਸਿਧੜ ਜਿਹੀ ਵਾਜ਼ ਨਸੀਹਤ ਲਈ ਵਰਤਦੀ ਏ। ਏਸ ਦੋਹੜੇ ਵਿਚ ਵੀ ਬੁੱਢੇ ਵਾਰੇ ਖਾਵਣ ਪਚਾਵਣ ਦੀ ਕਸਰ ਦਿੱਸਦੀ ਏ ਖ਼ਾਸ ਕਰ ਮਿੱਠਾ ਖਾਵਣ ਦੀ।ਲਫ਼ਜ਼ ਵੇਦਣ (ਰੋਗ) ਨੂੰ ਇਹ ਪੜ੍ਹਤ ਆਪਣਾ ਪੱਕਾ ਗਵਾਹ ਸਮਝਦੀ ਏ ਤੇ ਤੱਤ ਇਹ ਕੱਢਦੀ ਏ ਜੋ ਬੰਦੇ ਦੀ ਜਵਾਨੀ ਚਾਰ ਦਿਹਾੜੇ ਏ।ਅਖ਼ੀਰ ਬੁਢੇਪਾ ਆਵਣਾ ਈ ਆਵਣਾ ਏ ਤੇ ਬੰਦੇ ਖ਼ਰਾਬ ਥੀਵਣਾ ਈ ਏ।ਖਾਣੋਂ ਪੀਵਣੋਂ ਵੀ ਆਤਰ ਹੋਵਣਾ ਹੈ। ਸਭ ਸ਼ੈ ਆਵਣੀ ਜਾਵਣੀ ਏ।ਸਭ ਚਲੋ ਚਲੀ ਦਾ ਮੇਲ਼ਾ ਏ। ਬੰਦੇ ਨੂੰ ਆਪਣੀ ਅਖ਼ੀਰ ਚੇਤੇ ਕਰਦਿਆਂ ਰਹਿਣਾ ਚਾਹੀਦਾ ਏ। ਤੇ ਰੱਬ ਵਲ ਧਿਆਨ ਦੇਣਾ ਚਾਹੀਦਾ ਏ।ਤੌਬਾ ਤਿਲਾ ਕਰਨੀ ਚਾਹੀਦੀ ਏ।

ਇਹ ਤਾਂ ਅਸੀਂ ਪੁਛ ਨਹੀਂ ਸਕਦੇ ਏਸ ਪੜ੍ਹਤ ਨੂੰ ਭਈ ਜੇ ਐਡੀ ਸਿੱਧੀ ਗੱਲ ਨੂੰ ਐਡੇ ਸਿੱਧੇ ਸਭਾ ਈ ਆਖਣਾ ਸੀ ਤਾਂ ਦੋਹੜਾ ਲਿਖਣ ਦੀ ਸ਼ਾਇਰੀ ਕਰਨ ਦੀ ਕੀ ਲੋੜ ਸੀ। ਪੁਛ ਏਸ ਵਾਸਤੇ ਨਹੀਂ ਸਕਦੇ ਜੋ ਏਸ ਪੜ੍ਹਤ ਭਾਣੇ ਸ਼ਾਇਰੀ ਹੈ ਈ ਆਮ ਸਮਝੀਆਂ ਸੋਚੀਆਂ ਗੱਲਾਂ ਨੂੰ ਸਿੱਧੇ ਸਭਾ ਸੁਨਾਵਣ ਦਾ ਇਕ ਜ਼ਰੀਆ।ਸਗੋਂ ਜਦ ਤਾਈਂ ਜਾਣੀਆਂ-ਪਛਾਣੀਆਂ

ਗੱਲਾਂ ਨੂੰ ਜਾਣੇ-ਪਛਾਣੇ ਤਰੀਕੇ ਨਾਲ਼ ਅਦਾ ਨਾ ਕੀਤਾ ਵੰਜੇ ਸ਼ਾਇਰੀ ਬਣਦੀ ਈ ਨਹੀਂ ਏਸ ਪੜ੍ਹਤ ਲੇਖੇ।

ਇਥੇ ਸ਼ਕਰ ਤੇ ਵਿਸ ਦਾ ਜਿਹੜਾ ਜੋੜ ਜੁੜਿਆ ਏ ਉਹ ਵਿਸ ਗੰਦਲਾਂ ਵਾਲੇ ਦੋਹੜੇ ਵਲ ਸੈਂਤਰ ਕਰੇਂਦਾ ਜਾਪਦਾ ਏ। ਓਥੇ ਗੰਦਲਾਂ ਵਿਸਲ ਥੀ ਗਈਆਂ ਨੇਂ ਤੇ ਉਨ੍ਹਾਂ ਉਤੇ ਖੰਡ ਚੜ੍ਹਾਵਣੀ ਪੈ ਗਈ ਏ।ਇਥੇ ਸ਼ਕਰ ਆਪ ਈ ਵਿਸ ਥੀ ਗਈ ਏ। ਬੰਦਾ ਸ਼ਕਰ ਨੂੰ ਸ਼ਕਰ ਸਮਝ ਕੇ ਖਾਂਦਾ ਏ ਤੇ ਮਰਦਾ ਏ। ਬੰਦੇ ਦੀ ਖਾਧ ਹਥੀਂ ਉਗਾਈ ਬਣਾਈ ਖਾਧ, ਉਹਦਾ ਜੀਵਨ ਚਸ ਉਹਦੀ ਮੌਤ ਬਣ ਗਿਆ ਏ। ਸੂਰਤਾਂ ਉਹੋ ਨੇਂ ਤੱਤ ਵੱਟ ਗਏ ਨੇਂ।ਤਾਸੀਰਾਂ ਉਲਟ ਗਈਆਂ ਨੇਂ।

ਉਹ ਪੁਜ ਪ੍ਰਵਾਨ ਪੜ੍ਹਤ ਆਖਦੀ ਏ: ਤੁਸੀਂ ਤੇ ਨਹੀਂ ਪੁਛ ਸਕਦੇ ਸਾਨੂੰ ਪਰ ਅਸੀਂ ਤੇ ਤੁਹਾਨੂੰ ਪੁਛ ਸਕਨੇ ਆਂ ਪਿਛਲੇ ਦੋਹੜੇ ਵਿਚ ਤੇ ਤੁਸਾਂ ਕੱਢ ਧਰਿਆ ਹਾ ਜੋੜ, ਗੰਦਲਾਂ ਦਾ ਫ਼ਸਲ ਨਾਲ਼। ਇਥੇ ਸ਼ਕਰ ਨੂੰ ਕਿਹੜੇ ਹਿਸਾਬ ਸਿਰ ਜੋੜਦੇ ਓ ਬੰਦੇ ਦੀ ਮਿਹਨਤ ਨਾਲ਼ ਤੇ ਵਿਹਾਰ ਨਾਲ਼।ਆਪਣੀ ਸੋਚ ਦੀ ਧੱਕੇਸ਼ਾਹੀ ਚਲਾਵਣ ਵਾਸਤੇ। ਸਾਨੂੰ ਤੇ "ਵੇਦਣ" ਨੂੰ ਪੱਕਾ ਗਵਾਹ ਕਰਨ ਦਾ ਮਿਹਣਾ ਮਾਰਿਉ ਜੇ, ਤੁਹਾਨੂੰ ਤੇ ਏਸ ਦੋਹੜੇ ਵਿਚੋਂ ਕੋਈ ਝੂਠੀ ਗਵਾਹੀ ਵੀ ਨਹੀਂ ਜੁੜੀ ਤੇ ਹੁਣ ਦੂਜੇ ਦੋਹੜੇ ਵਿਚੋਂ ਗਵਾਹ ਫੜ ਭੁਗਤਾਏ ਜੇ। ਸਾਨੂੰ ਅਗਦੋਂ ਮਿਥੀਆਂ ਅਗਦੋਂ ਮਨ ਧਾਰੀਆਂ ਸੋਚਾਂ ਦੋਹੜਿਆਂ ਉਤੇ ਮੜ੍ਹਨ ਦੇ ਉਲਾਹਮੇ ਦੇਂਦੇ ਓ ਤੇ ਹੁਣ ਆਪ ਕੀ ਪਏ ਕਰਦੇ ਓ।ਗੱਲ ਏਸ ਪੜ੍ਹਤ ਦੀ ਠੀਕ ਏ। ਜੇ ਨਿਰਾ ਏਸ ਦੋਹੜੇ ਨੂੰ ਈ ਪੜ੍ਹੋ ਤੇ ਭੁਲ ਵੰਝੋ ਜੋ ਇਹ ਫ਼ਰੀਦੀ ਦੋਹੜਾ ਏ ਤਾਂ ਤੇ ਸਾਡੇ ਵਾਲੀ ਪੜ੍ਹਤ ਧੱਕਾ ਈ ਏ।ਪਰ ਇਹ ਕਿਵੇਂ ਭੁਲੀਏ ਜੋ ਇਹ ਫ਼ਰੀਦੀ ਦੋਹੜਾ ਈ ਏ ਤੇ ਫ਼ਰੀਦ ਵਿਚ ਜਿਵੇਂ ਸ਼ਾਇਰੀ ਦੀ ਰੀਤ ਹੈ ਰਮਜ਼ਾਂ ਇਕ ਲਿਖਤ ਵਿਚੋਂ ਬਈ ਵਿਚ ਵੈਂਦੀਆਂ ਨੇਂ, ਥਾਉਂ ਥਾਈਂ ਭੌਂਦੀਆਂ ਨੇਂ।ਪਿਛਲੇਰਿਆਂ ਰੂਪਾਂ ਨੂੰ ਨਾਲ਼ ਰੱਖ ਕੇ ਨਵੇਂ ਸਰੂਪ ਬਣੇਂਦੀਆਂ ਨੇਂ ਜਿਵੇਂ ਅੱਗ ਦੀ ਰਮਜ਼।ਕਈ ਵਾਰੀਂ ਰਮਜ਼ ਜੋੜੇ ਇਕੱਠੇ ਵੀ ਭੌਂਦੇ ਨੇਂ ਜਿਵੇਂ ਹੰਸ ਤੇ ਬਗਲੇ, ਛੱਪੜ ਤੇ ਸਰੋਵਰ। ਛੱਪੜੀ ਤੇ ਹੰਸ। ਸੋ ਅਸੀਂ ਵਿਸ ਤੇ ਖੰਡ ਯਾਂ ਸ਼ਕਰ ਵਾਲੇ ਰਮਜ਼ ਜੋੜੇ ਦੇ ਇਕ ਥਾਂ ਕੀਤੇ ਕੰਮ ਨੂੰ ਦੂਜੀ ਥਾਂ ਚੇਤੇ ਕਰ ਕੇ ਕੋਈ ਵਧੀਕੀ ਨਹੀਂ ਕੀਤੀ।ਵਿਸ ਗੰਦਲਾਂ ਵਾਲੇ ਦੋਹੜੇ ਵਿਚ ਜਿਹੜਾ ਵਸੇਬੀ ਰੋਗ ਪੜਚੋਲਿਆ ਗਿਆ ਏ ਉਹੋ ਇਥੇ ਇੱਕ ਇਕੱਲੇ ਜੀਅ ਦੀ ਰੋਜ਼ ਵਰਤ ਬਣੀ ਜਾਪਦੀ ਏ, ਉਹਦਾ ਅਣ ਮੁੱਕ ਦੁਖ। ਸਾਈਂ ਨੂੰ ਸੁਣਾ ਕੇ ਇਹ ਦੁਖ ਮਖ਼ਲੂਕ ਨਾਲ਼ ਫੋਲਿਆ ਗਿਆ ਏ। ਬਿਗਾਨੇ ਵਿਹਾਰ ਵਿਚ ਇਕ ਸਾਈਂ ਈ ਤੇ ਆਪਣਾ ਏ। ਸਾਈਂ ਮਾੜਿਆਂ ਦੀ ਆਸ ਏ, ਨਿਮਾਣਿਆਂ ਦੀ ਸਾਂਝ ਏ। ਵਰਤਾਰੇ

ਵਿਚੋਂ ਜਿਹੜੀ ਅਪਨਈਅਤ ਉਡ ਗਈ ਏ ਓਸੇ ਦਾ ਨਾਂ ਈ ਤੇ ਸਾਈਂ ਏ।

ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ ॥
ਨਾਨਕ ਏਵ ਨਾ ਜਾਪਈ ਕੋਈ ਖਾਇ ਨਿਦਾਨਿ ॥੧॥ (ਪੰਨਾ-੮੫੪)

ਜਦੋਂ ਇਹ ਦੋਹੜਾ ਸੰਗਤੀਂ ਪੜ੍ਹੀਜਾ ਤੇ ਕਈਆਂ ਨੂੰ ''ਇਕ ਰਾਹੇਦੇ ਰਹਿ ਗਏ'' ਦਾ ਚੇਤਾ ਆਇਆ। ਸੰਗਤੀ ਘਣੇ ਤਾਂ ਏਸ ਪੜ੍ਹਤ ਤੇ ਢੁੱਕੇ ਜੋ ਦੋਹੜਾ ਬੁਝਾਰਤ ਪਾਉਂਦਾ ਹੈ ਭਈ ਵਾਹੁਣ, ਲੁਣਨ (ਵੱਢਣ) ਤੇ ਖਲਿਆਨ ਪਾਵਨ (ਗਾਹੁਣ) ਵਾਲਿਆਂ ਦਾ ਤੇ ਪਤਾ ਏ ਪਰ ਖਾਵਣ ਵਾਲਾ ਇਨ੍ਹਾਂ ਵਿਚੋਂ ਨਹੀਂ, ਉਹ ਬੁਝੋ ਕੌਣ ਹੈ। ਵਾਹੁਣ ਵੱਢਣ, ਗਾਹੁਣ ਵਾਲੇ ਤੇ ਨਹੀਂ ਖਾਉਂਦੇ। ਉਨ੍ਹਾਂ ਵਿਚ ਤੇ ਭੁੱਖ ਈ ਭਾਰੂ ਰਹਿੰਦੀ ਏ। ਜੇ ਖਾਂਦੇ ਵੀ ਹਨ ਉਹ ਤੇ ਉਨ੍ਹਾਂ ਦਾ ਖਾਵਣ ਉਹ ਨਹੀਂ ਜਿਹੜਾ ਛੇਕੜਲੀ ਸਤਰੇ ਆਇਆ ਏ।ਏਸ ਤੋਂ ਇਹ ਵੀ ਗੱਲ ਨਕਲੀ ਮਤਾਂ ਇਥੇ ਖਾਵਣ ਦਾ ਰੰਗ ਉਹ ਨਾ ਹੋਵੇ ਜਿਹੜਾ ਆਖਦੇ ਨੇਂ ਭਈ ਫ਼ਲਾਣਾ ਪੈਸੇ ਖਾ ਗਿਆ।ਯਾਂ ਫ਼ਲਾਣਾ ਕੰਮ ਤਾਂ ਕਰੇਂਦਾ ਏ ਜੇ ਕੁਝ ਖਵਾਓ ਤਾਂ।ਜਾਣੇ ਦੂਜੇ ਦਾ ਹੱਕ ਖਾਵਣ,ਕੀਤਿਓਂ ਬਾਝ ਖਾਵਣ,ਆਪਣੇ ਹਿਸਿਓਂ ਵਧ ਖਾਵਣ।

ਇਕ ਸੰਗਤੀ ਦੱਸਿਆ ਜੋ ਦੋਹੜੇ ਵਿਚ ਖਾਵਣ ਵਾਲਾ ਉਂਜ ਈ ਅਣ-ਸਿਆਤਾ ਏ ਜਿਵੇਂ ਉਹ ਵਰਤਣ ਵਿਚ ਏ।ਦੋਹੜੇ ਦੀਆਂ ਸੁਣਈਅਰਾਂ ਉਹਨੂੰ ਕਦੇ ਜ਼ਾਹਰਾ ਨਹੀਂ ਡਿੱਠਾ। ਦੋਹੜੇ ਦੇ ਸੁਣੀਅਰ ਇਹੋ ਵਾਹਵਣ ਗਾਹਵਣ ਵਾਲੇ ਈ ਹਨ। ਇਨ੍ਹਾਂ ਨੂੰ ਖ਼ਬਰੇ ਰੜਕਦਾ ਤੇ ਹੋਸੀ ਕਦੇ ਜੋ ਖਾਵਣ ਵਾਲਾ ਕੌਣ ਏ ਤੇ ਕਿਉਂ ਖਾਉਂਦਾ ਏ। ਇਹੋ ਰੜਕ ਏ ਜਿਹੜੀ ਨਾਨਕ ਨੇ ਬੁਝਾਰਤ ਬਣਾ ਕੇ ਉਨ੍ਹਾਂ ਅਗੇ ਧਰੀ ਏ ਆਪ ਗੋਲੋ ਤੇ ਬੁਝੋ।ਸਮਝਦਾ ਬੰਦਾ ਉਹੋ ਏ ਜਿਹੜੀ ਆਪ ਗੋਲੇ ਤੇ ਬੁਝੇ।ਇਹੋ ਕੰਮ ਹੈ ਸ਼ਾਇਰੀ ਦਾ। ਸ਼ਾਇਰੀ ਪਿੜ ਹੈ ਜਿਥੇ ਇਹ ਕਰਣਹਾਰ ਜੁੜਦੇ ਨੇਂ ਵਾਹਣੀ ਨੂੰ ਗੋਲਣ, ਵਰਤੀਂਦੀ ਨੂੰ ਸਮਝਣ ਤੇ ਹੋਣੀ ਨੂੰ ਗਵੇੜਨ।ਸ਼ਾਇਰ ਉਨ੍ਹਾਂ ਵਿਚੋਂ ਏ।ਉਹ ਉਨ੍ਹਾਂ ਦੀਆਂ ਅਣਗੌਲੀਆਂ ਰੜਕਾਂ ਉਨ੍ਹਾਂ ਨੂੰ ਬੁਝਾਰਤਾਂ ਰਾਹੀਂ ਬੁਝਾਉਂਦਾ ਹੈ, ਗਾਵਣਾਂ ਵਿਚ ਗਵਾਉਂਦਾ ਤੇ ਖੇਡਾਂ ਵਿਚ ਖਿਡਾਉਂਦਾ ਏ। ਸ਼ਾਇਰ ਅਸਲੋਂ ਉਨ੍ਹਾਂ ਵਿਚੋਂ ਏ, ਸੋ ਇਹ ਉਹਦੀਆਂ ਆਪਣੀਆਂ ਰੜਕਾਂ ਹਨ। ਤਾਹੀਂ ਤੇ ਨਾਨਕ ਆਪਣੇ ਆਪ ਨਾਲ਼ ਗੱਲ ਕਰੇਂਦਾ ਜਾਪਦਾ ਏ ਦੋਹੜੇ ਵਿਚ।

ਕਨਕੂਤ, ਮੁਕੱਦਮ, ਭੋਏਂ ਵਾਲਾਂ ਦੇ ਮੁਨਸ਼ੀ ਮੁਸੱਦੀ, ਸ਼ਾਹੀ ਪਿਆਦੇ ਤੇ ਟਕਰਦੇ ਦਿੱਸਦੇ ਨੇਂ ਵਾਹਣ ਗਾਹਣ ਵਾਲਿਆਂ ਨੂੰ ਪਰ ਇਹ ਸਹੀ ਨਹੀਂ

ਨੇਂ।ਹੁੰਦਾ ਜੋ ਇਹੋ ਈ ਖਾਵਣ ਵਾਲੇ ਹਨ। ਇਹ ਤਾਂ ਹੋਏ ਹੁਕਮ ਦੇ ਬਧੇ। ਮੁੜ ਖਾਉਂਦਾ ਕੌਣ ਏ। ਹੁਕਮ ਦੇਵਣ ਵਾਲੇ? ਉਹ ਕਿਵੇਂ ਥੀ ਸਕਦਾ ਏ। ਭੋਏਂਵਾਲ਼ ਸਰਦਾਰ ਤਾਂ ਵੱਡੇ ਲੋਕ ਹੋਏ। ਬਾਤਸ਼ਾਹ ਹੋਇਆ ਬਾਤਸ਼ਾਹ। ਇਹ ਭਾਗਾਂ ਵਾਲੇ ਖਾਉਂਦੇ ਤਾਂ ਨਹੀਂ। ਉਨ੍ਹਾਂ ਕੋਲ਼ ਤਾਂ ਇਤਨਾ ਕੁਝ ਹੈ। ਸਾਡਿਆਂ ਦਾਣਿਆਂ ਦਾ ਕੀ ਕਦਰ ਏ, ਕੋਈ ਗਿਣਨ ਗੋਚਰੇ ਨੇਂ ਉਨ੍ਹਾਂ ਲਈ। ਇਹ ਤਾਂ ਵਿਹਾਰ ਏ ਕੁਦਰਤ ਦਾ ਦਸਤੂਰ ਏ, ਜੋ ਉਹ ਸਾਥੋਂ ਉਗਰਾਹੀ ਕਰੇਂਦੇ ਨੇਂ ਤੇ ਸਾਡੇ ਸਿਰ ਤੇ ਹੱਥ ਰਖੇਂਦੇ ਨੇਂ ।

ਵਤ ਖਾਉਂਦਾ ਕੌਣ ਏ।ਦੋਹੜਾ ਪੁਛਣੋਂ ਨਹੀਂ ਟਲਦਾ। ਬੁਝਾਰਤਾਂ ਬਾਲਾਂ ਵਾਂਗ ਖਹਿੜੇ ਪੈ ਜਾਂਦੀਆਂ ਨੇਂ।ਬੁਝਣੀਆਂ ਪੌਂਦੀਆਂ ਨੇਂ, ਨਾ ਬੁਝੋ ਤਾਂ ਸਿਰ ਚੜ੍ਹ ਵੈਂਦੀਆਂ ਨੇਂ।ਬੁਝੋ, ਰਲ਼ ਬੁਝੋ ਇਕ ਦੂਜੇ ਨੂੰ ਪੁੱਛੋ ਨਹੀਂ ਤੇ ਸਿਰ ਚੜ੍ਹੀ ਦਿੱਤੀ ਆਓ।ਪਰ ਬੁਝਾਰਤ ਦੀ ਬੁਝ ਉਹਦੀ ਬਣਤਰ ਵਿਚ ਹੋਂਦੀ ਏ। ਉਹਦੀ ਪਾਵਣੀ ਵਿਚ। ਸੋ ਦੋਹੜਾ ਪੁੱਛਦਾ ਵੀ ਏ ਤੇ ਦੱਸਦਾ ਵੀ ਏ। ਦੂਜੀ ਸਤਰ ਵਿਚ ਅਚੰਭਾ ਵੀ ਏ ਭਈ ਵਾਹੁਣ, ਲੁਣਨ, ਖਲਿਆਨ ਪਾਵਣ ਵਾਲੇ ਹੋਰ ਨੇਂ ਤੇ ਖਾਵਣ ਵਾਲਾ ਕੋਈ ਹੋਰ। ਐਥੇ ਦੋਹੜਾ ਸਮਝੇਂਦਾ ਇਹ ਪਿਆ ਏ ਜੋ ਖਾਵਣ ਤਾਂ ਉਨ੍ਹਾਂ ਦਾ ਬਣਦਾ ਏ ਜਿਹੜੇ ਉਪਜੇਂਦੇ ਨੇਂ। ਦੋਹੜਾ ਕੰਮ ਨੂੰ ਖਾਵਣ ਦਾ ਮੂਲ ਬਣੇਂਦਾ ਏ। ਖਾਵਣ ਦਾ ਹੱਕ ਉਸ ਕਰਨੀ ਦਾ, ਇਸ ਘਾਲ ਦਾ ਏ ਜਿਸ ਕੋਈ ਸ਼ੈ ਉਗਾਈ ਬਣਾਈ ਏ। ਕਰਨੀ ਈ ਹੱਕ ਏ। ਕਰਨੀ ਕਰਣਹਾਰ ਦੀ ਜਿੰਦ ਏ, ਉਹਦੀ ਹੋਂਦ ਦਾ ਉਹ ਅੰਗ ਜਿਸ ਰਾਹੀਂ ਓਸ ਇਕ ਦੂਜੀ ਹੋਂਦ ਉਸਾਰੀ ਸਹਾਰੀ ਏ। ਕਰਨੀ ਰਾਹੀਂ ਕਰਣਹਾਰ, ਆਪਣਾ ਤੱਤ ਸਤ, ਆਪਣੀ ਹੋਂਦ ਇਕ ਦੂਜੇ ਨੂੰ ਵਰਤੇਂਦੇ ਨੇਂ। ਫ਼ਸਲ ਵਾਹਣ, ਵੱਢਣ, ਗਾਹਣ ਵਾਲਿਆਂ ਦਾ ਸਾਂਝਾ ਤੱਤ ਸਤ ਏ ਉਨ੍ਹਾਂ ਦੀ ਸਾਂਝੀ ਹੋਂਦ। ਇਹ ਹੈ ਖਾਵਣ ਦਾ ਸਾਂਝਾ ਹੱਕ। ਉਗਾਵਣ ਵਾਲੇ ਇਹ ਹੱਕ ਉਨ੍ਹਾਂ ਕਸਬੀਆਂ ਨਾਲ਼ ਵੀ ਸਾਂਝਾ ਕਰੇਂਦੇ ਨੇਂ ਜਿਨ੍ਹਾਂ ਦੀਆਂ ਬਣਾਈਆਂ ਵਸਤਾਂ ਉਹ ਫ਼ਸਲ ਨਾਲ਼ ਵਟੇਂਦੇ ਨੇਂ। ਇਹ ਵਸਤ ਵਟਾਂਦਰਾ ਨਹੀਂ, ਹੋਂਦ ਵਟਾਂਦਰਾ ਏ। ਹੋਂਦ ਸਾਂਝ, ਖਾਵਣ ਇਸੇ ਹੋਂਦ ਸਾਂਝ ਦਾ ਨਾਂ ਏ। ਖਾਵਣ ਰਾਹੀਂ ਇਕ ਦੀ ਹੋਂਦ ਦੂਜੇ ਦੀ ਹੋਂਦ ਬਣਦੀ ਏ। ਇਕ ਦੀ ਜਿੰਦ, ਜਾਨ ਦੂਜੇ ਦੇ ਸਰੀਰ ਵਿਚ ਢੱਲਦੀ ਏ। ਸੋ ਖਾਵਣ ਸਾਂਝ ਵਰਤਾਰਾ ਹੈ।ਇਹ ਉਹੋ ਮਾਣ ਸਕਦਾ ਏ ਜਿਹਨੇ ਕੰਮ ਦੀ ਸਾਂਝ ਮਾਣੀ ਹੋਵੇ। ਜਿਹਨੇ ਘਾਲ ਦੀ ਸਾਂਝੀ ਚੰਗੇਰ ਵਿਚ ਆਪਣੇ ਤੱਤ ਸਤ ਦੀ ਭਾਜੀ ਧਰੀ ਹੋਵੇ।

ਦੋਹੜਾ ਇਸੇ ਅਚੰਭੇ ਵਿਚ ਏ ਜੋ ਕਰਣਹਾਰ ਸਾਂਝੀ ਘਾਲ ਰਾਹੀਂ ਆਪਣੀ ਹੋਂਦ ਨੂੰ ਉਪਜ ਵਿਚ ਤੇ ਪਏ ਢਾਲਦੇ ਨੇਂ ਪਰ ਇਹ ਉਪਜ ਪਰਤ ਕੇ ਉਨ੍ਹਾਂ ਦੀ ਹੋਂਦ ਵਿਚ ਨਹੀਂ ਪਈ ਢੱਲਦੀ। ਕਰਦੇ ਤੇ ਪਏ ਨੇਂ ਪਰ

ਖਾਉਂਦੇ ਨਹੀਂ । ਖਾਉਂਦਾ ਕੋਈ ਹੋਰ ਏ। ਇਹ ਹੋਰ ਉਹੋ ਈ ਏ ਜਿਹੜਾ ਕੰਮ ਦੀ ਸਾਂਝੋਂ ਬਾਹਰਾ ਏ। ਦੋਹੜੇ ਦੇ ਸੁਣੀਅਰ ਪਹਿਲੀ ਸਤਰ ਦੀ ਕੋਈ "ਕੋ" "ਕੋ" ਨੂੰ ਆਪਣੇ ਨਾਲ਼ ਜੋੜਦੇ ਨੇਂ ਤੇ ਦੂਜੀ ਸਤਰ ਵਾਲੀ "ਕੋਈ" ਨੂੰ ਕੰਮ ਸਾਂਝੋਂ ਬਾਹਰਲੀਆਂ ਖਾਉਂਦਿਆਂ ਨਾਲ਼, ਜਿਹੜੇ ਕੰਮ ਵਿਚ ਆਪਣੀ ਹੋਂਦ ਰਲ਼ਾਇਓਂ ਬਿਨਾ ਈ ਕੰਮ ਵਾਲਿਆਂ ਦੀ ਹੋਂਦ ਵਿਚੋਂ ਹਿੱਸਾ ਵੰਡਾ ਗਏ ਨੇਂ।ਜਿਹਨਾਂ ਖਾਵਣ ਦੇ ਮਾਅਨੇ ਸਾਂਝ ਮਾਣਨ ਨਹੀਂ ਰਹਿਣ ਦਿਤੇ ਠੱਗੀ ਧਿਗਾਣ ਤੇ ਲੁੱਟ ਕਰ ਦਿਤੇ ਨੇਂ। ਦੋਹੜੇ ਦੇ ਸੁਣੀਅਰ ਪੁਛ ਸਕਦੇ ਨੇਂ ਭਈ ਬਿਨਾ ਕੰਮ ਤੋਂ ਹਿੱਸੇ ਦੀ ਵੰਡ ਕਿਸ ਹੱਕ ਪਾਰੋਂ ਹੈ ਤੇ ਇਹ ਵੀ ਭਈ ਨਹਕਾ ਖਾਵਣ ਕੁਦਰਤ ਦਾ ਦਸਤੂਰ ਕਿਵੇਂ ਹੋ ਸਕਦਾ ਏ। ਹੁਣ ਉਨ੍ਹਾਂ ਦਿਆਂ ਦਿਲਾਂ ਵਿਚੋਂ ਸਰਦਾਰਾਂ ਬਾਤਸ਼ਾਹਵਾਂ ਦਾ ਆਦਰ ਘੱਟ ਵੀ ਸਕਦਾ ਏ। ਸਰਦਾਰਾਂ ਬਾਤਸ਼ਾਹਵਾਂ ਬਾਰੇ ਪੁਰਾਣੀ ਰੀਤਲ ਸੋਚ ਅਤੇ ਸ਼ਕ ਵੀ ਕਰ ਸਕਦੇ ਨੇਂ ਉਹ। ਪਰ ਜੇ ਨਾ ਕਰਣ ਤੇ ਦੋਹੜੇ ਉਨ੍ਹਾਂ ਨੂੰ ਕੀ ਆਖਣਾ ਏ। ਹਾਂ ਦੋਹੜਾ ਇਹ ਕਰ ਸਕਦਾ ਏ ਜੋ ਆਪਣੀ ਰਮਜ਼ ਕਿਸੇ ਹੋਰ ਦੋਹੜੇ ਨਾਲ਼ ਸਾਂਝੀ ਕਰ ਸੁਣਾਵੇ।

*********

# ਕਿਤਾਬ : ਰੰਗ, ਫ਼ਰੀਦੋਂ ਨਾਨਕ ਨਾਨਕੋਂ ਫ਼ਰੀਦ

(2000 ਸ. 112-117)

❖

(4)

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ॥

(ਪੰਨਾ-੧੪੦)

ਇਹ ਦੋਹੜਾ ਬਾਬੇ ਨਾਨਕ ਦਾ ਪੁਛਦਾ ਵੀ ਤੇ ਪੁਛਣ ਰਾਹੀਂ ਦੱਸਦਾ ਵੀ ਏ।ਦੋਹੜੇ ਦੇ ਪੁਛਣ ਵਿਚ, ਬੁਝਾਰਤ ਦੀ ਭਾ ਤੇ ਹੈ, (ਬੁਝੋ ਭਲਾ "ਜੋ ਰਤੁ ਪੀਵਹਿ ਮਾਣਸਾ" ਕੌਣ ਹੈ।) ਪਰ ਇਹ ਪੁਛਣ ਅਸਲੋਂ ਬੁਝਾਰਤ ਨਹੀਂ। ਇਹ ਇਕ ਦਲੀਲ ਏ ਜਿਹੜੀ ਪਹਿਲੀ ਸਤਰ ਵਿਚ ਦੱਸੀ ਆਮ ਵਰਤੀ ਵਿਚੋਂ ਨਿਤਰੀ ਏ।

ਪਹਿਲੀ ਸਤਰ ਦੱਸਦੀ ਏ ਭਈ ਜੇ ਕਪੜੇ ਨੂੰ ਰੱਤ ਲੱਗ ਵੰਜੇ ਤੇ ਆਖਦੇ ਨੇਂ ਜਾਮਾ ਪਲੀਤ ਹੋ ਗਿਆ ਏ। ਕੌਣ ਆਖਦੇ ਨੇਂ? ਉਹੋ ਜਿਨ੍ਹਾਂ ਦੇ ਕਪੜੇ ਜਾਮੇ ਅਖਵਾਂਦੇ ਨੇਂ। ਇਨ੍ਹਾਂ ਨੂੰ ਈ ਪੁਛਦੀ ਏ ਦੂਜੀ ਸਤਰ ਭਈ ਦਸੋ ਜੇ ਰਤ ਲਗਿਆਂ ਕਪੜਾ ਪਲੀਤ ਥੀ ਵੇਂਦਾ ਏ ਤਾਂ ਰਤ ਪੀਵਣ ਵਾਲੇ ਦਾ ਦਿਲ ਕਿਵੇਂ ਸਾਫ਼ ਰਹਿ ਸਕਦਾ ਏ।ਜਾਮਾ ਆਮ ਮਖ਼ਲੂਕ ਦੇ ਕਪੜੇ ਦਾ ਨਾਂ ਨਹੀਂ। ਰਾਹਕ ਵਾਹਕ ਕਮੀ ਕਮੀਰੇ ਪਹਰੇਵੇ ਨੂੰ ਕਪੜਾ ਈ ਆਖਦੇ ਨੇਂ। ਸੀਤਾ ਵੀ ਕਪੜਾ ਤੇ ਅਣ-ਸੀਤਾ ਵੀ ਕਪੜਾ। ਬਹੁਤਾ ਤੇ ਉਹ ਅਣ-ਸੀਤਾ ਈ ਪਾਉਂਦੇ ਨੇਂ।ਲੱਕ ਹੋਵੇ ਤੇ "ਲੱਕ ਦਾ" ਗੱਲ਼ ਹੋਵੇ ਤੇ "ਗਲ਼ ਦਾ" ਸਿਰ ਹੋਵੇ ਤੇ "ਸਿਰ ਦਾ।", ਇਸੇ ਕਪੜੇ ਕੋਲੋਂ ਉਨ੍ਹਾਂ ਲੋੜ ਵੇਲੇ ਬਏ ਕੰਮ ਵੀ ਘਿਨਣੇ ਹੁੰਦੇ ਨੇਂ।ਬੰਨ੍ਹਣ,ਚਾਵਣ ਦਾ, ਜੋੜਨ-ਸਾਂਭਣ ਦਾ, ਸੋ ਏਸ ਕਪੜੇ ਦੇ ਨਾਂ ਵੀ ਕੰਮ ਸਿਰ ਈ ਪਏ ਵੱਟਦੇ ਨੇਂ।ਫਟ ਬਧਾ ਤੇ ਪਟੀ। ਖੂਹੇ ਵਗਾਇਆ ਤਾਂ ਲਜ, ਬੰਨ੍ਹ ਚਾਇਆ ਤੇ ਗੰਢ ਪੰਡ।ਕਪੜਾ ਥੋਕ ਨਾਂ ਏ ਆਮ ਬੋਲੀ ਦਾ।ਜਾਮਾ ਖ਼ਾਸ ਨਾਂ ਏ ਖ਼ਾਸਾਂ ਦੀ ਬੋਲੀ ਵਿਚੋਂ।

ਆਮਾਂ ਦਾ ਕਪੜਾ ਤੇ ਰਤ ਲਗਿਆਂ ਪਲੀਤ ਨਹੀਂ ਹੁੰਦਾ।ਕਮੇਰਿਆਂ ਨੂੰ ਕੰਮਾਂ ਵਿਚ ਫਿਟ ਝਰੀਟ ਤੇ ਲਗਣੀ ਈ ਹੋਈ।ਰਤ ਉਨ੍ਹਾਂ ਲਈ ਓਪਰੀ ਨਹੀਂ।ਪਲੀਤੀ ਹੁੰਦੀ ਏ ਓਪਰੀਆਂ ਸ਼ੈਵਾਂ ਦੀ ਜਿਹੜੀਆਂ ਵਰਤਣ ਵਿਚ ਨਾ ਹੋਵਣ।ਓਪਰੀਆਂ ਸ਼ੈਵਾਂ ਦਾ ਡਰ ਹੁੰਦਾ ਏ, ਘਿਣ ਕਰਿਹਤ ਵੀ ਹੁੰਦੀ

ਏ।(ਘਿਣ ਕਰਿਹਤ ਡਰ ਦਾ ਈ ਇੱਕ ਰੰਗ ਏ।) ਜਾਮੇ ਵਾਲਿਆਂ ਨੂੰ ਰਤ ਨਾਲ਼ ਵਾਹ ਘੱਟ ਈ ਪੈਂਦਾ ਏ।ਰੱਤ ਉਹ ਘੱਟ ਈ ਵੇਖਦੇ ਨੇਂ।ਜੇ ਵੇਖਣ ਤੇ ਬਹੁਤੀ ਦੂਜਿਆਂ ਦੀ ਈ ਵੇਖਦੇ ਨੇਂ, ਜਨੌਰਾਂ ਦੀ ਯਾਂ ਗੁਨਾਹੀਆਂ ਦੀ ਜਿਨ੍ਹਾਂ ਦੇ ਸਿਰ ਉਨ੍ਹਾਂ ਦੇ ਹੁਕਮ ਤੇ ਲਹਿੰਦੇ ਨੇਂ।ਜਿਹਨਾਂ ਦਾ ਚੰਮ ਉਨ੍ਹਾਂ ਦੇ ਹੁਕਮ ਤੇ ਉਧੜੀਂਦਾ ਏ। ਜਾਮੇ ਵਾਲਿਆਂ ਲਈ ਰਤ ਮੌਤ ਦਾ ਨਿਸ਼ਾਨ ਏ।ਮੌਤ ਅਤ ਓਪਰੀ ਏ। ਜਿਉਂਦਿਆਂ ਬੰਦਾ ਮੌਤ ਨੂੰ ਜਾਣ ਈ ਨਹੀਂ ਸਕਦਾ। ਮਾਰ ਵੀ ਬੰਦਾ ਅਤ ਓਪਰੇ ਨੂੰ ਈ ਸਕਦਾ ਏ ਜਿਹਦੇ ਨਾਲ਼ ਅਪਨਾਈਅਤ ਅਸਲੋਂ ਮੁੱਕ ਗਈ ਹੋਵੇ, ਜਿਹੜਾ ਆਪਣੇ ਵਿਚੋਂ, ਆਪਣੇ ਵਰਗਾ ਨਾ ਜਾਪੇ। ਮੋਇਆ ਅਤ ਓਪਰਾ ਏ ਸੋ ਅਤ ਡਰਾਵਣਾ ਏ ਤੇ ਅਸਲੋਂ ਪਲੀਤ।

ਮਖ਼ਲੂਕ ਰਤ ਨੂੰ ਕੰਮ ਨਾਲੋਂ ਘਟ ਈ ਨਖੇੜਦੀ ਏ। ਕਰਨੀ ਦੇ ਸਿੱਟੇ ਨੂੰ, ਉਪਜ ਨੂੰ, ਕਰਣਹਾਰ ਆਪਣੀ ਰਤ ਈ ਸਮਝਦੇ ਨੇਂ। ਚਿਰਕਾਲੀਂ ਬਾਅਜ਼ਿਆਂ ਵਸੇਬਾਂ ਵਿਚ ਭੁੰਜੇ ਰਤ ਵਗਾਵਣ ਝਾੜ ਵਧਾਵਣ ਦਾ ਸ਼ਗਨ ਹਾ। ਰਤ ਸਕਤ ਏ। ਕਰਨੀ ਸਕਤ ਪਾਰੋਂ ਏ। ਚਿਰਕਾਲੀਂ ਬਾਅਜ਼ਿਆਂ ਵਸੇਬਾਂ ਵਿਚ ਮਾਲਿਕ ਕਰਣਹਾਰਾਂ ਦੀ ਰਤ ਪੀਂਵਦੇ ਵੀ ਆਹੇ ਤੇ ਰਤ ਨਾਲ਼ ਨ੍ਹਾਉਂਦੇ ਵੀ ਆਹੇ। ਮੁਕਦੀ ਸਕਤ ਨੂੰ ਜਵਾਲਣ ਕੀਤੇ।ਨਾਨਕ ਦੇ ਵਸੇਬੇ ਮਾਲਕਾਂ ਦੀ ਰਹਿਤਲ ਮਲੂਕ ਏ। ਉਹ ਰਤ ਨਹੀਂ ਪੀਂਵਦੇ ਨਾ ਸਕਤ ਜਵਾਲਣ ਕੀਤੇ ਰਤੀਂ ਨ੍ਹਾਉਂਦੇ ਨੇਂ। ਸਗੋਂ ਕਪੜੇ ਰਤ ਲਗ ਵੰਜੇ ਤਾਂ ਆਖਦੇ ਨੇਂ ਜਾਮਾ ਪਲੀਤ ਥੀ ਗਿਆ ਏ।

ਪਹਿਰਾਵਾ ਹਸਤੀ ਦਾ ਨਿਸ਼ਾਨ ਹੁੰਦਾ ਏ। ਕਰਣਹਾਰਾਂ ਦੀ ਹਸਤੀ ਜੋ ਹੈ ਸੋ ਹੈ। ਉਹ ਪਹਿਰਾਵੇ ਨੂੰ ਕਪੜਾ ਈ ਆਖਦੇ ਨੇਂ। ਮਾਲਕਾਂ ਦੀ ਹਸਤੀ ਵਿਖਾਲਾ ਏ। ਆਪਣੀ ਨਖੇੜ ਦਾ ਵਿਖਾਲਾ। ਉਹ ਜਾਮਾ ਆਖ ਕੇ ਆਪਣੇ ਕਪੜੇ ਨੂੰ ਕਰਣਹਾਰਾਂ ਦੇ ਕਪੜੇ ਕਣੋਂ ਨਖੇੜ ਵਿਖਾਉਂਦੇ ਨੇਂ। ਮਾਲਕਾਂ ਦੀ ਜ਼ਾਹਰ ਹਸਤੀ ਤੇ ਰਤ ਦੀ ਭਿਟ ਤੋਂ ਪਾਕ ਏ ਪਰ ਅਸਲ ਹਸਤੀ ਜਿਉਂਦੀ ਏ ਕਰਣਹਾਰਾਂ ਦੀ ਰਤ ਤੇ।

ਦੋਹੜੇ ਦੀ ਦੂਜੀ ਸਤਰ ਇਸੇ ਸੱਚ ਦੇ ਮੂੰਹੋਂ ਕਪੜਾ ਚਾਉਂਦੀ ਏ।ਜਿਵੇਂ ਜਾਮੇ ਦੀ ਅਸਲ ਕਪੜਾ ਏ ਐਵੇਂ ਜਾਮੇ ਵਾਲਿਆਂ ਦੀਆਂ ਖਾਵਣ ਹੰਢਾਵਣ ਦੀਆਂ ਸਹੰਸ ਵਸਤਾਂ ਅਸਲੋਂ ਕਰਣਹਾਰਾਂ ਦੀ ਕਰਨੀ, ਮਾਣਸਾਂ ਦੀ ਰਤ ਈ ਨੇਂ। ਜ਼ਾਹਰਾ ਹਸਤੀ ਨੂੰ ਉਹ ਰਤ ਦੀ ਭਿਟ ਤੋਂ ਪਾਕ ਰਖੇਂਦੇ ਨੇਂ ਪਰ ਅਸਲ ਹਸਤੀ ਉਸਰੀ ਈ ਓਪਰੀ, ਪਰਾਈ ਰਤ ਉਤੇ ਹੈ। ਉਹ ਕਿਵੇਂ ਸਾਫ਼ ਏ। ਜ਼ਾਹਰਾ ਪਾਕ ਸਾਫ਼ ਹਸਤੀ, ਪਾਕ ਜਾਮਾ ਅਸਲ ਹਸਤੀ ਦੇ ਗੰਦ ਦਾ ਪੜਦਾ ਈ ਨਹੀਂ?

ਦੋਹੜਾ ਇਹ ਵੀ ਦੱਸਦਾ ਏ ਜੋ ਅਸਲ ਦਾ ਲੁਕਾਅ ਜ਼ਾਹਰ ਦਾ ਪੜਦਾ ਲਫ਼ਜ਼ਾਂ ਰਾਹੀਂ ਹੈ। ਲਫ਼ਜ਼ਾਂ ਦਾ ਰੌਲਾ ਜਿਵੇਂ ਕਪੜੇ ਨੂੰ ਜਾਮਾ ਬਣੇਂਦਾ ਏ ਐਵੇਂ ਕਰਣਹਾਰਾਂ ਦੀ ਕਰਨੀ ਖਸ ਖਾਵਣ ਨੂੰ ਮਾਲਿਕ ਦਾ ਹੱਕ ਬਣਾ ਦੱਸਦਾ ਏ। ਦੋਹੜਾ ਇਕ ਮਚਲੀ ਜਿਹੀ ਪੁਛ ਰਾਹੀਂ ਲਫ਼ਜ਼ਾਂ ਦੇ ਭੈੜ ਵਿਚ ਨਿਤਰਿਆ ਏ ਤੇ ਰੌਲੇ ਵਿਚੋਂ ਸੱਚ ਨਿਤਾਰਦਾ ਏ। ਦੋਹੜਾ ਦੱਸਦਾ ਏ ਜੇ ਤੁਸੀਂ ਕਪੜੇ ਨੂੰ ਜਾਮਾ ਆਖਦੇ ਓ, ਰਤ ਲਗਣ ਨੂੰ ਪਲੀਤ ਹੋਵਣ ਆਖਦੇ ਓ ਤਾਂ ਅਸੀਂ ਮਾਲਕੀ ਦੇ ਹੱਕ ਨੂੰ ਰਤ ਪੀਵਣ ਆਖਨੇ ਆਂ।ਤੁਸੀਂ ਸ਼ੈਵਾਂ ਦੇ ਕੰਮਾਂ ਦੇ ਨਾਂ ਵਟਾ ਕੇ ਉਨ੍ਹਾਂ ਦੇ ਅਸਲੇ ਉਤੇ ਪੜਦਾ ਘਤੇਂਦੇ ਓ ਤੇ ਅਸੀਂ ਉਨ੍ਹਾਂ ਦੇ ਅਸਲ ਨਾਂ ਪਰਤਾ ਕੇ ਤੁਹਾਡਾ ਘਤਿਆ ਪੜਦਾ ਲਾਹੁੰਦੇ ਆਂ।

ਦੋਹੜਾ ਪੁਛ ਕਰੇਂਦਾ ਜਾਪਦਾ ਏ ਜਾਮੇ ਵਾਲਿਆਂ ਨੂੰ ਪਰ ਵਲਦਾ ਉਹ ਮੰਗਦਾ ਏ ਮਖ਼ਲੂਕ ਕੋਲੋਂ। ਮਖ਼ਲੂਕ ਗੋਲੇ ਪਰਖੇ ਤੇ ਲਫ਼ਜ਼ਾਂ ਦਾ ਪਾਇਆ ਭਰਮ ਗਵਾਵੇ।

"ਜੋ ਰਤੁ ਪੀਵਹਿ ਮਾਣਸਾ" ਆਖ ਕੇ ਦੋਹੜਾ ਇਹ ਸੈਂਤਰ ਵੀ ਕਰੇਂਦਾ ਏ ਜੋ ਕਰਨੀ ਖੋਹ ਖੜਨ ਵਾਲੇ ਮਾਣਸਾਂ ਕਣੋਂ ਵੱਖਰੇ ਨੇਂ। ਉਹ ਇਕ ਵਖਰੀ ਜੂਨ ਨੇਂ ਜਿਹੜੀ ਮਾਣਸਾਂ ਦਾ ਲਹੂ ਪੀਂਦੀ ਏ। ਦੋਹੜਾ ਦੱਸਦਾ ਏ ਜੋ ਇਕ ਜੂਨ ਇਕੋ ਜਿਹੀਆਂ ਸ਼ਕਲਾਂ ਪਾਰੋਂ ਨਹੀਂ ਹੁੰਦੀ, ਇਕੋ ਜਿਹੇ ਰਿਜ਼ਕ ਪਾਰੋਂ ਹੁੰਦੀ ਏ।

ਮਖ਼ਲੂਕ ਦੇ ਦਿਲ ਵਿਚ ਭਰਮ ਰਹਿੰਦਾ ਏ ਜੋ ਇਹ ਜਾਮਿਆਂ ਵਾਲੇ ਨਿਤ ਧੋਤੇ ਧਾਤੇ ਪਾਕੀ ਪਲੀਤੀ ਦੇ ਐਡੇ ਜਾਣੂ ਚਿਤ ਦੇ ਵੀ ਨਿਰਮਲ ਈ ਹੁੰਦੇ ਹੋਸਣ। ਦਿਲ ਦੇ ਸਾਫ਼। ਦੋਹੜਾ ਇਹ ਭਰਮ ਲਾਹੁੰਦਾ ਏ। ਜਾਮੇ ਵਾਲਿਆਂ ਦੀ ਆਪਣੀ ਜਾਚਣੀ ਰਾਹੀਂ, ਆਪਣੀ ਸ਼ਰ੍ਹਾ ਰਾਹੀਂ ਉਨ੍ਹਾਂ ਦਾ ਅਸਲਾ ਵਿਖਾਲ ਕੇ ਮਖ਼ਲੂਕ ਨੂੰ ਸੁਚੇਤ ਕਰੇਂਦਾ ਏ।

ਦੋਹੜਾ ਸਚ ਨਤਾਰਣ ਤੇ ਪਰਖਣ ਦੀ ਜਾਚ ਵੀ ਦੱਸਦਾ ਏ।

"ਜੋ ਰਤੁ ਪੀਵਹਿ ਮਾਣਸਾ" ਵਿਚ ਰਤ ਰਮਜ਼ ਏ ਕਰਨੀ ਦੀ।"ਜੇ ਰਤੁ ਲਗੈ ਕਪੜੈ" ਵਿਚ ਰਤ ਰਤ ਈ ਏ। ਦੋਹੜਾ ਮਚਲੀ ਜਿਹੀ ਅਟਕਲ ਨਾਲ਼ ਰਮਜ਼ ਤੇ ਅਸਲ ਨੂੰ ਇਕ ਕਰ ਕੇ ਆਪਣੀ ਪੁਛ ਪੁਛੇਂਦਾ ਏ। ਏਸ ਅਟਕਲ ਪਾਰੋਂ ਇਹ ਪੁਛ, ਪੁਛ ਨਹੀਂ ਰਹਿੰਦੀ ਟੋਕ ਬਣ ਵੈਂਦੀ ਏ। ਪਰ ਏਸ ਅਟਕਲ ਪਾਰੋਂ ਈ ਅਸਲ ਰਤ (ਲਹੂ) ਦਾ ਰਮਜ਼ ਰਤ (ਕਰਨੀ, ਸਤ) ਨਾਲ਼ ਸੰਬੰਧ ਉਘੜਦਾ ਏ ਤੇ ਏਸ ਪੁੱਛਾਂ ਵਰਗੀ ਟੋਕ ਯਾਂ ਟੋਕਾਂ ਵਰਗੀ ਪੁਛ ਦੇ ਮਗਰ ਆ ਖਲੋਂਦਾ ਏ।

ਰਤੁ ਤੋਂ ਸਕਤ ਬਣਦੀ ਏ, ਸਕਤ ਤੋਂ ਉਪਜ। ਉਪਜ ਅਗੋਂ ਕਈਂ ਮਨ ਭਾਵਣੀਆਂ, ਮਨ ਮੋਹਣੀਆਂ ਸ਼ਕਲਾਂ ਵਟਾ ਕੇ ਖਾਵਣ ਹੰਢਾਵਣ ਲਈ ਹਾਜ਼ਰ ਹੁੰਦੀ ਏ। "ਸ਼ਰਾਬ ਵਾ ਕਬਾਬ" ਵਾਲਾ ਕਬਾਬ ਜਨਾਵਰ ਦਾ ਮਾਸ ਨਹੀਂ ਰਹਿੰਦਾ। ਜੇ ਕਬਾਬ ਖਾਵਣ ਵਾਲੇ ਨੂੰ ਅਚੇਤੀ ਕਬਾਬ ਜਿਉਂਦੇ ਮੋਏ ਜਨਾਵਰ ਦਾ ਮਾਸ ਸਹੀ ਹੋਵਣ ਲਗ ਪਏ ਤੇ ਉਹਦਾ ਖਾਧਾ ਬਾਹਰ ਆ ਵੰਜੇ। ਉਪਜ ਵਰਤਣਹਾਰ ਦੇ ਨੇੜੇ ਢੁੱਕਦੀ ਏ ਵਸਤ ਦਾ ਰੂਪ ਵਟਾ ਕੇ ਮੰਡੀ ਦਾ ਵੇਤਰਿਆ ਬਾਣਾ ਪਾ ਕੇ ਪੈਸੇ ਵਿਚ ਤੁਲ਼ ਕੇ। ਉਹ ਆਪਣੀ ਅਸਲ ਹਸਤੀ ਤੋਂ, ਕਰਣਹਾਰ ਦੀ ਰਤੁ ਤੋਂ ਢੇਰ ਦੁਰਾਡੀ ਹੋ ਵੈਂਦੀ ਏ। ਆਪਣਿਆਂ ਮੁਢਲਿਆਂ ਕੱਚਿਆਂ ਰੂਪਾਂ ਨਾਲੋਂ ਆਪਣਾ ਆਪ ਨਿਖੇੜਦੀ ਉਹ ਆਪਣੇ ਸਿਰਜਣਹਾਰ ਨਾਲ਼ ਆਪਣਾ ਜੋੜ ਤੁੜਾ ਲੈਂਦੀ ਏ। ਆਪਣੀ ਨਵੀਂ ਹੋਂਦ ਪੁਰਾਣੇ ਆਪੇ ਕੋਲੋਂ ਓਭੜ ਥੀ ਕੇ ਜ਼ਾਹਰ ਕਰੇਂਦੀ ਏ। ਪੁਰਾਣੀ ਹਸਤੀ ਤੋਂ ਓਭੜ ਥੀਵਣ ਈ ਉਹਦੀ ਕਮਾਈ ਉਹਦਾ ਮੁਲ ਏ, ਉਹਦਾ ਮੋਹ ਏ। ਸਿਰਜਣਹਾਰ ਤੋਂ ਦੂਰੀ ਈ ਵਰਤਣਹਾਰ ਨਾਲ਼ ਉਹਦੀ ਨੇੜ ਏ। ਕਰਣਹਾਰ ਦੀ ਕਰਣੀ ਨੂੰ ਕਰਣਹਾਰ ਕਣੋਂ ਅਸਲੋਂ ਓਪਰੀ ਥੀ ਕੇ ਈ ਵਰਤਣਹਾਰ ਦੀ ਅਪਨਾਈਅਤ ਮਿਲਦੀ ਏ। ਉਪਜ ਦਾ ਅਸਲ ਜਮਾਂਦਰੂ ਰੂਪ (ਕਰਣਹਾਰ ਦੀ ਰਤੁ, ਉਹਦੀ ਦੇਹ) ਵਰਤਣਹਾਰ ਵਾਸਤੇ ਅਸਲੋਂ ਓਪਰਾ ਏ। ਡਰ ਓਪਰ ਦਾ ਈ ਹੁੰਦਾ ਏ ਘਿਨ ਕਰਿਹਤ ਵੀ ਓਪਰ ਦੀ ਹੁੰਦੀ ਏ। ਖ਼ਬਰੇ ਡਰ ਅਚੇਤ ਸੁਚੇਤ ਇਹ ਹੋਵੇ ਜੋ ਇਹ ਦੂਰੀ ਕਿਤੇ ਮੁੜ ਨੇੜ ਨਾ ਬਣ ਵੰਜੇ। ਕਰਣਹਾਰ ਦੀ ਰਹਿਤ ਕਣੋਂ ਉਹਦੀ ਛੋਹ ਕਣੋਂ ਭਿੱਟ ਮਤੇ ਇਸੇ ਪਾਰੋਂ ਹੁੰਦੀ ਆਹੀ।

ਦੋਹੜੇ ਦੀ ਪੁਛ ਉਹਦੀ ਟੋਕ ਏਸ ਮੁਢਲੇ ਦਬਾਏ ਡਰ ਨੂੰ ਸ਼ਿਸ਼ਕਾਰ ਕੇ ਮੁੜ ਜਾਮੇ ਵਾਲਿਆਂ ਦੇ ਅਗੇ ਤੇ ਨਹੀਂ ਪਈ ਕਰੇਂਦੀ? ਅਸਲ ਰਤੁ ਨੂੰ ਰਮਜ਼ ਰਤੁ ਨਾਲ਼ ਇਕ ਕਰਣ ਵਿਚ ਇਹ ਭੇਤ ਨਾ ਹੋਵੇ।ਰਤੁ ਤੋਂ ਭਿਟ ਏਸ ਪਾਰੋਂ ਏ ਜੋ ਡੁਲ੍ਹੀ ਰਤੁ, ਸਰੀਰੋਂ ਬਾਹਰੀ ਰਤੁ, ਮੋਏ ਮਰੇਂਦੇ ਦਾ ਨਿਸ਼ਾਨ ਏ, ਮੁਰਦਾਰ ਏ। ਮੁਰਦਾਰ ਖਾਵਣ ਹਰਾਮ ਏ। ਦੋਹੜਾ ਟੋਕ ਕਰੇਂਦਾ ਏ। ਜੇ ਮੁਰਦਾਰ ਕਪੜੇ ਨੂੰ ਲਗੇ ਤਾਂ ਤੁਹਾਡਾ ਜਾਮਾ ਪਲੀਤ ਹੋ ਵੈਂਦਾ ਏ। ਆਪੋਂ ਨਿਤ ਮੁਰਦਾਰ ਖਾਂਵਦੇ ਓ ਤੇ ਪਾਕ ਸਾਫ਼ ਓ।ਜਦੋਂ ਕਰਨੀ ਕਰਣਹਾਰ ਕੋਲੋਂ ਖੁਸ ਵੈਂਦੀ ਏ ਤਾਂ ਉਹ ਮਰ ਵੈਂਦੀ ਏ।ਖੇਹ ਖਾਵਣੇ ਨੂੰ ਨਹੀਂ ਸਾਰ ਜੋ ਕਿਸੇ ਹੋਰ ਦੀ ਹੋਂਦ ਮਾਰ ਕੇ ਪਿਆ ਖਾਂਵਦਾ ਏ। ਯਾਂ ਮਤੇ ਕਿਸੇ ਚਿਤ ਖੂੰਜੇ ਵਿਚ ਵੜੀ ਬੈਠੀ ਏ ਇਹ ਸਾਰ ਤੇ ਖੋਹ ਖਾਵਣਾ ਸੁਚੇਤ ਅਚੇਤ ਏਸ ਸਾਰ ਤੋਂ ਪਲਾ ਛੁਡਾਉਣਾ ਚਾਹੁੰਦਾ ਏ। ਭਿਟ ਪਲਾ ਛਡਾਵਣ ਦਾ ਤਰਲਾ ਈ ਤੇ ਨਹੀਂ?

ਦੋਹੜਾ ਦੱਸਦਾ ਏ ਜੋ ਖੋਹ ਖਾਣਿਆਂ ਦੇ, ਜਾਮਾਪੋਸ਼ਾਂ ਦੇ ਦਿਲ ਕਦੀ ਸਾਫ਼ ਨਹੀਂ ਹੋ ਸਕਦੇ, ਨਾ ਆਪਣੇ ਆਪ ਨਾਲ਼, ਨਾ ਦੂਜਿਆਂ ਨਾਲ਼। ਕਿਉਂ ਜੋ ਉਨ੍ਹਾਂ ਦਿਆਂ ਦਿਲਾਂ ਵਿਚ ਕਰਣਹਾਰਾਂ ਨਾਲ਼ ਕੀਤੀ ਠੱਗੀ ਤੇ ਧਰੋ ਦੀ ਪਲੀਤੀ ਹਰ ਵੇਲੇ ਇਕੱਠੀ ਹੁੰਦੀ ਰਹਿੰਦੀ ਏ ਹਰ ਗੁਰਾਹੀ ਨਾਲ਼। ਦੋਹੜਾ ਖੋਹ ਖਾਣਿਆਂ ਦੇ ਸੁਭਾ ਦੀਆਂ ਜੜ੍ਹਾਂ ਫਰੋ਼ਲ ਵਿਖਾਉਂਦਾ ਏ ਮਖ਼ਲੂਕ ਨੂੰ।

*********

## ਕਿਤਾਬ: ਰੰਗ, ਫ਼ਰੀਦੋਂ ਨਾਨਕ ਨਾਨਕੋਂ ਫ਼ਰੀਦ॥

(2000 ਸ. 118-124)

❖

(5)

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥
ਤਾਜੀ ਰਥ ਤੁਖਾਰ ਹਾਥੀ ਪਾਖਰੇ ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥੮॥

(ਪੰਨਾ-੧੪੧)

ਇਕ ਸੰਗਤੀ ਨੂੰ ਅਖ਼ੀਰਲੀ ਸਤਰ ਨਵੇਕਲੀ ਜਾਪੀ।ਆਖਿਓਸੁ ਭਈ ਏਸ ਸਤਰ ਤੋਂ ਬਿਨਾ ਪਉੜੀ ਪੂਰੀ ਆਹੀ। ਇਹਨੇ ਛੇਕੜੇ ਆ ਕੇ ਕੀ ਨਵੀਂ ਛੋਹ ਧਰੀ ਏ। ਇਹਦਾ ਕੀ ਜੋੜ ਏ ਉਤਲੀਆਂ ਤੁਕਾਂ ਨਾਲ਼।ਚੰਗਾ ਚਿਰ ਚੁਪ ਰਹੀ। ਮੁੜ ਇਹ ਗੱਲ ਵਿਚ ਈ ਰਹਿ ਗਈ। ਦੂਜੀਆਂ ਸਤਰਾਂ ਬਾਰੇ ਗੱਲ ਪਈ ਟੁਰੀ ਸਹਿਜੇ ਸਹਿਜੇ। ਜਦ ਇਕ ਸੰਗਤੀ ਨੂੰ "ਸਿ ਆਪਣੇ" ਵੀ ਕੁਝ ਵਖਰਾ ਜਿਹਾ ਜਾਪਿਆ ਬਾਕੀ ਪਉੜੀ ਨਾਲੋਂ ਤਾਂ ਪਹਿਲੇ ਸੰਗਤੀ ਆਖਿਆ ਭਈ ਹੁਣ ਖੁੱਲ੍ਹੀ ਏ ਘੁੰਡੀ ਅਖ਼ੀਰਲੀ ਸਤਰ ਵਾਲੀ। "ਸਿਨਾਖਤੁ" ਦਾ ਜੋੜ ਹੈ "ਸਿ ਆਪਣੇ" ਨਾਲ਼ ਤੇ ਸਿ ਆਪਣੇ ਦਾ "ਆਪਣੇ" ਨਾਲ਼। ਗੱਲ ਹੈ ਈ ਸ਼ਨਾਖ਼ਤ ਦੀ। ਹੁਣ ਦੂਜੇ ਸੰਗਤੀ ਰਲੇ ਤਾਂ ਇਹ ਪੜ੍ਹਤ ਉਸਰੀ ਭਈ ਉਪਰਲੀਆਂ ਤੁਕਾਂ ਵਿਚ ਜੋ ਕੁਝ ਗਣੀਜਾ ਹੈ ਸਿਫ਼ਤਾਂ, ਦਰਜੇ ਥਾਂਵਾਂ, ਥੋਕ, ਉਹ ਸਾਰਾ ਸ਼ਨਾਖ਼ਤ ਪਾਰੋਂ ਈ ਹੈ। ਵੇਖੋ ਗਣੀਜਾ ਕੀ ਕੁਝ ਏ?

ਪੌਂਦ "ਰਾਜੇ ਰਯਤਿ ਸਿਕਦਾਰ" ਇਹ ਦਰਜੇਬੰਦੀ ਹੈ ਪੂਰੇ ਵਸੇਬ ਦੀ। ਪੂਰੀ ਸਿਆਸਤ ਪੂਰੇ ਵਸੇਬੀ ਆਹਰ ਦੀ ਵੇਤਰ ਦਿੱਸਦੀ ਏ ਇਨ੍ਹਾਂ ਤਰੋਂਹ ਦਰਜਿਆਂ ਵਿਚ। ਉਪਰ ਰਾਜੇ ਹਨ, ਜਿਹਨਾਂ ਦਾ ਹੁਕਮ ਚਲਦਾ ਏ ਜਿਹਨਾਂ ਦੇ ਹੱਥ ਜ਼ੋਰ ਹੈ। ਹੇਠ ਉਨ੍ਹਾਂ ਦੇ ਮੋਹਰੇ ਹਨ, ਜਿਹਨਾਂ ਰਾਹੀਂ ਹੁਕਮ ਲਾਗੂ ਹੁੰਦਾ ਏ ਜ਼ੋਰ ਵਰਤੀਂਦਾ ਏ। ਅਗੇ ਹੈ ਮਖ਼ਲੂਕ ਜਿਹਦੇ ਉਤੇ ਹੁਕਮ ਤੇ ਜ਼ੋਰ ਦਾ ਭਾਰ ਓੜਕ ਪੌਂਦਾ ਏ। ਹੁਕਮ ਮੰਨਣ ਜ਼ੋਰ ਝਲਣ ਪਾਰੋਂ

ਮਖ਼ਲੂਕ ਦੀ ਆਪਣੀ ਹਸਤੀ ਕੋਈ ਨਹੀਂ ਰਹੀ। ਹੁਣ ਉਹ "ਰਯਤਿ" ਏ। ਉਹਦੀ ਹਸਤੀ ਹੈ ਈ ਰਯਤਿ ਹੋਵਣ ਵਿਚ। ਮਖ਼ਲੂਕ ਜਿਹੜੀ ਹੁਕਮ ਨਾ ਮੰਨੇ ਜ਼ੋਰ ਨਾ ਝਲੇ ਉਹ ਰਯਤਿ ਨਹੀਂ ਰਹਿੰਦੀ। ਵਸੇਬੇ ਵਸਣ ਤੇ ਰਿਹਾ ਉਹਨੂੰ ਜਿਉਂਦਿਆਂ ਰਹਿਣ ਦਾ ਈ ਹੱਕ ਨਹੀਂ।

ਏਸ ਵਿਹਾਰ ਵਿਚ ਸ਼ਨਾਖ਼ਤ ਦਾ ਮੂਲ ਈ ਦਰਜਾ ਏ। ਦਰਜਾ ਹੁਕਮ ਦਾ, ਜ਼ੋਰ ਦਾ। ਜਿਤਨੀ ਕੋਈ ਦੂਜਿਆਂ ਨੂੰ ਆਪਣੀ ਮਰਜ਼ੀ ਮਨਵਾ ਸਕਦਾ ਏ ਜਿਤਨੀਆਂ ਨੂੰ ਮਨਵਾ ਸਕਦਾ ਏ ਉਤਨਾ ਈ ਦਰਜਾ ਹੈ ਉਹਦਾ। ਰਾਜੇ ਦਾ ਦਰਜਾ ਉਹਦੀ ਰਯਤਿ ਪਾਰੋਂ ਹੈ। ਰਯਤਿ ਨਾ ਹੋਵੇ ਤਾਂ ਰਾਜਾ ਕਾਹਦਾ। ਮਖ਼ਲੂਕ ਆਪਣੀ ਮਰਜ਼ੀ ਮਾਰ ਕੇ ਆਪ ਨਿਤਰਾਣੀ ਥੀ ਕੇ ਰਯਤਿ ਬਣਦੀ ਏ। ਮਖ਼ਲੂਕ ਦੇ ਬੇ ਮਰਜ਼ੀ ਥੀਵਣ ਹਥਲ ਥੀਵਣ ਪਾਰੋਂ ਈ ਰਾਜੇ ਦਾ ਰਾਜ ਏ ਉਹਦਾ ਦਰਜਾ ਉਹਦੀ ਸ਼ਨਾਖ਼ਤ।

ਸ਼ਨਾਖ਼ਤ ਕੀ ਏ? ਸੁੰਞਾਣ, ਤੇ ਸੁੰਞਾਣ ਦਾ ਮੂਲ ਹੈ ਨਿਖੇੜ, ਇਕ ਹੋਂਦ ਦੀ ਦੂਜੀ ਕਣੋਂ ਨਿਖੇੜ ਈ ਉਹਦੀ ਸ਼ਨਾਖ਼ਤ ਏ। ਕੁਦਰਤ ਆਪ ਹਰ ਹੋਂਦ ਨੂੰ ਦੂਜੀ ਕਣੋਂ ਨਿਖੜੇਂਦੀ ਏ। ਇਕ ਜੂਨ ਹੁੰਦਿਆਂ ਵੀ ਕੋਈ ਦੋ ਹੋਂਦਾਂ ਸਗਵੀਆਂ ਨਹੀਂ ਹੁੰਦੀਆਂ ।

ਟਹਿਣੀ ਦਾ ਹਰ ਪਤਰ ਵਖਰਾ ਏ। ਪਰ ਕੁਦਰਤ ਦੀ ਦਿਤੀ ਸ਼ਨਾਖ਼ਤ ਪਾਰੋਂ ਇਕ ਹੋਂਦ ਬਈ ਉਤੇ ਭਾਰੂ ਨਹੀਂ ਥੀ ਵੈਂਦੀ। ਕੁਦਰਤੀ ਸ਼ਨਾਖ਼ਤ ਜ਼ੋਰ ਬੇ ਜ਼ੋਰੀ ਸਿਰ ਨਹੀਂ। ਹੋਂਦਾਂ ਦੀ ਨਵੇਕਲ ਪਾਰੋਂ ਏ। ਉਨ੍ਹਾਂ ਦੇ ਵੰਨ-ਸਵੰਨ ਪਾਰੋਂ।ਨਾਲੇ ਕੁਦਰਤੀ ਸ਼ਨਾਖ਼ਤ ਸਾਂਝੇ ਤੱਤ ਵਿਚੋਂ ਉਸਰਦੀ ਏ। ਨਵੇਕਲ ਸਾਂਝੇ ਕੂੰ ਛੇਕਦੀ ਨਹੀਂ। ਨਵੇਕਲ ਸਾਂਝੇ ਤੱਤ ਦੀ ਈ ਇਕ ਵਿਖਾਲੀ ਏ ਇਕ ਅਲੋਕਾਰ ਏ।ਹਰ ਜੀ ਕੁਦਰਤ ਜਾਇਆ ਏ।ਇਕੋ ਤੱਤ ਏ।ਸੋ ਹਰ ਜੀਅ ਦੂਜੇ ਦਾ ਆਪਣਾ ਈ ਏ।ਪਰ ਹਰ ਜੀਅ ਦਾ ਵਖਰੇਪ ਵੀ ਕੁਦਰਤ ਦੀ ਈ ਦਾਤ ਏ।ਹਰ ਜੀਅ ਆਪਣੀ ਨਵੇਕਲ ਪਾਰੋਂ ਅਣ-ਮੁਲਾ ਏ।ਕੋਈ ਦੂਜੇ ਦੀ ਥਾਂ ਨਹੀਂ ਘਿਣ ਸਕਦਾ। ਦੂਜੇ ਨਾਲ਼ ਵੱਟ ਨਹੀਂ ਸਕਦਾ। ਦੋਵੇਂ ਇਕ ਹਨ, ਪਰ ਜੋ ਇਕ ਹੈ ਉਹ ਦੂਜਾ ਨਹੀਂ।ਹੋਂਦਾਂ ਦਾ ਇਹ ਦੋਹਰਾ ਸੰਬੰਧ ਸੱਚ ਦੀ ਦਾਤ ਏ। ਆਪ ਸੱਚ ਏ। ਪਰ ਨਾਨਕ ਵੇਲੇ ਵਿਹਾਰ ਵਿਚ ਸ਼ਨਾਖ਼ਤ ਦਰਜੇ ਪਾਰੋਂ ਹੈ। ਇਕ ਹੋਂਦ ਬਈ ਉਤੇ ਭਾਰੂ ਥੀਵਣ ਨਾਲ਼ ਈ ਆਪਣਾ ਆਪ ਸੁੰਞਾਣਦੀ ਏ।ਇਥੇ ਉਹ ਸ਼ਨਾਖ਼ਤ ਜਿਹੜੀ ਕੁਦਰਤ ਦਿੱਤੀ ਏ, ਜਿਹੜੀ ਆਪ ਕੁਦਰਤ ਏ, ਸ਼ਨਾਖ਼ਤ ਨਹੀਂ ਰਹੀ। ਬੰਦਾ ਜਦ ਤਾਈਂ ਦੂਜੇ ਉਤੇ ਆਪਣਾ ਜ਼ੋਰ ਨਾ ਜਤਾ ਲਵੇ ਉਹ ਬੇ-ਸ਼ਨਾਖ਼ਤਾ ਰਹਿੰਦਾ ਏ। ਅਣ-ਰਖਾ ਤੇ ਬੇ-ਵਸਾਹਿਆ। ਰਯਤਿ ਸੈਂਕੜਿਆਂ ਦਰਜਿਆਂ ਦੇ ਭਾਰ ਹੇਠ ਏ ਸੋ ਰਯਤਿ ਵਿਚੋਂ ਹਰ ਜੀਅ ਆਪਣੀ

ਬੇ-ਸ਼ਨਾਖ਼ਤੀ ਤੋਂ ਬਾਹਰ ਆਵਣ ਲਈ ਦਰਜੇ ਨੂੰ ਤਾਂਘਦਾ ਏ। ਭਾਵੇਂ ਉਹ ਦਰਜਾ ਕਿੱਡਾ ਈ ਨਿਮਾਣਾ ਹੀਣਾ ਪਿਆ ਹੋਵੇ।ਜਣੇ ਜ਼ਨਾਨੀਆਂ ਅਤੇ ਵੱਡਕੇ ਨਿੱਕੀਆਂ ਉਤੇ ਭਾਰੂ ਥੀ ਕੇ ਵਿਹਾਰ ਦਿੱਤੀ ਬੇ-ਸ਼ਨਾਖ਼ਤੀ ਥੀਂ ਬਾਹਰ ਆਵਣ ਦਾ ਤਰਲਾ ਮਰੇਂਦੇ ਨੇਂ। ਜੀਅ ਦਾ ਜੀਅ ਨਾਲ਼ ਸਾਂਗਾ (ਕੁਸਾਂਗਾ) ਹੈ ਦਰਜੇ ਦੀ ਮਨੌਤ ਸਿਰ।

ਨਾਨਕ ਵੇਲੇ ਵਿਹਾਰ ਦਾ ਇੱਕ ਪੱਖ ਤੇ ਹੈ "ਰਾਜੇ ਰਯਤਿ ਸਿਕਦਾਰ"। ਇਹ ਹਾਕਮੀ ਵਾਲਾ ਪੱਖ ਏ। "ਹਟ ਪਟਣ ਬਾਜਾਰ" ਦੂਜਾ ਪਖ ਏ ਵਪਾਰ ਵਾਲਾ। ਦਰਜੇਬੰਦੀ ਦਾ ਵਿਹਾਰ ਚਲਦਾ ਤੇ ਧਿਗਾਣੇ ਹੈ।ਪਰ ਧਿਗਾਣ ਦੀ ਮਸ਼ੀਨ ਵਿਚ ਤੇਲ ਵਪਾਰ ਘਤੇਂਦਾ ਏ, ਰਾਜ ਦੇ ਧਿਗਾਣ ਦੀ ਛੱਤਰ ਛਾਵੇਂ।ਵਪਾਰ ਮਖ਼ਲੂਕ ਦੀ ਮਿਹਨਤ ਨੂੰ ਵਸਤਾਂ ਵਿਚ ਢਾਲਦਾ ਏ।ਵਸਤਾਂ ਮੱਲਣ ਮਖ਼ਲੂਕ ਦੀ ਮਿਹਨਤ ਮੱਲਣ ਏ।ਮਖ਼ਲੂਕ ਉਤੇ ਜ਼ੋਰ ਜਤਾਵਣ ਏ।ਸੋ ਦਰਜਿਆਂ ਵਾਲੇ ਦਰਜੇਵਾਰ ਵਸਤਾਂ ਮੱਲਦੇ ਤੇ ਹੰਢਾਉਂਦੇ ਨੇਂ।ਵਸਤਾਂ ਮੱਲਣ ਤੇ ਹੰਢਾਵਣ ਦਰਜੇ ਦਾ ਨਿਸ਼ਾਨ ਏ। ਸੋ ਵਸਤ ਵਿਖਾਲਾ ਸ਼ਨਾਖ਼ਤ ਏ, ਦਰਜੇ ਦੀ, ਜ਼ੋਰ ਦੀ, ਵਿਤ ਦੀ।

ਕੁਦਰਤ ਦੀ ਦਿਤੀ ਸ਼ਨਾਖ਼ਤ ਸੂਰਤ ਪਾਰੋਂ ਵੀ ਹੈ ਤੇ ਕਿਰਤ ਪਾਰੋਂ ਵੀ। ਜਿਵੇਂ ਸੂਰਤ ਵਖਰੇਵੇਂ ਤੇ ਸਾਂਝ ਕੂੰ ਇਕੋ ਵੇਲੇ ਜ਼ਾਹਿਰ ਕਰੇਂਦੀ ਏ ਐਵੇਂ ਹਰ ਕਿਰਤ ਵਿਚ ਸਾਂਝੀ ਸਕਤ ਇੱਕ, ਨਵੇਕਲੇ ਰੂਪ ਵਿਚ ਜ਼ਾਹਿਰ ਥੀਂਦੀ ਏ। ਜਿਵੇਂ ਸੂਰਤ ਦਾ ਵਖਰੇਵਾਂ ਦੱਸਦਾ ਏ ਜੋ ਸਾਂਝੀ ਹਸਤੀ ਦੀ ਹਰ ਵਿਖਾਲੀ ਨਵੇਕਲੀ ਏ, ਇਕੋ ਇੱਕ ਏ, ਅਣ-ਵਟਵੀਂ ਏ ਸੋ ਅਮੁਲੀ ਏ, ਪੂਜਣ ਜੋਗੀ ਏ। ਐਵੇਂ ਈ ਹਰ ਕਿਰਤ ਦੱਸਦੀ ਏ ਜੋ ਸਾਂਝੀ ਕਰਨੀ ਦੀ ਹਰ ਵਿਖਾਲੀ ਅਮੁਲੀ ਏ, ਆਦਰ ਜੋਗੀ ਏ। ਕਿਰਤ ਵਟਾਂਦਰਾ ਹੋਂਦ ਵਰਤਾਰਾ ਏ, ਹੋਂਦ ਮਿਲਾਪ ਏ। ਵਖਰੇਪ ਵਾਲੇ ਬੂਹਿਓਂ ਸਾਂਝੇ ਘਰ ਵੜਨ ਏ।

ਕੁਦਰਤ ਦੀ ਦਿੱਤੀ ਸ਼ਨਾਖ਼ਤ ਪਾਰੋਂ ਹਰ ਜੀਅ ਦੂਜੇ ਨਾਲ਼ ਮੇਲ ਕਰੇਂਦਾ ਏ ਤੇ ਦੂਜੇ ਰਾਹੀਂ ਆਪਣੇ ਆਪ ਨਾਲ਼ ਮਿਲਦਾ ਏ। ਨਵੇਕਲ ਰਾਹੀਂ ਸਾਂਝ ਮਾਣ ਕੇ ਆਪ ਦੂਜੇ ਦੀ ਵੰਡੋਂ ਬਾਹਰਾ ਥੀ ਵੈਂਦਾ ਏ। ਪਰ ਦਰਜੇਬੰਦ ਵਿਹਾਰ ਵਿਚ ਕਿਰਤਾਂ ਦਾ ਘੜਨ ਵਰਤਾਵਣ ਦਰਜੇ ਦੀ ਸ਼ਨਾਖ਼ਤ ਵਾਸਤੇ ਏ। ਬੰਦੇ ਦੀ ਕਰਨੀ ਦਰਜੇ ਵਾਲਿਆਂ ਦੀ ਮਰਜ਼ੀ ਦੀ ਗ਼ੁਲਾਮ ਥੀ ਗਈ ਏ।ਹੁਣ ਕਿਸੇ ਨੂੰ ਸਾਂਝ ਮਾਨਣ ਲਈ ਆਪਣੀ ਮਰਜ਼ੀ ਦੀ ਕਿਰਤ ਬਣਾ ਕੇ ਦੂਜਿਆਂ ਨੂੰ ਵਰਤਾਵਣ ਦੀ ਖੁੱਲ੍ਹ ਨਹੀਂ।ਦਰਜੇਬੰਦ ਵਿਹਾਰ ਨੇ ਬੰਦੇ ਦਾ ਦੂਜੇ ਨਾਲ਼, ਆਪਣੇ ਆਪ ਨਾਲ਼, ਆਪਣੇ ਤੱਤ ਨਾਲ਼

ਮਿਲਣ ਦਾ ਬੂਹਾ ਮਾਰ ਛੱਡਿਆ ਏ। ਹੁਣ ਬੰਦਾ ਦਰਜੇ ਵਾਲੀ ਸ਼ਨਾਖ਼ਤ ਦੇ ਬੰਦੀਖ਼ਾਨੇ ਵਿਚ ਬੰਦ ਏ।

ਪਉੜੀ ਵਿਚ ਜਿਹੜੀਆਂ ਸ਼ੈਵਾਂ ਦੀ ਗੇਣ ਹੋਈ ਏ ਉਹ ਦਰਜੇ ਦੀ ਸ਼ਨਾਖ਼ਤ ਦਾ ਕੰਮ ਕਰੇਂਦੀਆਂ ਨੇਂ।ਦਰਜੇ ਵਾਲਿਆਂ ਦੀਆਂ ਮਹਿਲ ਮਾੜੀਆਂ ਦੇ ਪੱਕੇ ਸਲਾਮੀਦਾਰ ਬੂਹੇ ਈ ਪੌਂਦ ਉਨ੍ਹਾਂ ਦਾ ਦਰਜਾ ਦੱਸਦੇ ਨੇਂ।ਬੂਹਾ ਦਰਜੇ ਦਾ ਮੁਖ ਨਿਸ਼ਾਨ ਏ। ਅਗੋਂ "ਬਾਗ਼ ਮਿਲਖ ਘਰ ਬਾਰ-ਸਰਾਇਚੇ ਲਾਲ਼ਤੀ" ਸਭ ਦਰਜੇ ਵਾਲਿਆਂ ਦੀ ਰਹਿਤ ਦੇ ਨਿਸ਼ਾਨ ਨੇਂ।ਇਨ੍ਹਾਂ ਨਿਸ਼ਾਨੀਆਂ ਪਾਰੋਂ ਦਰਜੇ ਦੀ ਸ਼ਨਾਖ਼ਤ ਤੇ ਮਨੀਜ ਏ। ਤਾਜ਼ੀ, ਰਥ, ਤੁਖਾਰ, ਹਾਥੀ, ਪਾਖਰੇ ਉਨ੍ਹਾਂ ਦੇ ਜ਼ੋਰ ਦੇ ਨਿਸ਼ਾਨ ਨੇਂ।ਜ਼ੋਰ ਮੰਨਵਾਣ ਵਾਸਤੇ ਜ਼ੋਰ ਦੇ ਨਿਸ਼ਾਨ ਵਿਖਾਵਣ ਈ ਢੇਰ ਏ।ਬੰਦੇ ਦੀ ਕੈਦੀ ਕਰਨੀ ਉਹਦੀ ਮਜਬੂਰ ਮਿਹਨਤ ਦੂਜਿਆਂ ਦੀ ਸ਼ਨਾਖ਼ਤ ਬਣਾਵਣ ਵਿਚ ਰੁਧੀ ਪਈ ਏ। ਆਪਣੀ ਕੈਦ ਨੂੰ ਪਕੇਰਿਆਂ ਕਰਣ ਵਿਚ, ਆਪਣੀ ਮਜਬੂਰੀ ਨੂੰ ਹਥੋਂ ਵਧਾਵਣ ਵਿਚ।ਮਹਿੰਗੀਆਂ ਵਸਤਾਂ ਦੀ ਗੇਣ ਕੀ ਸ਼ਾਇਰੀ ਵਿਚ, ਕੀ ਆਮ ਵਰਤਾਰੇ ਵਿਚ ਰਜ ਸੁਖਾਲ ਯਾਂ ਮਾਣ-ਤਰਾਣ ਵਿਖਾਵਣ ਵਾਸਤੇ ਕੀਤੀ ਜਾਂਦੀ ਏ। ਨਾਨਕ ਨੇ ਏਸ ਰੀਤ ਨੂੰ ਵਰਤਿਆ ਏ, ਇਹਦੇ ਉਲਟਾਅ ਵਾਸਤੇ।ਏਥੇ ਇਹ ਗੇਣ ਕੀਤੀ ਈ ਇੰਝ ਗਈ ਏ ਜੋ ਇਕ ਫੋਕੀ ਜਹੀ ਹਾਸੋਹੀਣੀ ਭਰਮਾਰ ਜਾਪੇ। ਲ਼ਫ਼ਜ਼ ਇੱਕ ਥਾਂ ਹੋ ਕੇ ਇਕ ਸਾਂਗ ਜਿਹਾ ਬਣੇਂਦੇ ਜਾਪਦੇ ਨੇਂ ਅਫਰੋਈ ਦਾ। ਇਕ ਨਾਚ ਏ ਲ਼ਫ਼ਜ਼ਾਂ ਦਾ ਜਿਹੜਾ ਅਫਰੋਈ ਦਾ ਸਾਂਗ ਬਣੇਂਦਾ ਏ।

ਕਿਤੇ ਹੌਲਾ, ਨਾਜ਼ੁਕਨ, ਨਖ਼ਰੀਲਾ ਤ, ਲ, ਰ, ਦੀ ਵਿਰਲਦਾਰ ਰਲਤ ਪਾਰੋਂ:

ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥ (ਪੰਨਾ-੧੪੧)

ਕਿਤੇ ਭਾਰਾ ਥ, ਖ, ਦੇ ਭੀੜ-ਭੜੱਕੇ ਪਾਰੋਂ:

ਤਾਜੀ ਰਥ ਤੁਖਾਰ ਹਾਥੀ ਪਾਖਰੇ॥ (ਪੰਨਾ-੧੪੧)

ਏਸ ਸਾਂਗ ਵਿਚ ਇੱਕ ਪਾਤਰ ਵਾਰ ਦਾ ਛੰਦ ਵੀ ਏ। ਜਿਹੜਾ ਲ਼ਫ਼ਜ਼ਾਂ ਦੀ ਵਜ-ਵਜ ਪਿਛੇ ਜੰਗੀ ਵਜ-ਗਜ ਦੀ ਨਕਲ ਦਾ ਪਰਛਾਵਾਂ ਉਤਾਰਦਾ ਏ। ਸਤਰਾਂ ਦੀਆਂ ਪਹਿਲੀਆਂ ਅਧੀਆਂ ਵਿਚ ਵਾਰ ਛੰਦ ਦੀ ਰੀਤਲ ਚੜ੍ਹਤ ਲ਼ਫ਼ਜ਼ਾਂ ਦਾ ਇਕ ਪਰ੍ਹਾ ਬੰਨ੍ਹ ਖਿਲਾਰਦੀ ਏ।ਭਾਰ ਗੋਰ ਵਾਲਾ ਰੁਅਬ-ਦਾਬ ਤੇ ਸ਼ਾਨ-ਤਰਾਣ ਵਾਲਾ। ਦੂਜਿਆਂ ਅਧੀਆਂ ਵਿਚ ਇਕ ਸੈਂਤਰ ਨਾਲ਼ ਈ ਇਹ ਚੜ੍ਹਤ ਖਿੱਡ ਕੇ ਕੱਖੋਂ ਹੌਲੀ ਥੀ ਵੈਂਦੀ ਏ।

ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥ (ਪੰਨਾ-੧੪੧)

ਵੇਖੋ ਬ, ਭ, ਦੀ ਭਰਤੀ ਦਾ ਭਰਮ "ਰੀਤੇ ਇਕਿ ਖਣੇ" ਦੀ ਹੌਲੀ ਜਿਹੀ ਟਕੋਰ ਨਾਲ਼ ਕਿਵੇਂ ਸੱਖਣਾ ਹੋ ਗਿਆ ਏ।

ਮੋਹਰਲੀਆਂ ਅਧਵਾੜਾਂ ਦੀ ਤੁਕ "ਆਰ" ਦੀ ਬਧੀ ਨਿਗਰ ਵਾਜ, ਲਫ਼ਜ਼ਾਂ ਦੀ ਪਰ੍ਹੇ ਬੰਦ ਚੜ੍ਹਤ ਦਾ ਧੁਰਾ ਏ।ਇਹਨੂੰ ਤਰੋੜਦੀ ਏ ਛੇਕੜਲੀਆਂ ਤੁਕਾਂ ਦੀ ਖੁੱਲ੍ਹੀ ਵਾਜ਼, ਓ ਏ ਈ। (ਹੁਕਮੀ ਢਹਸੀਓ। ਕੋਇ ਨ ਰਹਸੀਓ। ਮੂਰਖੁ ਜਾਣੈ ਆਪਣੇ।ਰੀਤੇ ਇਕਿ ਖਣੇ, ਕਿਥੈ ਸਿ ਆਪਣੇ।)

ਦਰਜੇ ਵਾਲੀ ਸ਼ਨਾਖ਼ਤ ਕੁਦਰਤ ਦੀ ਸ਼ਨਾਖ਼ਤ ਦਾ ਤਰੋੜ ਏ। ਸੋ ਇਹ ਕੱਚ ਏ। ਇਹਦਾ ਹੋਵਣ ਬਿਅਰਥ ਏ। ਪਉੜੀ ਆਪਣੀ ਬਣਤਰ ਰਾਹੀਂ ਦਰਜੇ ਵਾਲੀ ਸ਼ਨਾਖ਼ਤ ਦਾ ਬੇ-ਅਸਲ ਹੋਵਣ ਹੂਕਦੀ ਏ। ਉਹਨੂੰ ਬੇ-ਅਸਲ ਕਰ ਕੇ ਵਿਖਾਲਦੀ ਏ। ਉਹਦੇ ਹੋਵਣ ਨੂੰ ਇਕ ਕੂੜਾ ਭਰਮ, ਇਕ ਹਾਸੋਹੀਣਾ ਮੂਰਖਪੁਣਾ ਦੱਸਦੀ ਏ। ਕੁਦਰਤ ਕਿਸੇ ਸ਼ੈ ਨੂੰ ਕਿਸੇ ਦੀ ਮਿਲਖ ਨਹੀਂ ਕਰੇਂਦੀ। ਨਾਲੋ ਨਾਲ਼ ਈ ਵੱਖੋ ਵੱਖ ਹੋਂਦਾਂ ਨੂੰ ਆਪਣੇ ਸਾਂਝੇ ਅੰਦਰ ਸਮੇਟੀ ਆਉਂਦੀ ਏ। ਮੂਰਖ ਦੀ ਅੱਖ ਇਹ ਨਹੀਂ ਵੇਖ ਸਕਦੀ। ਉਹ ਵਸਤਾਂ ਨੂੰ, ਰੋਕੜ ਨੂੰ ਅਪਣਾ ਸਮਝ ਕੇ ਈ ਆਪਣੀ ਹੋਂਦ ਪਛਾਣਦਾ ਏ। ਕੁਦਰਤ ਦੀ ਸਾਂਝ ਵਿਚ ਸਮੇਟੇ ਵੰਜਣ ਨਾਲ਼ ਈ "ਆਪਣੇ" ਹੋਵਣ ਦਾ ਭਰਮ ਤਰੁਟ ਵੈਂਦਾ ਏ। "ਬਾਗ਼ ਮਿਲਖ ਘਰ ਬਾਰ ਕਿਥੈ ਸਿ ਆਪਣੇ॥"

ਵਸਤਾਂ ਦਰਜਿਆਂ ਦੀ ਗੇਣ ਇਕ ਪਾਸੇ ਤੇ ਦਰਜੇਬੰਦ ਵਿਹਾਰ ਦੀ ਪੂਰੀ ਬਣਤਰ ਨੂੰ, ਉਹਦੇ ਪ੍ਰਬੰਧ ਨੂੰ ਉਹਦੇ ਭਾਰੇ ਗੋਰੇ ਟੋਰੇ ਨੂੰ ਉਲੀਕ ਵਖੇਂਦੀ ਏ ਤੇ ਦੂਜੇ ਪਾਸੇ ਆਪੇ ਈ ਸ਼ਾਇਰੀ ਦੇ ਟੋਰੇ ਰਾਹੀਂ, ਸ਼ਾਇਰੀ ਦੀ ਬਣਤਰ ਤੇ ਪ੍ਰਬੰਧ ਰਾਹੀਂ ਏਸ ਸਾਰੇ ਅਡੰਬਰ ਨੂੰ ਇਕ ਸਾਂਗ, ਇਕ ਭਰਮ ਵਿਚ ਵਟਾ ਕੇ ਅਣ-ਹੋਇਆ ਕਰ ਦੇਂਦੀ ਏ।

********

# ਕਿਤਾਬ : ਰੰਗ, ਫ਼ਰੀਦੋਂ ਨਾਨਕ ਨਾਨਕੋਂ ਫ਼ਰੀਦ

(2000 ਸ. 125-128)

❖

(6)

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥
ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥੧॥
ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥
ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥੨॥(ਪੰਨਾ-੧੨੭੯)

## ਇਕ ਸੰਗਤੀ ਦੀ ਪੜ੍ਹਤ

ਜਦ ਸਾਵਣ ਵਸਦਾ ਏ ਤਾਂ ਹਰ ਕਿਸੇ ਨੂੰ ਇਕੋ ਜਿਹਾ ਨਹੀਂ ਪੋਹੰਦਾ। ਕੁਦਰਤ ਦੀ ਮਨਸ਼ਾ ਵੀ ਇਹੋ ਏ। ਓੜਕ ਭਾਵੇਂ ਸਭ ਦਾ ਭਲਾ ਈ ਹੁੰਦਾ ਏ। ਪਾਣੀ ਸਭ ਦੀ ਸਾਂਝੀ ਲੋੜ ਏ। ਧਰਤੀ ਦੀ ਲੋੜ ਏ। ਪਰ ਪੌਂਦ ਕੋਈ ਵਲ ਰਾਜ਼ੀ ਹੁੰਦਾ ਏ ਕੋਈ ਵਲ ਤੰਗ। ਉਹ ਸੁਣੀ ਹੋਸੀ ਤੁਸਾਂ ਭਈ ਹਿੱਕ ਬੁਢੜੇ ਦੀਆਂ ਦੋ ਧੀਆਂ ਆਹੀਆਂ। ਹਿਕ ਵਿਆਹੀ ਗਈ ਕੁਭਾਰਾਂ ਦੇ ਤੇ ਦੂਜੀ ਰਾਹਕਾਂ ਦੇ। ਬੁਢੜਾ ਮਿਲਣ ਗਿਆ ਪਹਿਲੀ ਨੂੰ ਤੇ ਉਸ ਆਖਿਆ ਬਾਬਾ ਦੁਆ ਚਾ ਕਰ ਵਸ ਨਾ ਪਵੇ। ਸਾਡੀ ਆਵੀ ਲਹਿਣ ਵਾਲੀ ਏ। ਦੂਈ ਦੇ ਗਿਆ ਤੇ ਉਸ ਆਖਿਆ ਬਾਬਾ ਦੁਆ ਚਾ ਕਰ ਵਸੇ, ਸਾਡੀ ਸਾਵੀ ਪਈ ਸੁਕਦੀ ਆ। ਘਰ ਪਰਤਿਆ ਤੇ ਘਰ ਵਾਲੀ ਪੁਛਿਆਸੁ ਭਈ ਸੁਣਾ ਧੀਆਂ ਦੀ। ਆਖਣ ਲਗਾ ਕੀ ਸੁਣਾਵਾਂ ਯਾਂ ਆਵੀ ਵਾਲੀ ਨਹੀਂ, ਯਾਂ ਸਾਵੀ ਵਾਲੀ ਨਹੀਂ।ਸੋ ਇਹ ਕੁਦਰਤ ਦੇ ਕੰਮ ਦੀ ਦੁਵਲ ਏ। ਇਸੇ ਨਾਲ਼ ਜਹਾਨ ਦਾ ਵਰਤਾਰਾ ਟੁਰਦਾ ਏ।

## ਦੂਜੇ ਸੰਗਤੀ ਦੀ ਪੜ੍ਹਤ

ਕੁਦਰਤ ਤੇ ਸਭ ਦੀ ਸਾਂਝੀ ਆਹੀ ਪਰ ਬੰਦੇ ਦੇ ਵਿਹਾਰ ਸਾਂਝੀ ਰਹਿਣ ਕੋਈ ਨਹੀਂ ਦਿਤੀ। ਦੋਹੜੇ ਵਿਚ ਸਾਵਣ ਧਨ ਵਾਲਿਆਂ ਵਿਹਾਰ ਰਸੀਆਂ ਲਈ ਉਮਾਹਾ (ਮਿਲਣ ਉਮੰਗ, ਮਸਤੀ, ਕਾਮ ਉਭਾਰ) ਏ ਤੇ ਹੀਣੀਆਂ ਚਾਕਰਾਂ, ਪੰਥੀਆਂ (ਪਾਂਧੀਆਂ) ਲਈ ਵਿਛੋੜਾ। ਸਾਵਣ ਤੇ ਕੁਦਰਤ ਦੀ ਕਰਨੀ ਏ ਪਰ ਇਹ ਵੰਡ ਕੁਦਰਤ ਦੀ ਕਰਨੀ ਨਹੀਂ।ਧਨ ਵਾਲਿਆਂ ਦਾ ਸੁਖ, ਰਸੀਆਂ ਦਾ ਰਸੇਵਾਂ ਚਾਕਰਾਂ ਪਾਂਧੀਆਂ ਪਾਰੋਂ ਹੈ। ਉਨ੍ਹਾਂ ਦੇ ਵਿਛੋੜਾ ਜਰਣ ਪਾਰੋਂ।ਉਨ੍ਹਾਂ ਦੀ ਕਰਨੀ ਨੇ ਈ ਸਾਵਣ ਦਾ

ਲੋੜੀਂਦਾ ਸਾਮਾਨ ਧਨਵਾਨਾਂ ਦੇ ਘਰ ਢੋ ਦਿਤਾ ਏ ਤੇ ਆਪ ਉਹ ਸਖਣੇ ਥੀ ਗਏ ਨੇਂ ਸਾਵਣ ਦੀ ਔਖਤ ਝਾਗਣ ਕੀਤੇ।

ਪਹਿਲੀ ਪੜ੍ਹਤ ਨੂੰ ਆਸਰਾ ਦੇਂਦੀ ਜਾਪਦੀ ਏ ਦੋਹੜਿਆਂ ਦੀ ਬਣਤਰ। ਦੋਹੜਿਆਂ ਦਾ ਰੰਗ ਸਿਆਣਿਆਂ ਦਿਆਂ ਅਖਾਣਾਂ ਵਾਲਾ ਏ ਜਿਹਨਾਂ ਵਿਚ ਰੁੱਤਾਂ ਦੇ ਲਹਾ ਚੜ੍ਹਾ ਦੇ ਭੇਤ ਦੱਸੇ ਜਾਂਦੇ ਨੇਂ।ਥੋਕਾਂ ਦੀ ਗਿਣਤੀ ਵੀ ਅਖਾਣਾਂ ਦਾ ਪੁਰਾਣਾ ਢੰਗ ਏ।ਗਿਣਤੀ ਚੇਤੇ ਵਿਚ ਠੁਕ ਜਾਂਦੀ ਏ ਨਾਲੇ ਗਿਣਤੀ ਸਿਰ ਗੱਲ ਕਰਨ ਨਾਲ਼ ਗੱਲ ਦੇ ਹਮੇਸ਼ ਸੱਚ ਹੋਵਣ ਦਾ, ਅਟੱਲ ਹੋਵਣ ਦਾ ਰੰਗ ਪਕੇਰਾ ਥੀ ਵੈਂਦਾ ਏ। ਜਾਪਦਾ ਏ ਜਿਵੇਂ ਇਹ ਧੁਰੋਂ ਗਿਣੀ ਮਿੱਥੀ ਗੱਲ ਏ। ਚੰਗੀ ਪੁਣੀ ਨਿਤਾਰੀ। ਇਹਦੇ ਵਿਚ ਗਲ ਕਰਨ ਵਾਲੇ ਦਾ ਆਪਣਾ ਕੋਈ ਉਲਾਰ ਨਹੀਂ।ਗਿਣਤੀ ਪੀੜ੍ਹੀਓ ਪੀੜ੍ਹੀ ਵਰਤੇ ਵਰਤਾਰੇ ਦੀ ਮੋਹਰ ਬਣ ਵੈਂਦੀ ਏ, ਇਕੱਲੇ ਜੀਅ ਦੇ ਸ਼ਕ ਨੂੰ ਪੱਕ ਵਿਚ ਵਟਾਵਣ ਵਾਸਤੇ ਉਹਦਾ ਭੋਲ ਭੰਨਣ ਵਾਸਤੇ।

ਪਰ ਸ਼ਾਇਰੀ ਅਖਾਣ ਨਹੀਂ ਹੁੰਦੀ। ਸ਼ਾਇਰੀ ਦੇ ਆਪਣੇ ਭੇਤ ਹੁੰਦੇ ਨੇਂ।ਸ਼ਾਇਰੀ ਆਪਣਾ ਭੇਤ ਵਰਤਾਵਣ ਲਈ ਰੀਤ਼ਲ ਬਣਤਰਾਂ ਨਾਲ਼ ਸਾਂਝ ਪਾਉਂਦੀ ਏ ਯਾਂ ਆਖੋ ਰੀਤ ਦਿਆਂ ਸਦਾ ਖੁਲ੍ਹਿਆਂ ਬੂਹਿਆਂ ਵਿਚ ਮਲਕੜੇ ਆਪਣਾ ਭੇਤ ਧਰ ਦੇਂਦੀ ਏ। ਇਥੇ ਗਿਣਤੀ ਵੀ ਏ, ਗਿਣੀਆਂ ਥੋਕਾਂ ਦਾ ਟਾਕਰਾ ਵੀ ਏ ਰੀਤ ਵਾਂਗੂੰ।ਪਰ ਇਸੇ ਗਿਣਤੀ ਤੇ ਇਸੇ ਟਾਕਰੇ ਰਾਹੀਂ ਸ਼ਾਇਰੀ ਆਪਣੇ ਭੇਤ ਵੱਲ ਸੈਂਤਰ ਕਰੇਂਦੀ ਏ। ਜਿਵੇਂ ਬੁਝਾਰਤਾਂ ਆਪਣੀ ਬਣਤਰ ਰਾਹੀਂ ਆਪਣੀ ਬੁਝ ਨੂੰ ਆਪ ਈ ਰਾਹ ਦੇਂਦੀਆਂ ਨੇਂ।ਏਥੇ ਚਹੁ ਨੂੰ ਉਮਾਹਾ ਏ ਚਹੁ ਨੂੰ ਵਿਛੋੜਾ।ਇਕੋ ਰੁਤ ਪਾਰੋਂ।ਜਿਨ੍ਹਾਂ ਨੂੰ ਸਾਵਣ ਉਮਾਹਾ ਏ ਉਨ੍ਹਾਂ ਵਿਚ ਤਰੈ ਕੁਦਰਤ ਦੇ ਟੋਰੇ ਟੁਰਦੇ ਨੇਂ।ਜੰਗ਼ਲ ਵਾਸ ਹਿਰਨ ਨੇਂ, ਭੋਏਂ ਵਾਸ ਨਾਗ ਨੇਂ, ਪਾਣੀ ਵਾਸ ਮੱਛੀਆਂ ਨੇਂ।ਸਾਵਣ ਇਨ੍ਹਾਂ ਦਾ ਹੁਸੜ ਮੁਕਾਉਂਦਾ ਏ। ਇਨ੍ਹਾਂ ਦਿਆਂ ਸਰੀਰਾਂ ਵਿਚ ਮੇਲ ਮਸਤੀ ਦੀ ਕਣੀ ਪਾਉਂਦਾ ਏ। ਇਹ ਤਰੈਵੇ ਆਪੋ ਆਪਣੀ ਕੁਦਰਤੀ ਜੂਨਾਂ ਵਿਚ ਜਿਉਂਦੇ ਨੇਂ।ਸਾਵਣ ਇਨ੍ਹਾਂ ਦੀ ਕੁਦਰਤੀ ਜੂਹ ਨੂੰ ਵਤਰ ਕਰੇਂਦਾ ਏ।ਪਰ ਘਰੀਂ ਧਨ ਵਾਲੇ ਰਸਦੇ ਇਨ੍ਹਾਂ ਵਿਚ ਕਿਵੇਂ ਗਿਣੇ ਗਏ ਨੇਂ ਮਲਕੜੇ ਈ। ਇਹ ਜਨੌਰ ਜੂਨ, ਉਹ ਬੰਦਾ ਜੂਨ।

ਕਿਤੇ ਇਹ ਤੇ ਨਹੀਂ ਪਿਆ ਦੱਸਦਾ ਦੋਹੜਾ ਜੋ ਉਹ ਵੀ ਜਨੌਰ ਜੂਨ ਈ ਨੇਂ, ਬੰਦਾ ਜੂਨ ਹੁੰਦਿਆਂ ਵੀ।ਪਰ ਨਾਗ ਮਛੀਆਂ ਮਿਰਗ ਧਨ ਤੇ ਨਹੀਂ ਜੋੜਦੇ। ਸੋ ਚੌਥੇ ਨਗ ਦਾ ਬਾਕੀ ਤਰੋਂਹ ਨਾਲ਼ ਜੋੜ ਅਜੋੜ ਕੋਈ ਭੇਤ ਰੜਕਾਉਂਦਾ ਏ ਸਾਨੂੰ।

ਅੱਗੇ ਟਾਕਰਾ ਏ ਚਹੁੰ ਉਮਾਹੀਆਂ ਦਾ, ਚਹੁੰ ਵਿਛੁੰਨਿਆਂ ਨਾਲ਼। ਵਿਛੁੰਨਿਆਂ ਵਿਚ ਪਹਿਲਾ ਪਸ਼ੂ ਏ ਤੇ ਰਹਿੰਦੇ ਤਰੈ ਬੰਦੇ ਨੇਂ। ਨਿਰਧਨ, ਪੰਥੀ ਤੇ ਚਾਕਰ। ਇਹ ਤਰੈਵੇ ਵਿਹਾਰ ਦੀ ਸੌੜ ਦੇ ਮਾਰੇ ਨੇਂ । ਸਾਵਣ ਇਨ੍ਹਾਂ ਦੀ ਸਖ਼ਤੀ ਵਧਾ ਦਿਤੀ ਏ। ਨਿਰਧਨ ਦਾ ਵਸਤ ਵ਼ਲੇਵਾ ਸਿਝ ਗਿਆ ਏ। ਘਰ ਢੈਣ ਦਾ ਧੜਕਾ ਵੀ ਹੋਸੀ। ਪਾਂਧੀ ਦਾ ਪੰਧ ਖੁੰਝ ਗਿਆ ਏ। ਚਾਕਰਾਂ ਦੀ ਹਾਂਡ ਦੂਣੀ ਹੋ ਗਈ ਏ।ਵਿਛੋੜਾ ਇਨ੍ਹਾਂ ਦਾ ਆਪਣੇ ਆਪ ਕੋਲੋਂ ਏ।ਇਹ ਆਪਣੇ ਪੋਰ੍ਹੇ ਦੇ, ਆਪਣੀ ਬਾਂਧ ਦੇ ਦੁਖ ਵਿਚ ਫਾਤੇ ਪਏ ਨੇਂ। ਸਾਵਣ ਹਥੋਂ ਇਨ੍ਹਾਂ ਦਾ ਦੁਖ ਘਣੇਰਾ ਕਰੇਂਦਾ ਏ। ਆਪਣੀ ਨਿਰਬਾਂਧ, ਬੇ-ਕੈਦ ਹਸਤੀ ਨਾਲ਼ ਮੇਲ ਇਨ੍ਹਾਂ ਦੇ ਵਸ ਵਿਚ ਨਹੀਂ। ਇਹ ਆਪਣੀ ਜੂਹ ਵਿਚ ਬੇ-ਜੂਹੇ ਨੇਂ। ਸਾਵਣ ਇਨ੍ਹਾਂ ਨੂੰ ਵਧੇਰੇ ਵਿਛੋੜਦਾ ਏ। ਇਕ ਸੌੜ ਵਧਾ ਕੇ ਤੇ ਇਕ ਧਨ ਵਾਲਿਆਂ ਰਸੀਆਂ ਦੀ ਮੌਜ ਮਸਤੀ ਵਿਖਾ ਕੇ। ਇਹ ਸੋਚਦੇ ਨੇਂ ਤੇ ਹੋਰ ਨੂੰ ਝੂਰਦੇ ਨੇਂ ਜੋ ਕੁਦਰਤ ਦੀ ਮਿਹਰ ਸਾਡੇ ਲੇਖੇ ਤੇ ਕਹਿਰ ਈ ਹੋਈ।ਸਾਵਣ ਦਾ ਵਿਛੋੜਾ ਪਿਆਰ ਵਾਲਿਆਂ ਤੇ ਭਾਰਾ ਹੋਂਦਾ ਏ। ਇਹ ਭਾਰ ਰੀਤਲ ਪਿਆਰ ਗਾਵਣਾਂ ਵਿਚ ਮੁੱਢੋਂ ਸੁਣੀਂਦਾ ਆਇਆ ਏ। ਸੋ ਦੋਹੜਾ ਏਥੇ ਪ੍ਰੇਮੀਆਂ ਦੇ ਸਾਵਣ ਗੀਤਾਂ ਤੇ ਬਾਰਾਂ ਮਾਹਿਆਂ ਦੇ ਸੁਰ ਦੀ ਮਲੂਕ ਜਿਹੀ ਛੋਹ ਵੀ ਆਪਣੇ ਸੰਗੀਤ ਵਿਚ ਰਲੇਂਦਾ ਏ। ਇਹ ਸੁਰ ਨਿਰਧਨਾਂ, ਪਾਂਧੀਆਂ, ਚਾਕਰਾਂ ਦੇ ਦੁਖ ਨੂੰ ਤਰਿਖਾ ਕਰੇਂਦਾ ਏ। ਆਪਣੀ ਹਸਤੀ ਕੋਲੋਂ ਵਿਛੋੜੇ ਦੇ ਦੁਖ ਨੂੰ। ਪਰ ਇਹ ਸੁਰ ਧਨ ਵਾਲਿਆਂ ਦੇ ਉਮਾਹ ਨੂੰ ਚਿਘਦਾ ਵੀ ਏ।(ਧਨ ਮਾਲ ਵੀ ਏ ਤੇ ਜਾਲ ਵੀ।) ਧਨ ਰਸੀਆਂ ਦਾ ਉਮਾਹਾ ਇਕ ਜਨੌਰਾ ਜਿਹਾ ਉਮਾਹਾ ਜਾਪਦਾ ਏ। ਬੇ ਸੁਰਤਾ, ਬੇ ਕਿਰਕਾ, ਨਾਗਾਂ ਮਿਰਗਾਂ ਮੱਛੀਆਂ ਵਾਲਾ। ਏਸ ਉਮਾਹੇ ਵਿਚ ਮਿਰਗਾਂ ਮੱਛੀਆਂ ਵਾਲਾ ਅਣਭੋਲ ਰੰਗ ਵੀ ਹੈ ਤੇ ਨਾਗਾਂ ਵਾਲਾ ਜ਼ਹਿਰੀਲਾ ਡਰਾਵਣਾ ਰੰਗ ਵੀ। ਮਿਰਗਾਂ ਮੱਛੀਆਂ ਦੀ ਅਣਭੋਲ ਮਸਤੀ ਨਾਗਾਂ ਦੀ ਡਰਾਵਣੀ ਮਸਤੀ ਦੇ ਨਾਲ਼ ਖਲੋ ਕੇ ਉਹਨੂੰ ਓਹਲਾ ਦੇ ਕੇ ਉਹਦੇ ਡੰਗ ਨੂੰ ਵਧੇਰੇ ਤਰਿਖਾ ਕਰੇਂਦੀ ਏ।ਜਿਥੇ ਚਾਕਰਾਂ, ਨਿਰਧਨਾਂ, ਪਾਂਧੀਆਂ ਦੇ ਪੈਰ ਚਿੱਕੜ ਵਿਚ ਖੁੱਭੇ ਪਏ ਨੇਂ, ਓਥੇ ਧਨ ਰਸੀਆਂ ਦਾ ਟੋਰਾ ਮੱਛੀਆਂ-ਮਿਰਗਾਂ, ਨਾਗਾਂ, ਹਾਰ ਵਧੇਰੇ ਛੋਹ਼ਲਾ, ਸ਼ੋਖ਼ਾ ਤੇ ਵ਼ਲਦਾਰ ਥੀ ਗਿਆ ਏ।

ਗਾਈਆਂ, ਵਛਿਆਂ ਨੂੰ ਸਾਵਣ ਨਹੀਂ ਸੁਖਾਉਂਦਾ। ਉਹ ਮੱਝੀਂ ਵਾਂਗ ਪਾਣੀ ਵਾਸ ਨਹੀਂ।ਗਾਂ ਵੱਛੇ ਦਾ ਦੁੱਖ ਨਿਰਧਨਾਂ, ਪਾਂਧੀਆਂ, ਚਾਕਰਾਂ ਦੇ ਦੁਖ ਦੇ ਨਾਲ਼ ਖਲੋ ਕੇ ਦੋ ਗੱਲਾਂ ਆਖਦਾ ਏ। ਇਕ ਇਹ ਜੋ ਪਸ਼ੂ ਬੰਦੇ ਦੀ ਬਾਂਧ ਵਿਚ ਉਤਨੇ ਈ ਹਥਲ ਨੇ ਜਿਤਨਾ ਬੰਦਾ ਬੰਦੇ ਦੀ ਬਾਂਧ ਵਿਚ।ਦੂਜਾ ਇਹ ਜੋ ਵਿਹਾਰ ਬਧਿਆਂ ਬੰਦਿਆਂ ਦਾ ਦੁਖ ਬਧਿਆਂ ਪਸ਼ੂਆਂ ਦੇ ਦੁੱਖ

ਜਿਹਾ ਏ, ਬੇ-ਜ਼ੁਬਾਨ ਤੇ ਬੇ-ਆਸ। ਜਿਵੇਂ ਗਾਈਂ ਆਪਣਾ ਦੁਧ ਅਪਣਾ ਤੱਤ ਸਤ ਬੰਦੇ ਨੂੰ ਦੇਵਣ ਲਈ ਮਜਬੂਰ ਨੇਂ ਐਵੇਂ ਈ ਨਿਰਧਨ ਵੀ ਆਪਣੀ ਸਕਤ, ਆਪਣੀ ਖੁੱਲ੍ਹ ਧਨਵਾਨਾਂ ਦੇ ਲੇਖੇ ਲਾਵਣ ਲਈ ਮਜਬੂਰ ਨੇਂ। ਧਨ ਉਨ੍ਹਾਂ ਦੀ ਸਕਤ ਈ ਏ ਜਿਹੜੀ ਉਨ੍ਹਾਂ ਕਣੋਂ ਵਿਛੜ ਕੇ ਧਨ ਵਾਲਿਆਂ ਦੀ ਮਸਤੀ ਬਣ ਗਈ ਏ।

*********

# ਕਿਤਾਬ : ਕਿੱਸਾ ਢੱਕ ਮਕੌੜਾ

(2001 ਸ. 49-57)

❖

ਕਿਤਾਬ ਬੇ-ਬਦਲ ਮੌਸੂਮ ਬਾ ਅਹਿਵਾਲਿ ਸ਼ਜਰਿ ਸਿੰਬਲ ਅਲਮਾਰੂਫ਼ ਕਿੱਸਾ ਢੱਕ ਮਕੌੜਾ ਮਿਨ ਤਸਨੀਫ਼ ਸ਼ਰੀਫ਼ ਮਿਸ ਐਨੀ ਰੋਜ਼ਾ ਮਲ ਸਾਬਿਕ ਨਰਸਿੰਗ ਸਿਸਟਰ ਡਿਸਟ੍ਰਿਕਟ ਹਸਪਤਾਲਾਂ ਮੁਫ਼ਸਿਲ ਹਾਲ ਵਾਰਿਦ ਲਾਹੌਰ।

ਮੈਂ ਅੱਜ ਕੱਲ੍ਹ ਲਾਰੰਸ ਘਟ ਈ ਜਾਨੀ ਆਂ
ਨਵੇਂ ਪਾਰਕ ਹੁਣ ਕਈ ਨੇਂ
ਜਾਨਣ ਵਾਲੇ ਓਥੇ ਈ ਮਿਲਦੇ ਨੇਂ
ਥੋੜ੍ਹੇ ਈ ਰਹਿ ਗਏ ਨੇਂ ਜਾਨਣ ਵਾਲੇ ਬਹੁਤੇ ਬਾਹਰ ਟੁਰ ਗਏ
ਕੱਲ੍ਹ ਕਈਆਂ ਚਿਰਾਂ ਪਿਛੋਂ ਗਈ ਤੇ ਸਿੰਬਲ ਉਤੇ ਚੜ੍ਹਦਾ ਬੰਦਾ ਵੇਖ ਕੇ ਗੁੰਮ ਸੁੰਮ ਹੋ ਗਈ
ਸ਼ਹਿਤ ਦੇ ਛੱਤੇ ਲਾਹੁਣ ਵੀ ਕੋਈ ਚੜ੍ਹਦੇ ਈ ਹੋਸਨ
ਪਰ ਆਪਣੀ ਅਖੀਂ ਪਹਿਲੀ ਵਾਰ ਮੈਂ ਵੇਖਾਂ ਪਈ ਤੇ ਜਾਪੇ
ਸ਼ਹਿਤ ਵੀ ਅੱਜ ਕੱਲ੍ਹ ਕੋਈ ਨਹੀਂ ਇਹ ਕਿਉਂ ਪਿਆ ਚੜ੍ਹਦਾ ਏ
ਵੱਡੇ ਟਾਹਣ ਟਪੇਂਦਾ ਉਤਲੀਆਂ ਪਤਲੀਆਂ ਟਹਿਣੀਆਂ ਉਪਰ
ਬਾਂਦਰ ਚਾਲ ਉਹ ਚੜ੍ਹਦਾ ਜਾਵੇ
ਹੇਠੋਂ ਦੋ ਖਲੋਤੇ ਆਂਹਦੇ ਨੇਂ ਬਸ ਕਰ ਰੈਂਬੋ ਲਹਿ ਆ ਹੁਣ
ਪੰਜ ਸੌ ਕਢ ਵਖਾਓ ਤੇ ਲਹਿਨਾਂ
ਇਕ ਨੇ ਅਗੋਂ ਜ਼ਿਪ ਖੁੱਲ੍ਹੀ ਲੈ ਵੇਖ ਲੈ ਪੰਜ ਸੌ
ਮੈਂ ਢਾ ਕੇ ਪਿਛੋਂ ਕੱਢ ਲੈਣੇ ਨੇਂ ਤੇਰਿਓ, ਹੇਠਾਂ ਆਵਣ ਦੇ ਮੈਨੂੰ
ਬਾਂਦਰ ਚਾਲ ਉਹ ਪਤਲੀ ਜਿਹੀ ਇਕ ਟਹਿਣੀ ਉਤੋਂ ਨਾਲ਼ ਦੇ ਸੋਹਲ ਸਫ਼ੈਦੇ ਉੱਪਰ ਸਿਰਕ ਗਿਆ
ਤੇ ਕੂਲੀ ਗੋਲ ਗੁਲ਼ੀ ਨਾਲ਼ ਤਿਲਕਦਾ ਥੱਲੇ ਆਇਆ
ਉਹ ਤਰੈਵੇ ਸ਼ਰਤ ਝਗੜਦੇ ਟੁਰ ਗਏ
ਇਹ ਚੜ੍ਹਿਆ ਕਿਵੇਂ ਸਿਧੀ ਗੁਲ਼ੀ ਕੂਲੀ ਖੱਲ ਸਿੰਬਲ ਦੀ
ਪਰ ਕੋਲੋਂ ਵੇਖਿਆ ਕੂਲੀ ਖੱਲ ਤੇ ਨਿੱਕੀਆਂ ਨਿੱਕੀਆਂ ਖੁੰਗੀਆਂ ਉਭਰੀਆਂ ਹੋਈਆਂ ਨੇਂ
ਸਿੰਬਲ ਬੜਾ ਅਜੀਬ ਦਰਖ਼ਤ ਏ।

ਮੈਂ ਪਹਿਲੀ ਵਾਰੀਂ ਬਾਗ 'ਚ ਡਿੱਠੇ ਦੋ ਤੇ ਸਮਝੀ
ਬਾਹਰੋਂ ਆਇਆ ਹੁਣਾਏ ਸਿੰਬਲ ਨਾਂ ਅੰਗਰੇਜ਼ੀ ਲਗਦਾ ਏ
ਨਾਂ ਦਾ ਕੀ ਏ, ਖ਼ਬਰੇ ਕਿਹੜਾ ਕਿਥੋਂ ਆਇਆ ਏ।
ਸਚ ਬਾਬੇ ਨਾਨਕ ਸਿੰਬਲ ਦੀ ਗੱਲ ਕੀਤੀ ਏ
"ਸਿੰਬਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ॥
ਸੇ ਫ਼ਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ॥੪॥"
ਸਾਰਾ ਜਗ ਉਦਾਸੀ ਫਿਰਿਆ
ਖ਼ਬਰੇ ਕਿਹੜੇ ਦੇਸੋਂ ਵੇਖ ਕੇ ਆਇਆ ਹੋਸੀ ਬਾਬਾ
ਪਰ ਦੂਰ-ਦੁਰਾਡੀਆਂ ਗੱਲਾਂ ਵਿਚੋਂ ਕਿਥੇ ਮਿਸਾਲਾਂ ਕੱਢਦੇ ਸਨ ਅਜੇ ਸ਼ਾਇਰ ਉਸਲੇ
ਨਾਂ ਦਾ ਕੀ ਏ
ਓਸ ਵੇਲੇ ਵੀ ਬਾਹਰੋਂ ਆਏ ਨਾਂ ਧਰਾ ਕੇ ਲੋਕੀ ਰਾਜ਼ੀ ਹੁੰਦੇ ਈ ਸਨ ਕਿ।
ਬਾਗੇ ਸੜਕ ਦੇ ਆਰ ਪਾਰ ਨੇਂ ਆਹਮੋ ਸਾਹਮਣੇ
ਹਿਕ ਊਦੇ ਜਿਦੇ ਕਲੱਬ ਏ ਛੋਟਾ
ਜ਼ਰਾ ਹੌਲੀਆਂ ਸਾਮੀਆਂ ਵਾਲਾ
ਦੂਜਾ ਜਿਦੇ ਲਾਨ ਅੰਗਰੇਜ਼ੀ ਉਪਰ ਸ਼ਾਲਾਮਾਰ ਵਿਛਾਇਆ ਨੇਂ
ਬਾਗ 'ਚ ਇਹਦੇ ਫ਼ਾਇਦੇ ਤੇ ਮੈਂ ਵੇਖੇ ਨੇਂ
ਹਿਕ ਤੇ ਸ਼ਹਿਤ ਦੇ ਛਤੇ ਮਸ਼ਕਾਂ ਇਹਦੇ ਉਤੇ ਲਗਦੇ ਨੇਂ
ਬਧੀਆਂ ਥਾਵਾਂ ਉਤੇ ਮੇਲੇ ਨਹੀਂ ਜਿਵੇਂ ਲਗਦੇ
ਦੂਜਾ ਮੁੰਡੇ ਇਹਦੇ ਉਤੇ ਕੁੜੀ ਦੇ ਨਾਂ ਨਾਲ਼ ਆਪਣਾ ਨਾਂ ਰਲ਼ਾ ਕੇ ਲਿਖ ਲੈਂਦੇ
ਨੇਂ ਸੌਖਾ
ਵਿਚ ਦਿਲ ਪਾਨ ਦੇ ਪੱਤੇ ਵਰਗਾ
ਨਾਲੇ ਤੀਰ ਇਸ਼ਾਰੇ ਵਰਗਾ
ਪਤਾ ਨਹੀਂ ਇਹਦਾ ਰੰਗ ਗੋਰਾ ਏ
ਯਾਂ ਖੱਲ ਕੂਲੀ ਏ ਸੌਖੀ ਖੁਰਚੀ ਜਾਂਦੀ ਏ
ਪੂਰਾ ਗੋਰਾ ਨਹੀਂ ਸਿੰਬਲ
ਉਹ ਤੇ ਸਫ਼ੈਦਾ ਵੀ ਨਹੀਂ ਹੁੰਦਾ
ਪੂਰੇ ਗੋਰੇ ਤੇ ਗੋਰੇ ਮੁਸ਼ਕਿਲ ਹੁੰਦੇ ਨੇਂ
ਉਂਜ ਰੁਖ ਮਲੂਕ ਏ ਬਤਕਾਂ ਵਰਗਾ
ਨਾਂ ਭਾਵੇਂ ਮਰਦਾਵਾਂ ਏ, ਨਾਂ ਦਾ ਕੀ ਏ,

ਟਾਹਲੀ ਕੁੜੀ ਦਾ ਨਾਂ ਨਹੀਂ ਲਗਦਾ?
ਸਿੰਬਲ ਉਤੇ ਉਕਰਿਆਂ ਨਾਵਾਂ ਬਾਰੇ ਵੀ ਮੇਰਾ ਇਕ ਖ਼ਿਆਲ ਤੇ ਲਤ ਹੋ ਗਿਆ ਏ
ਪਿਛੇ ਜਿਹੇ
ਮੇਰਾ ਖ਼ਿਆਲ ਸੀ ਇਹ ਸਕੂਲ ਦੇ ਮੁੰਡਿਆਂ ਦਾ ਕੰਮ ਏ
ਬੜੀ ਹਦ ਏ ਕਾਲਜ ਦਿਆਂ ਦਾ
ਫ਼ਸਟ ਈਅਰ ਦੇ ਸੈਕਿੰਡ ਈਅਰ ਦੇ ਮੁੰਡੇ
ਕੁੜੀਆਂ ਨਾਲ਼ ਅਜੇ ਗੱਲ ਨਹੀਂ ਜਿਹੜੇ ਕਰ ਸਕਦੇ
ਪਰ ਦਿਲ ਵਿਚ ਪੱਕ ਨੇਂ
ਬਾਗ ’ਚੋਂ ਲੰਘਦੀ ਸਿੰਬਲ ਵਲ ਉਹ ਜਾਵੇ ਈ ਜਾਵੇ
ਰੋਜ਼ਿਆਂ ਤੇ ਵੀ ਇਹੋ ਕਰਦੇ ਨੇਂ
ਜਹਾਂਗੀਰ ਦਾ ਹੋਵੇ ਗ਼ਾਜ਼ੀ ਇਲਮਦੀਨ ਦਾ ਹੋਵੇ
ਯਾਂ ਉਹ ਮੁੰਡੇ ਆਪਣਾ ਨਾਂ ਜਹਾਨ ਤੇ ਛਡਣਾ ਚਾਹੁੰਦੇ ਨੇਂ
ਆਪੋਂ ਉਹਲੇ ਰਹਿ ਕੇ
ਸ਼ਾਇਰ ਵੀ ਇਹੋ ਜਿਹੇ ਈ ਮੁੰਡੇ ਹੁੰਦੇ ਨੇਂ
ਪਰ ਪਿਛੇ ਜਿਹੇ ਅਜੀਬ ਹੋਇਆ
ਇਕ ਚੰਗਾ ਭਲਾ ਸਿਆਣਾ ਬੰਦਾ, ਦਾੜ੍ਹੀ ਧੌਲੇ
ਲੰਮਾ ਸਾਰਾ ਚਾਕੂ ਲੈ ਕੇ ਜੁਟਿਆ ਹੋਇਆ ਏ
ਕੋਈ ਕੁੜੀ ਦਾ ਨਾਂ ਨਹੀਂ ਸੂ ਲਿਖਿਆ
ਬਸ ਮੁਅਜ਼ਮ ਇੱਕ ਇੱਕ ਛਿਆਨਵੇਂ
ਇਹ ਮੁਅਜ਼ਮ ਸ਼ਾਇਰ ਨਹੀਂ ਬਣ ਸਕਿਆ ਹੋਣਾ
ਪਰ ਚਾਕੂ ਜਿਵੇਂ ਖ਼ਫ਼ਾ ਖ਼ੂਨ ਉਹਨੇ ਸਿੰਬਲ ਉਤੇ ਵਾਹਿਆ ਏ
ਜਾਪੇ ਕੋਹੰਦਾ ਏ ਕਿਸੇ ਨੂੰ
ਕੋਹਣ ਵਾਲੇ ਵੀ ਵਿਚੋਂ ਖ਼ਬਰੇ ਸ਼ਾਇਰ ਈ ਹੁੰਦੇ ਹੋਵਣ
ਨਾਂ ਛੱਡਣ ਲਈ ਆਪਣਾ ਕੂਲੀ ਖੱਲ ਤੇ ਉਹਲੇ ਰਹਿ ਕੇ
ਕਤਲ ਵੀ ਗ਼ਜ਼ਲ ਸੁਣਾਵਣ ਵਾਂਗ ਈ ਹੋਵੇ ਭਾਵੇਂ
ਪਰ ਮਖੀਆਂ ਦਾ ਲੰਮਾ ਨਹੀਂ ਮਨਸੂਬਾ ਹੁੰਦਾ
ਸਿਆਲ਼ ਸਮਾਨ ਖ਼ੁਰਾਕ ਦਾ ਅੰਦਰ ਧਰਨਾ ਹੁੰਦਾ ਏ
ਉਹ ਵੀ ਇਹਦੀ ਖੱਲ ਈ ਖ਼ਬਰੇ ਵੇਖਦੀਆਂ ਨੇਂ
ਹਾਂ ਪੱਤਰ ਇਕਦਮ ਆ ਜਾਂਦੇ ਨੇਂ ਸਿੰਬਲ ਨੂੰ
ਜਿਵੇਂ ਕੁੜੀਆਂ ਨੂੰ ਕਪੜੇ ਆ ਜਾਂਦੇ ਨੇਂ
ਪਰ ਗੋਰਿਆਂ ਰੁਖਾਂ ਤੇ ਪੱਤਰ ਅਕਸਰ ਵਿਰਲੇ ਈ ਹੁੰਦੇ ਨੇਂ

ਮਸਾਂ ਈ ਉਹਲੇ ਹੁੰਦੀ ਈ ਛੱਲੀ
ਪਰ ਜਿਸਲੇ ਛੱਲੀ ਭਰ ਜਾਂਦੀ ਏ
ਸਹਿਜੇ ਈ ਪੱਤਰ ਕਿਰ ਜਾਂਦੇ ਨੇਂ ਨੰਗੀ ਛਡ ਕੇ
ਠੇਕੇਦਾਰ ਨੂੰ ਚੜ੍ਹਨ ਤੇ ਛੱਲੀ ਵੱਢਣ ਵਿਚ ਸਹੂਲਤ ਹੋ ਜਾਂਦੀ ਏ
ਸ਼ਹਿਤ ਬਾਰੇ ਹੁਣ ਆਮ ਤੇ ਇਹੋ ਈ ਏ ਕਿ ਸ਼ੀਰਾ ਰਲਿਆ ਹੁੰਦਾ ਏ
ਸੋ ਬਾਗ ਦੇ ਅਫ਼ਸਰ ਹੋਵਣ
ਯਾਂ ਕੋਈ ਅਸਰ ਰਸੋਖ਼ੇ
ਉਹ ਤੇ ਲਹਾਉਂਦੇ ਨੇਂ ਉਤੇ ਖਲੋ ਕੇ
ਸਾਹਮਣੇ ਚੁਵਾ ਕੇ ਲੈਂਦੇ ਨੇਂ
ਕਈਂ ਕਰੋੜਪਤੀ ਨਹੀਂ ਗੋਸ਼ਤ ਆਪ ਕਰਾ ਕੇ ਲੈਂਦੇ ਨੇਂ
ਦੁਧ ਗੋਸ਼ਤ ਦਾ ਸ਼ਹਿਤ ਹਾਰ ਈ ਹੁਣ ਵਸਾਹ ਨਹੀਂ ਖਾਣਾ ਚਾਹੀਦਾ
ਮਖੀਆਂ ਉਂਜ ਤੇ ਪਾਡੀਆਂ ਸੁਣੀਦੀਆਂ ਨੇਂ
ਇਨ੍ਹਾਂ ਬਾਰੇ ਕੋਰਸ ਦੀਆਂ ਕਿਤਾਬਾਂ ਵਿਚ ਵੀ ਬੜਾ ਬੜਾ ਕੁਝ ਆਇਆ ਏ
ਟੀ.ਵੀ. ਤੇ ਵੀ ਆਇਆ ਏ
ਪਰ ਸਿੰਬਲ ਇਨ੍ਹਾਂ ਨਾਲ਼ ਸਾਲ ਦੇ ਸਾਲ ਜੋ ਕਰਦਾ ਏ
ਉਹ ਕਿਉਂ ਖ਼ਬਰੇ ਸਮਝ ਨਹੀਂ ਨੇਂ ਆਉਂਦੀ
ਪੰਜਾਹ ਵਰ੍ਹੇ ਤੇ ਮੈਨੂੰ ਵੇਹੰਦਿਆਂ ਹੋ ਗਏ ਨੇਂ
ਤੇ ਸਿੰਬਲਾਂ ਨਾਲ਼ ਇਨ੍ਹਾਂ ਦਾ ਵਾਹ ਤੇ ਬਾਬੇ ਨਾਨਕ ਤੋਂ ਵੀ ਅਗੋਂਦੇ ਹੋਣਾ ਏ
ਹਜ਼ਾਰਾਂ ਵਰ੍ਹਿਆਂ ਦਾ।
ਪੱਤਰ ਜਿਹੜੇ ਵੇਲੇ ਕਿਰਦੇ ਨੇਂ
ਫੁਲ ਆ ਵੈਂਦੇ ਨੇਂ
ਲਾਲ਼ ਸੂਹੇ ਤੇ ਭਾਰੇ ਭਾਰੇ
ਫੁਲ ਵੀ ਝਟ ਈ ਡਿੱਗ ਪੌਂਦੇ ਨੇਂ
ਬੋਟੀ ਬੋਟੀ ਜਿਵੇਂ ਕੋਈ ਸਦਕਾ ਸਟਦਾ ਏ
ਰੂੰ ਵੀ ਐਵੇਂ ਈ ਉੱਡ ਰੁਲ਼ ਜਾਂਦਾ ਏ ਸਿੰਬਲ ਦਾ
ਸੌਖੇ ਲੋਕ ਸਰਾਹਣੇ ਇਹਦੇ ਭਰੇਂਦੇ ਆਹੇ ਅੱਗੇ
ਹੁਣ ਤੇ ਹਮਾਤੜ ਫ਼ੋਮ ਤੇ ਸੌਂਦੇ ਨੇਂ
ਖ਼ਬਰੇ ਸੌਖ ਸਰਾਹਣੇ ਭਰਣ ਲਈ ਸਿੰਬਲ ਲੱਗਦਾ ਹੋਣਾ ਏ ਬਾਬੇ ਵੇਲੇ
ਤਾਹੀਓਂ ਪੁਣ ਗਿਆ ਏ ਇਹਨੂੰ
ਸੌਖ ਸਰਾਹਣੇ ਬਾਬਿਆਂ ਨੂੰ ਖ਼ਬਰੇ ਕਿਉਂ ਚੁਭਦੇ ਸਨ

ਨਾ ਸੌਣਾ ਨਾ ਸੌਣ ਦੇਣਾ
ਹੋਰ ਤੇ ਫੁਲ ਕਿਸੇ ਕੰਮ ਨਹੀਂ ਆਉਂਦੇ ਵੇਖੇ ਮੈਂ
ਇਕ ਲਾਲ਼ ਰੰਗ ਦਾ ਕੀੜਾ ਖਾਂਦਾ ਡਿੱਠਾ ਏ ਉਹ ਵੀ ਹੁਣ ਜਿਹੇ
ਏਸ ਵਾਰੀਂ ਜਦੋਂ ਫੁਲ ਆਏ ਨੇਂ
ਮੈਂ ਵੇਖਿਆ
ਚੀਚ ਵੋਹਟੀਆਂ ਵਰਗੀ ਫ਼ੌਜ ਦੀ ਫ਼ੌਜ ਨਾ ਲੱਥੀ ਹੋਵੇ
ਹਿਕ ਹਿਕ ਫੁਲ ਨੂੰ ਦਾਹ ਦਾਹ ਚੜ੍ਹੇ ਹੋਏ ਨੇਂ ਲਾਲੜ
ਕਾਈ ਲਵੇ ਨੇਂ ਸੂਹੇ ਤ੍ਰਿਖੇ
ਕਾਈ ਵਡੇਰੇ ਠੁਲੇ ਖਰਵੇ ਫਿਕੜੇ ਰੰਗ ਦੇ
ਮੋਟੇ ਬੂਰਕ ਕੁਤਰਦੇ ਹੌਲੀ ਹੌਲੀ ਹਿਲਦੇ
ਲਾਲ਼ ਫ਼ੌਜ ਇਹ ਉਥਾਂ ਲੱਥੀ ਹੋਈ ਏ
ਕੀੜਿਆਂ ਦੇ ਜਿੱਥੇ ਭੌਣ ਨਹੀਂ ਸਿੰਬਲ ਥੱਲੇ?
ਫੁਲ ਵਲ਼ਾ ਕੇ ਲੰਘਣ ਕੀੜੀਆਂ
ਲਾਮ ਡੋਰੀ ਵਿਚ ਲਗੀਆਂ
ਲਾਮ ਡੋਰੀ ਦੇ ਆਸੇ ਪਾਸੇ ਮਿਟੀ ਦੀਆਂ ਮਹੀਨ ਗੋਲੀਆਂ
ਨਿਕੀਆਂ ਨਿਕੀਆਂ ਢੇਰੀਆਂ ਕਰ ਕਰ ਧਰੀਆਂ
ਭੌਣ ’ਚੋਂ ਮਿੱਟੀ ਕੱਢਣ ਵੀ ਕੋਈ ਖੇਡ ਏ ਖ਼ਬਰੇ
ਪਰਿਓਂ ਵਲੈਤੀ ਲਾਨ ਤੇ ਡਾਹੇ ਸ਼ਾਲਾ ਮਾਰੋਂ
ਘਾਹ ਤੇ ਚਿਟੀ ਚਦਰ ਪਾਈ ਬਾਊ ਪਾਰਟੀ ਚਿਕਨ ਕੜਾਹੀ
ਅੱਗੋਂ ਭੂਰੇ ਰੇੜ੍ਹ ਕੇ ਭੌਣ ਲਿਆਈਆਂ ਨੇਂ
ਲਾਮ ਡੋਰੀ ਵਿਚ ਤਰਿਖੀ ਆਵਾ ਜਾਵੀ ਏ
ਪਰ ਮੂੰਹ ਮੇਲਣ ਨਹੀਂ ਕੋਈ ਘੁਸੇਂਦੀ
ਓਸੇ ਦਿਹਾੜੇ ਢਕ ਮਕੌੜਾ ਪਹਿਲੀ ਵਾਰ ਤਿਆਰ ਹੁੰਦਾ ਮੈਂ ਡਿੱਠਾ ਏ
ਆਮ ਕਾਢਿਓਂ ਜ਼ਰਾ ਵਡੇਰਾ ਹੋਣਾ ਏ ਜਿਹੜੇ ਵੇਲੇ ਆਇਆ ਏ
ਲਾਮ ਡੋਰੀ ਕਣੋਂ ਲਾਂਭੇ ਲਾਂਭੇ
ਖਿੜੀਆਂ ਭੁਲੀਆਂ ਘੁਟਣ ਲਗ ਪਿਆ ਏ
ਕਤਲੀਆਂ ਨਾਲ਼ ਅੜੁਮਬੇ ਕੀੜੀ ਸਾਲਮ ਮੂੰਹ ਵਿਚ ਤੁੰਨੇ
ਮੇਰੇ ਵੇਹੰਦਿਆਂ ਆਮ ਕਾਢੇ ਤੋਂ ਜੱਸਾ ਚੌਣਾ ਥੀ ਗਿਆ ਏ
ਸਿਰ ਮੋਟੇਰਾ ਵਾਤ ਚੁਰੇੜਾ
ਢਿੱਡ ਲੰਮੇਰਾ ਹੋਈ ਜਾਵੇ ਜਿਉਂ ਜਿਉਂ ਖਾਵੇ
ਜਾਪੇ ਮਗਰ ਕੋਈ ਲਗਾ ਹੋਇਆ ਏ
ਘੇਰਾ ਪਿਆ ਹੋਇਆ ਏ ਕਾਈ ਇਹਨੂੰ

ਖਾਂਦਾ ਖਾਂਦਾ ਨਸ਼ਾ ਜਿਹਾ ਜਿਵੇਂ ਥੀ ਗਿਆ ਏ
ਡੋਲਦਾ ਲਾਮ ਡੋਰੀ ਵਿਚ ਨਹੀਂ ਜਾ ਵੱਜਾ?
ਲਾਮ ਡੋਰੀ ਥਰਥਲੀ
ਦੋ ਚਾਵੇ ਤੇ ਹਿਕ ਨਘਾਰੇ
ਕਈਂ ਕਤਲੀਆਂ ਵਿਚ ਜਕੜੀਜ ਗਈਆਂ
ਕਈਂ ਮੂੰਹ ਵਿਚ ਅੜ ਫਸ ਗਈਆਂ ਨੇਂ
ਕੁਝ ਲੱਤਾਂ ਨੂੰ ਪਈਆਂ ਨੇਂ
ਟਪਦਾ ਢੇਂਦਾ ਲਾਮ ਡੋਰੀਓਂ ਬਾਹਰ ਉਲਟਿਆ ਏ
ਲਾਮ ਡੋਰੀ ਵਤ ਟੁਰ ਪਈ
ਹਿਕ ਪਾਸੇ ਥੀ ਚਿੰਬੜੀਆਂ ਲਾਹੀਆਂ ਫਸੀਆਂ ਅੰਦਰ ਲੰਘਾਈਆਂ
ਸੂ ਮੁੜ ਡੋਲਦਾ ਟੁਟ ਪਿਆ ਏ ਕਲੀਆਂ ਦੋ ਕਲੀਆਂ ਚੁਟਣ ਘੁਟਣ
ਮੈਂ ਆਹਨੀ ਆਂ
ਸਿੰਬਲ ਦੇ ਫੁਲ ਝੜਦੇ ਵੇਖਣ ਜੇ ਤੂੰ ਠਹਿਰ ਨਾ ਜਾਵੇਂ ਹਾ
ਆਮ ਕਾਢੇ ਦਾ ਢਕ ਮਕੌੜ ਬੰਦਾ ਵੇਖ ਨਾ ਸਕੇਂ ਹਾ
ਵਤ ਆਖਾਂ
ਭੌਣ ਤੇ ਕੀੜੀਆਂ ਭਰਦੀਆਂ ਹੋਸਨ
ਪਰ ਕਿਤਨੇ ਕਾਢੇ ਢਕ ਮਕੌੜੇ ਕਰਦੀਆਂ ਹੋਸਨ ਸਿਆਲ਼ ਚੜ੍ਹੇ
ਤਾਈਂ
ਮੁੜਦੀ ਸੋਚਨੀ ਆਂ
ਕਾਢਾ ਮਕੌੜਾ ਹਿਕੋ ਗੱਲ ਨਹੀਂ
ਢੱਕ ਕੀ ਹੋਇਆ ਏ
ਉੱਚਾ ਟਿੱਬਾ ਢੱਕ ਅਖਵੇਂਦਾ ਏ ਖ਼ਬਰੇ
ਯਾਂ ਰੱਜ ਕੱਜਿਆ ਢੱਕ ਅਖਵੇਂਦਾ ਏ
ਬਾਰ ਵਾਲੇ ਤੇ ਢੱਕ ਆਹਦੇ ਨੇਂ ਕੈਦੀ ਨੂੰ
ਢੱਕ ਮਕੌੜੇ ਨੂੰ ਮਗਰ ਮਕੌੜਾ ਕਿਉਂ ਨਾ ਆਖਾਂ
ਪਰ ਕੀੜੀਆਂ ਖ਼ਬਰੇ ਢੱਕ ਮਕੌੜੇ ਨੂੰ ਕੀ ਆਹਦੀਆਂ ਹੋਸਣ
ਨਾਂ ਅਸਲੀ ਕਿਹੜੇ ਹੁੰਦੇ ਨੇਂ
ਨਾਂ ਵੇਖਣ ਵਾਲੇ ਧਰਦੇ ਨੇਂ ਕਿ ਵਰਤਣ ਵਾਲੇ
ਜਿਹੜੇ ਬਣਾਵਣ
ਉਹ ਬਣੇਂਦਿਆਂ ਨਹੀਂ ਧਰਦੇ ਤੇ ਕੀ ਕਰਦੇ ਨੇਂ
ਮੱਛੀਆਂ ਕੋਲੋਂ ਮਗਰਮੱਛ ਦਾ ਪੁਛਣਾ ਚਾਹੀਦਾ ਏ।

*********

# ਕਿਤਾਬ: ਇਕਨਾ ਨਾਹੀ ਲੋਣੁ
(2005 ਸ. 54–55)

**ਬੁਝਕਾ**

ਸਿਕੰਦਰ ਕ਼ੈਸਰ ਹੈ ਇਹ ਕੇਸਰੀ[1]
ਸ਼ੀਹ ਹੈ ਬਾਂਦਰ ਹੈ
ਰਮ ਰਾਵਣ ਕੋਈ ਵੰਣ ਕੇਸਰ[2] ਲੁਹਾਰ ਹੈ
ਜੰਡ ਯਾਂ ਪੱਛ ਸਹੇੜੇ ਪਿਆ ਅੰਗਿਆਰ ਹੈ
ਕੰਧ ਕੁਹਾੜੇ ਢਾਲੇ ਗਾਲ ਕੇ ਸਿਰ ਘੜੇ
ਸ਼ੋਹ ਸ਼ਬੀਹ ਟਕਸਾਲ ਕੇ ਸੀਨੇ ਪਾਖਰੇ
ਨਾਹੀਂ ਪੜ੍ਹ ਪੁਖ਼ਤੇ ਜੰਡੀ ਦੀ ਵਾਰ ਪੜ੍ਹੀ
ਏਸ ਗਜ ਢੋਲ ਨਹੀਂ ਸੰਮੀ ਨੱਚ ਵਰੀ
ਨਾਹੀਂ ਨਹਨੁ ਅਕਰਬ ਸਾਰ ਕਿ ਨੁਹ ਹਿਸ ਨਰਖ਼ਰੇ
ਇਹ ਤ੍ਰਿਕਲ ਛੱਜ ਨਿਲੱਜ ਕੋਈ ਕੁਲਾ ਧਾਰ ਹੈ
ਇਹਨੂੰ ਵੱਡ ਵਡੇਰ ਦੀ ਖੱਟੀ ਖੁੱਡ ਦੀ ਮਾਰ ਹੈ

=

**ਸੂਹਾਂ**

1–ਕੇਸਰੀ: ਸ਼ੇਰ, ਜੱਤਲ, ਹਨੂੰਮਾਨ ਦੇ ਪਿਓ ਦਾ ਨਾਂ। (ਕੇਸ: ਵਾਲ਼,
2–ਕੇਸਰ: ਕੋਲ਼ ਯਾਂ ਕਿਸੇ ਫੁੱਲ ਦੀਆਂ ਅੰਦਰਲੀਆਂ ਤੁਰੀਆਂ)
"ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥੪੩॥"
(ਪੰਨਾ– ੧੩੮੦)

**ਪਾਖਰ: ਜ਼ਰਾ ਬਕਤਰ।**
ਜੰਡੀ ਦੀ ਵਾਰ: ਜੰਡ ਦਾ ਰੁੱਖ ਦਸਦੇ ਨੇਂ ਅਗਲਿਆਂ ਵੇਲਿਆਂ ਵਿਚ ਸ਼ੰਮੀ ਯਾਂ ਸੰਮੀ ਅਖਵੇਂਦਾ ਹਾ। ਇਹਦੀਆਂ ਟਹਿਣੀਆਂ ਰਗੜ ਕੇ ਅੱਗ ਜਮਾਈ ਜਾਂਦੀ ਸੀ। ਏਸ ਪਾਰੋਂ ਇਹਦੇ ਦੁਆਲੇ ਛੋਹਰੀਂ ਅੱਗ ਲਈ ਦੁਆ ਦਾ ਨਾਚ ਨੱਚਦੀਆਂ ਆ ਹਨ ਜਿਹੜਾ ਹੁਣ ਤਾਈਂ ਸੰਮੀ ਅਖਵੇਂਦਾ ਹੈ। ਅਗੋਂ ਮਤਾਂ ਇਹੋ ਸ਼ੰਮੀ ਕਹਾਣੀਆਂ ਵਿਚ ਸ਼ਮਸ ਰਾਣੀ ਬਣ ਗਈ ਤੇ ਢੋਲ ਨਾਲ਼ ਇਹਦੇ ਇਸ਼ਕ ਦੇ ਕਿੱਸੇ ਟੁਰੇ। ਗਜ: ਹਾਥੀ, ਗਰਜ ਵਾਰ:ਤਵਾਰੀਖ਼

(ਲਿਖੀ ਹੋਈ ਵੀ ਤੇ ਵਰਤੀ ਹੋਈ ਵੀ) ਵਰੀ: ਵਿਆਹੀ, ਢੂੰਡੀ, ਤਾਂਘੀ।
ਚੁਣੀ ਸਾਰ: ਖ਼ਬਰ, ਸਮਝ, ਤੱਤ, ਗਿਆਨ, ਲੋਹਾ।
ਨਰਖ਼ਰਾ: ਸ਼ਹਿਰਗ ਇਹ ਤ੍ਰਿਕਲਿ ਛਜ:
"ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖੁਡ ਨਾ ਮਾਵਈ ਤਿਕਲਿ ਬੰਨ੍ਹੈ ਛਜ॥
(ਪੰਨਾ-੧੨੮੬)

*********

# ਕਿਤਾਬ: ਜਿਤੁ ਆਹਰਿ ਜਗੁ ਉਧਰੈ

(2007 ਸ. 33-42)

## ਸਾਹਿਬੀ ਦਾ ਢੋਲਾ

ਸਾਹਿਬੀ ਕਿਵੇਂ ਭੁੱਲੇ
ਨਿੱਕੀ ਜਿਹੀ ਨੂੰ ਮੈਨੂੰ ਇਸ ਸੰਭਾਲਿਆ ਹਈ
ਮੁੜ ਬਾਲ ਮੇਰੇ ਇਸ ਪਾਲੇ
ਸਾਦ ਮੁਰਾਦੀ ਬੇ ਜ਼ਬਾਨ
ਆਪਣੀ ਓਸ ਸੁਣਾਈ ਕਦੇ ਨਾ ਨਾ ਮੈਂ ਪੁੱਛੀ
ਮੇਰੀ ਤੇ ਉਹ ਜਾਣਦੀ ਹਈ ਯਾਂ ਮੁੜ ਪਾਪਾ
ਮੈਂ ਪਾਪਾ ਦੀ ਧੀ ਨਹੀਂ ਸਾਂ ਸਰਦਾਰ ਤੇਜ ਸਿੰਘ ਅਸ਼ਕ ਹੋਰਾਂ ਦੀ
ਇਸਫ਼ਹਾਨ ਮੈਂ ਜੰਮੀ
ਪਿਓ ਮੇਰਾ ਇਰਾਨੀ,
ਮਾਂ ਮਿਸਰੀ ਰੰਗ ਨੈਣ ਨਕਸ਼ ਅਫ਼ਰੀਕੀ
ਮੈਂ ਪਿਓ ਤੇ ਹਾਂ
ਵੇਖਣ ਵਿਚ ਤੇ ਛਿਟ ਨਹੀਂ ਮਾਂ ਦੀ
ਪੰਜਵੇਂ ਵਰ੍ਹੇ ਵਿਚ ਸਾਂ ਉਹ ਟੁਰ ਗਈ
ਮੇਰਾ ਪਿਓ ਬਿਹਾਈ ਮਿਸ਼ਨਰੀ, ਹਿੰਦੁਸਤਾਨ ਵੀ ਆਉਂਦਾ ਹਈ
ਪਾਪਾ ਪਹਿਲੋਂ ਬ੍ਰਹਮੋ ਸਮਾਜੀ ਹੋਏ
ਮੇਰੇ ਪਿਓ ਨੂੰ ਮਿਲੇ ਬਿਹਾਈ ਹੋ ਗਏ
ਆਹਦੇ ਹਨ ਇਹ ਜਸਤਜੂਏ ਹੱਕ ਸੀ ਬੇਟਾ
ਉਮਰ ਪਕੇਰੀ
ਦੋ ਵਿਆਹ ਉਨ੍ਹਾਂ ਕੀਤੇ ਪਰ ਔਲਾਦ ਨਾ ਹੋਈ, ਛੱਡੇ
ਮੇਰੇ ਪਿਓ ਆਖਿਆ
ਇਹ ਧੀ ਸਰਦਾਰ ਮੈਂ ਤੈਨੂੰ ਦਿੱਤੀ
ਵੱਡੀ ਕਰ ਲੈ ਮਿਸ਼ਨ ਦਾ ਕੰਮ ਕਰੇ ਪੰਜਾਬ ਦੇ ਅੰਦਰ
ਮੈਨੂੰ ਪੁਛਿਓਸ ਲਾਹੌਰ ਤੂੰ ਰਹਿਸੇਂ
ਪਿਓ ਦਾ ਮੂੰਹ ਮੈਂ ਡਿੱਠਾ ਵਤ ਸਰਦਾਰ ਦਾ, ਆ ਗਈ
ਕੋਈ ਹੁਸੇੜ ਨਾ ਕੋਈ ਚਿੰਤਾ
ਪਾਪਾ ਬਾਹਰ ਰਹਿਣ ਘਰ ਸਾਹਿਬੀ ਹੋਵੇ
ਮਾਂ, ਸਹੇਲੜੀ

ਮੇਰੀ ਬਾਲ ਫ਼ਾਰਸੀ ਉਹਦੀ ਝੰਗੋਚੀ ਰਲ ਗਈ
ਪਾਪਾ ਮੈਨੂੰ ਪੜ੍ਹਾਇਆ
ਕੋਨਵਿੰਟ ਕਨੇਇਰਡ ਗੌਰਮਿੰਟ ਕਾਲਿਜ
ਪਿਆਰ ਪਿਆਰ ਵਿਚ ਦਰਸ ਬਿਹਾਈ ਦੇਵਣ
ਨਾਲੋ ਨਾਲ਼ ਪਰ ਆਖਣ ਬੇਟਾ ਆਪ ਸੋਚ ਸਮਝ ਕੇ ਮੰਨੋ
ਮੈਂ ਵੀ ਸੋਚ ਸਮਝ ਕੇ ਮੰਨਿਆ
ਜੋ ਪੜ੍ਹਨਾ ਜੋ ਸੁਣਨਾ ਰਾਤ ਸੁਣਾ ਦੇਣਾ ਸਾਹਿਬੀ ਨੂੰ
ਵੱਡੀ ਹੋਈ ਵੀ ਉਹਦੇ ਨਾਲ਼ ਮੈਂ ਸੌਣਾ
ਰਾਤ ਸਾਵਣ ਦੀ ਆਹੀ ਪਿਛਲੇ ਪਹਿਰ ਉਹ ਉਠ ਖਲੋਤੀ
ਮੂੰਹ ਪੀਲ਼ਾ ਅੱਖੀਂ ਹੋਰ ਹੋਈਆਂ
"ਸਾਹਿਬੀ ਕੀ ਹੋਇਆ ਏ"
"ਸਾਹਿਬੀ ਕੌਣ ਹੈ"
ਇਧਰ ਤੋਪ ਹੈ ਸਾਹਿਬਾਂ ਕਿਮਜ਼ਗਣ ਬੋਲੋ
ਲਾਟ ਸਾਹਿਬ ਕੇ ਦਫ਼ਤਰੋਂ ਥਰੂ ਬੁਤ ਮਲਕਾਂ
ਜਾਦੂ ਘਰ ਗੁਰਦਾਵਰੀ ਖੋਜ ਖਸਰੇ
ਚਲੋ ਬਰਮਾ ਬਸਰੇ ਮਿਆਣੀ ਕਾਲੇ ਪਾਣੀ
ਅਗੇ ਆਇਆ ਜਿਹੜਾ ਮੈਂ ਭਰਤ ਕਰਸਾਂ
ਵਿਕ ਟੋਰੀ ਆਂ ਘਰੋਂ ਤਾਜ ਸਾਜ ਬੁਰਖ਼ਾ
ਗੋਲੇ ਜਮਸਾਂ ਪਲੋ ਪਲ ਹਸ਼ਰ ਤਾਈਂ
ਗੂਠੇ ਵੇਖ ਮਹਿੰਦੀ ਜਿਥਾਂ ਲਗਣ ਲਵਾ ਬਾਊ
ਤੁਮ ਸਰਦਾਰ ਭੰਗੀ ਹਮ ਅਫ਼ਗ਼ਾਨ ਬਾਸ਼ੇ
ਤੁਰਕਮਾਨ ਬਾਸ਼ੇ ਮੁਸਲਮਾਨ ਬਾਸ਼ੇ
ਅਖ਼ਬਾਰ ਆਵਦ ਇਧਰ ਦੀਨ ਇਸਲਾਮ ਪ੍ਰਚਾਰ ਆਵਦ
ਪਹਿਲੋਂ ਬੁਡ ਚਨਾਂਹ ਵਿਚ ਮਹੀਂਵਾਲਾ ਵਤ ਬੋਹੜ ਸਾਂ ਮੈਂ
ਝੰਗ ਛੋੜਿਆ ਰੰਗਪੁਰ ਛੋੜਿਆ ਮੈਂ
ਦਾਨਾਬਾਦ ਵੜ ਸੰਘੜੀ ਜੰਜ ਲੈ ਕੇ
ਸਭ ਲਾਲ਼ ਹੋਸੀ
ਪਿੱਛੇ ਕਾਲ਼ ਵੋਹਟੀ ਬਹਿਸੀ ਤੇਲ ਖਾਰੇ
ਸ਼ੁਮਾ ਨਾਨਕੀ ਬ੍ਰਹਮ ਅਸਪਾਹਾਨ ਉਲੀ
ਸਭ ਖਾਦੜਾ ਪੀਤੜਾ ਲਾਹ ਲਾਹਾ
ਪਾੜ ਜੁੱਲੀ ਢਾ ਕੁੱਲੀ ਤੇ ਸਾੜ ਗੁ਼ਲੀ

ਸੱਦੇ ਦਿਲੀਓਂ ਨਿਜ਼ਾਮ ਵਜ਼ੀਰ ਹੰਮ ਕੋ ਵਿਹਲਾ ਪਿਆ ਹੈ ਤਖ਼ਤ ਔਰੰਗਜ਼ੇਬੀ
ਜਲਸੇ ਬੈਠ ਮੋਚੀ ਤਕਰੀਰ ਬਿਸ਼ਨੋ
ਘੱਟ ਘੱਟ ਕੁਰਾਨ ਤਫ਼ਸੀਰ ਬਿਸ਼ਨੋ
ਨਾਲ਼ ਉਮੱਤ ਕੀ ਨਜ਼ਮ ਦਿਲਗੀਰ ਬਿਸ਼ਨੋ
ਉਠ ਤੜਫ਼ ਮਸਾਲਾ ਕਫ਼ਗੀਰ ਨਾਅਰੇ
ਚੁਢੂ ਚੱਟ ਮਰਖਾਈ ਸਿਹਰੇ ਬੰਨ੍ਹ ਆਇਆ ਏਂ ਸਾਹਿਬਾ ਘਰ ਵਾਲਾ
ਘਰ ਮੁਸਲਣ ਦਾ ਅਰਸ਼ ਮੁਸਲੜੇ ਈ
ਨੋਟ ਪੂਜਦਾ ਪੌੜੀਆਂ ਜਾ ਚੜ੍ਹਦਾ
ਪੂਤਰ ਜੰਮ ਨਿਜ਼ਾਮ ਵਜ਼ੀਰੀਏ ਨੂੰ
ਮੈਂ ਆਸ਼ਿਕ ਮਾਂ ਲੁਹਾਰ ਕਸੂਰੀਏ ਦੀ
ਮੈਡਾ ਜੇਠ ਆਹਦਾ ਏ ਤੈਂਡਾ ਯਾਰ ਆਖੇ ਉਹਨੂੰ ਲੋਕ ਸਾਰਾ
ਕੰਜਰ ਛੋਹਿਰ ਮੁਸਲਾ ਪੁਲਿਸ ਚਾੜ੍ਹਿਅਮ, ਮੋਇਆ ਏ ਸਰਦਲੇ ਮਾਰ ਮੱਥਾ
ਮਿਹਣਾ ਲੱਥਾ ਗੁਰੂ ਕੇ ਖ਼ਾਲਸੇ ਦਾ
ਵਾਹੇ ਵਾਹੇ ਬੋਲੋ
ਫੂਹੜੀ ਪਾਓ
ਉਠ ਸਾਹਿਬੀ ਮੁਸੱਲਣ ਜਮਾਤ ਕਰਾ
ਵੁਜ਼ੂ ਭੰਨ ਇਨ੍ਹਾਂ ਪੀਰਜ਼ਾਦਿਆਂ ਦੇ
ਗਹਿਣੇ ਪੌਣ ਰਕਬੇ ਬੈਤ ਭਰਤੀਆਂ ਦੀ
ਲੋਈ ਸੂਫ਼ ਲਥੇ
ਨੰਗੇ ਥੀਣ ਗੁੰਬਦ ਵਹੀ ਖਾਤਿਆਂ ਦੇ
ਮੂਹੰਦੇ ਮਾਰ ਢੂਏ
ਰਾਤਬ ਘੱਤ ਖ਼ਿਤਾਬ ਰਕਾਬੀਆਂ ਵਿਚ
ਟੂਮ ਮੁਹੰਮਡਨ ਮੇਮ ਕਸੂਰ ਵਾਲੀ
ਮਿਸ ਫਰੋਲ਼ਾਂ ਏਨੀ
ਜੰਗੀ ਲਾਟ ਸਟੀਲ ਕੀ ਸਾਲ਼ੀ
ਮੀਨਾ ਰਾਜੇ ਰਸਾਲੂ ਕੇ ਤੋਤੜੇ ਕੀ
ਉਹਨੂੰ ਤਾਰ ਪਾਓ
ਹਮ ਨੇ ਗੁਤ ਲਮਕਾ ਕੇ ਵਾੜ ਲਏ ਨੇਂ ਕਿਲੇ ਵਿਚ ਹੋਡੀ
ਗਜ਼ਲੀਂ ਤੋਲ ਪਿਆ ਪੰਜ ਫੁੱਲ ਰਾਣੀ
ਸੁਲੇਮਾਨ ਸਲਵਾਨ ਦਾ ਪੁੱਤਰ ਛਿੰਦਾ
ਲੂਣੀ ਦੇਗ ਵਿਚੋਂ ਪੂਰਨ ਚੌਲ਼ ਚੌਲ

ਪ੍ਰਾਹੁਣਾ
ਧੀ ਖੇਡ ਸਿਰ ਕੱਪ ਜੂਆਰੀਏ ਦਾ
ਬੋਲੀ ਬੁਝਨਾ ਏਂ ਘੋੜਿਆਂ ਚੂਹਿਆਂ ਦੀ
ਬੋਲੀ ਕੋਕਲਾਂ ਦੀ ਸੁਣ ਲੁਝਦਾ ਨਹੀਂ?
ਚੜ੍ਹਨ ਚੂਰਮੇ
ਲੰਮੀ ਰਾਠ ਕੌਡੀ
ਕਮੀ ਫਦਣ ਵੀਣੀ
ਭੱਤੇ ਖਾਣ ਕਰਾੜ ਬਹਿ ਵਿਹਨੀ ਆਂ ਤੇ
ਤੇਰੀ ਸਾਮ ਖ਼ੁਦਾਈ ਦੁਰਗ ਸ਼ਾਹ ਮਾਈ
ਖੱਬੇ ਖੋਲ ਖੰਡਾ
ਇੱਕ ਨੀ ਦੇਂਤੜੇ ਦੇਵਤੇ ਚਿਕ ਸਾਰੇ
ਆਪ ਤੋਲ ਕੰਡਾ
ਬੋਲਦੀ ਗਈ ਉਹ ਲਫ਼ਜ਼ ਦਾਗ਼ਦੀ ਚਿਤ ਚੇਤੇ ਵਿਚ ਮੇਰੇ
ਕਾਲਿਜ ਗਈ ਮੈਂ, ਘਰ ਆਈ ਤੇ ਅਗੇ ਸਾਹਿਬੀ,
ਰਾਤ ਜਿਵੇਂ ਵਿਚ ਆਈ ਨਾ ਹੋਵੇ।
ਰੋਜ਼ ਵਾਂਗ ਮੈਨੂੰ ਪੁਛੇ ਅੱਜ ਕੀ ਪੜ੍ਹਿਆ ਏ
"ਪਾੜ ਜੁਲੀ ਢਾ ਕੁੱਲੀ ਸਾੜ ਗੁ਼ਲੀ"
"ਕਿਸ ਪੜ੍ਹਾਇਆ ਏ"
"ਨਵੀਂ ਆਈ ਏ ਇੱਕ ਸਮੁੰਦਰ ਪਾਰੋਂ"
"ਵੇਖੋ ਕਮਲੀ। ਰੋਜ਼ ਵਾਂਗ ਪਈ ਭੋਲੇ ਭਾ ਉਹ ਹੱਸੇ"
ਇਕ ਦਿਨ ਪਾਪਾ ਆਖਣ ਲੱਗੇ
"ਰਿਜ਼ਲਟ ਤੁਹਾਡਾ ਬੇਟਾ ਜੀ ਹੁਣ ਆਵਣ ਵਾਲਾ ਏ
ਤੁਸੀਂ ਮਿਸ਼ਨ ਦਾ ਕੰਮ ਪਲੈਨ ਕਰੋ"
"ਜਿਹਨਾਂ ਨਾ਼ਲ ਮੇਰੀ ਰਹਿਣ ਸਹਿਣ ਦੀ
ਦੁੱਖ ਭੁੱਖ ਦੀ ਸਾਂਝ ਕੋਈ ਨਹੀਂ ਪਾਪਾ
ਉਹ ਮੇਰਾ ਮਿਸ਼ਨ ਕਿਉਂ ਮੰਨਣ ਕਿਵੇਂ ਮੰਨਣ"
"ਇਹ ਤੇ ਕਮਿਊਨਿਸਟਾਂ ਦੀ ਸੋਚ ਏ
ਤੁਹਾਡੇ ਕਾਲਿਜ ਵਿਚ ਵੀ ਏਜੰਟ ਹਨ ਉਨ੍ਹਾਂ ਦੇ"
ਮੈਂ ਤੇ ਸੋਚ ਸਮਝ ਕੇ ਮੰਨੀ ਏਂ
ਜਿਵੇਂ ਤੁਸਾਂ ਦੱਸਿਆ ਹਈ"
"ਫੇਰ ਸੋਚ ਲਓ"
"ਬਹੁੰ ਸੋਚਿਆ ਏ ਪਾਪਾ ਹੁਣ ਤੇ ਕਰਣ ਦਾ ਵੇ਼ਲਾ ਏ"

"ਤੁਸੀਂ ਉਹਨਾਂ ਦਾ ਕਰਨਾ ਏ ਸਾਡਾ ਨਹੀਂ "
"ਮੈਂ ਆਪਣਾ ਕਰਨਾ ਏ ਪਾਪਾ"
ਉਹ ਮੁੜ ਨਹੀਂ ਮੇਰੇ ਨਾਲ਼ ਬੋਲੇ
ਫ਼ਰਸਟ ਕਲਾਸ ਆਈ
ਜਿਥੇ ਕਰਾਂ ਅਪਲਾਈ ਅੱਗੋਂ ਨਾ ਈ ਆਵੇ
ਨਰਸਿੰਗ ਸਿਖ ਲਈ
ਪਾਰਟੀ ਮੁਲਤਾਨ ਟੋਰਿਆ
ਮਿਸ਼ਨ ਹਸਪਤਾਲ ਵਿਚ ਥਾਂ ਲੱਭ ਗਈ
ਸਾਹਿਬੀ ਆਪਣੇ ਸਾਕ ਢੂੰਡ ਲਏ ਓਥੇ
ਉਨ੍ਹਾਂ ਨਾਲ਼ ਈ ਕੰਮ ਸਫ਼ਾਈ ਦੇ ਲੱਗ ਗਈ
ਦੋ ਮਹੀਨੇ ਸਾਨੂੰ ਹੋਏ
ਸ਼ਿਵ ਮੇਰਾ ਜਮਾਤੀ ਕਾਲਿਜ ਦਾ ਮੁਲਤਾਨ ਆਵੇ
"ਮਿਸ਼ਨ ਨੂੰ ਖ਼ਬਰਾਂ ਪਹੁੰਚ ਗਈਆਂ ਨੇਂ
ਆਪਣਾ ਕੰਮ ਪਏ ਕਰਦੇ ਨੀ ਪਾਪਾ"
ਮੈਨੂੰ ਫ਼ਾਦਰ ਫ਼ਰਈਰ ਸੱਦਿਆ
"ਉਤੋਂ ਏਨੀ ਫ਼ੇਅਰ ਤੇ ਵਿਚੋਂ ਏਨੀ ਰੈੱਡ
ਆਪ ਅਸਤੀਫ਼ਾ ਦੇ ਦੇ
ਅਸੀਂ ਕੱਢੀਏ ਤੇਰੇ ਲਈ ਚੰਗਾ ਨਹੀਂ "
ਮੁੜ ਲਾਹੌਰ ਪਾਰਟੀ ਦਫ਼ਤਰ ਮੈਂ ਤੇ ਸਾਹਿਬੀ ਸਵੀਏ
ਦਿਨੇਂ ਭਵਾਂ ਮੈਂ
ਨਰਸਾਂ ਟੀਚਰ ਸਟੂਡੈਂਟ ਸਾਥੀ ਨਵੇਂ ਬਣਾਵਾਂ
ਮੈਂ ਤਰੁੱਟੇ ਜੋੜਾਂ ਮੈਨੂੰ ਜੋੜਨ ਤਰੁੱਟੇ
ਦਫ਼ਤਰ ਸਾਹਿਬੀ ਧੋ ਹੂੰਝ ਗੁਨ੍ਹ ਰਿੰਨ੍ਹ ਸਿਖਾਵੇ ਮਰਦਾਂ ਨੂੰ
ਸੰਨ ਸੰਤਾਲ਼ੀ
ਸ਼ਾਹ ਆਲਮੀ ਅੱਗ ਲੱਗ ਗਈ
ਸ਼ਿਵ ਆਖੇ ਮੇਰੇ ਨਾਲ਼ ਦਿਲੀ ਚਲ
"ਨਾ ਹਿੰਦੂ ਨਾ ਸਿੱਖ ਮੈਂ ਕਿਉਂ ਜਾਵਾਂ"
"ਮੁਸਲਮਾਨ ਵੀ ਨਹੀਂ ਤੂੰ
ਪਾਪਾ ਸਿੱਖ ਨਹੀਂ ਤੇਰੇ ਬਿਹਾਈ ਨੇਂ
ਟੁਰ ਗਏ ਨੇਂ ਕੱਲ੍ਹ ਉਹ ਵੀ"
ਅਗਲੇ ਦਿਨ ਸ਼ਾਮੀਂ
ਕਾਮਰੇਡ ਦਰਸ਼ਨ ਨੂੰ ਕਿਸੇ ਨੇ ਮਾਰ ਛੱਡਿਆ

ਆਹੰਦੇ ਰਹੇ ਉਹ ਪਾਕਿਸਤਾਨ ਦੇ ਹੱਕ ਵਿਚ ਲਿਖਿਆ ਏ, ਬੋਲਿਆ ਏ ਮੈਂ
ਪਤਲੂਨ ਲਾਹੀ ਛੁਰੀ ਫੇਰ ਦਿੱਤੀ
ਅਸੀਂ ਨਿਕਲੇ ਸਾਹਿਬੀ ਨਾਲ਼ ਟੁਰੀ
ਸ਼ਿਵ ਆਖੇ ਤੈਨੂੰ ਏਥੇ ਕਿਸੇ ਕੀ ਕਹਿਣਾ ਏ ਓਥੇ ਖ਼ਤਰਾ ਈ
"ਮੈਡੀ ਕਿਹੜੀ ਪਤਲੂਨ ਏ ਮੈਂ ਓਥੇ ਮਜ਼ਹਬਣ ਆਂ"
ਸ਼ਿਵ ਹੋਰਾਂ ਦੀ ਮਾਲ ਤੇ ਬਿਜ਼ਨਿਸ ਹਈ ਸੋ ਦਿਲੀ ਮਿਲ ਗਈ
ਮੈਨੂੰ ਆਖਿਓਸ ਜੋ ਤੂੰ ਕਰਦੀ ਆਈ ਏਂ ਉਹੋ ਕਰਦੀ ਰਹੋ
ਕਦੀਂ ਰੋਕਾਂ ਪੁਛਾਂ ਛੱਡ ਦੇਈਂ ਮੈਨੂੰ
ਬੱਚੇ ਸਾਹਿਬੀ ਪਾਲੇ
ਸ਼ਿਵ ਆਖੇ ਜੋ ਤੂੰ ਕਰਨੀ ਏਂ ਮੈਂ ਨਹੀਂ ਕਰ ਸਕਦਾ
ਡਰੂ ਬੰਦਾਂ
ਤੇਰੇ ਕੀਤੇ ਨਾਲ਼ ਆਪਣਾ ਆਪ ਰਲ਼ਾ ਕੇ ਸੌਖਾ ਹੋ ਰਹਿਨਾਂ
ਤੂੰ ਨਾ ਹੋਵੇਂ ਤੇ ਖ਼ਬਰੇ ਕੀ ਗੰਦ ਖਾਵਾਂ
ਵਰ੍ਹੇ ਲੰਘਦੇ ਗਏ
ਕੰਮ ਵਧਦੇ ਗਏ
ਉਹ ਟਰੱਕ ਫੇਰ ਟੈਂਕ ਬਣਾਵਣ ਲਗਾ
ਚੁੱਪ ਚੁੱਪ ਰਿਹਾ ਕਰੇ
ਇੱਕ ਦਿਨ ਪੁਛਾਂ ਮੈਂ ਤੇ ਬੋਲ ਪਿਆ
"ਜਿਥੇ ਜਾਨਾਂ ਤੇਰਾ ਨਾਂ ਕੰਧ ਬਣ ਜਾਂਦਾ ਏ
ਮੇਰਾ ਖ਼ਿਆਲ ਨਾ ਕਰ
ਸੋਚ ਬੱਚਿਆਂ ਦਾ
ਬਿਜ਼ਨਿਸ ਸੰਸਟਿਵ ਦੁਸ਼ਮਣ ਹਰ ਥਾਂ
ਤਿਲਕ ਪਿਆ ਫੇਰ ਉਠ ਨਹੀਂ ਸਕਣਾ
ਹੁਣ ਕੋਈ ਰਾਹ ਨਹੀਂ ਰਹਿ ਗਿਆ ਮੇਰੇ ਪਰਤਣ ਦਾ

ਸੋਚ, ਰਹਿਮ ਕਰ"
ਦੋ ਰਾਤਾਂ ਜਾਗਦੀ ਰਹੀ
ਤ੍ਰੀਜੀ ਰਾਤ ਮੈਂ ਸਾਹਿਬੀ ਦੇ ਅੰਦਰ ਗਈ ਉਹਦੇ ਨਾਲ਼ ਪੈ ਗਈ
ਪਿਛਲੇ ਪਹਿਰ ਉਹ ਉਠੀ ਓਹਾ ਮੂੰਹ ਪੀਲ਼ਾ
ਓਹਾ ਅੱਖੀਂ ਹੋਰ
ਮੈਂ ਕੰਬਦੀ ਨੂੰ ਬਾਹੀਂ ਘੁਟ ਗਾਵੇ
"ਪਾੜ ਜੁਲੀ ਢਾ ਕੁਲੀ ਤੇ ਸਾੜ ਗੁਲ਼ੀ

ਵੇਖ ਸਰ੍ਹੋਂ ਫੁਲੀ ਉਪਰ ਮਾੜਿਆਂ ਦੇ"
ਸਵੇਰੇ ਇਕ ਸਾਥਣ ਦੇ ਨਾਲ਼ ਅਸੀਂ ਵੰਜ ਰਹਿ ਪਈਆਂ
ਅਗਲੇ ਸਾਲ ਸ਼ਿਵ ਟੁਰ ਗਿਆ
ਦਿਲ ਦਾ ਦੌਰਾ
ਬੱਚੇ ਮੈਨੂੰ ਨਹੀਂ ਮਿਲਦੇ
ਮਰਡਰ ਅਨ ਗਰੇਟਫ਼ੁਲ ਬਿਚ[1]
ਸਨ ਬਿਆਸੀ ਰਾਤ ਵਿਸਾਖੀ ਦੀ
ਸਾਹਿਬੀ ਸੁੱਤੀ ਦਿਨੇਂ ਨਹੀਂ ਉਠੀ
ਅਸੀਆਂ ਦੀ ਹਈ ਮਤਾਂ ਕਿ ਲੱਖ ਚੁਰਾਸੀਆਂ ਦੀ
ਆਵਾਗੋਨ ਦੇ ਗੇੜੇ ਸਾਡੀ ਵਰਤਣ ਦੇ
ਉਹ ਅੰਦਰੋਂ ਮੁਕਤ ਹਈ ਮੁਢੋਂ ਕਿ ਉਹਦੀ ਕਰਨੀ ਹਈ
ਕਰੋੜਾਂ ਵਰ੍ਹਿਆਂ ਦੀ
ਦਿਲ ਸੀ ਆਪਣੇ ਲਾਹੌਰ ਮੈਂ ਆਵਾਂ
ਉਹਦੇ ਝੰਗ ਵੰਜ ਗੱਲ ਸੁਣਾਵਾਂ ਉਹਦੀ।

=

1–ਕਾਤਿਲ ਨਾਸ਼ੁਕਰੀ ਕੁੱਤੀ।

*********

# ਕਿਤਾਬ: ਜਿਤੁ ਆਹਰਿ ਜਗੁ ਉਧਰੈ
(2007 ਸ. 73 )

## ਪੰਜ ਪੀਰ

(ਝੂੰਮਰ)
ਜਿਹੜੇ ਖ਼ਲਕ ਦੀ ਘਾਲ ਨਮੋਸ਼ੀ ਜੁਗ ਜੁਗ ਜਾਏ ਨੇਂ
ਜਿਹੜੇ ਲਾ ਕੇ ਰੰਗ ਰੰਗ ਬਾਣੇ ਮੁਲਖੋ ਮੁਲਖ ਫਿਰਣ
ਜਿਹਨਾਂ ਬੋਲ ਬੇੜੀ ਵਿਚ ਬਹਿ ਕੇ ਗਾਹੀਆਂ ਪੰਜ ਨੇਈਂ
ਜਿਹਨਾਂ ਜੀਭ ਰੜੀ ਵਿਚ ਸਾਡੀ ਅਖਰਾਂ ਦੇ ਬੀਂ ਕੇਰੇ
ਜਿਹਨਾਂ ਧੁਖਣੀ ਰਾਤ ਨਿਸਾਰੀ ਦੇਂਹ ਦੀ ਕਰ ਗੋਡੀ
ਜਿਹੜੇ ਘੁਟ ਵਰਤਾ ਗਏ ਸਾਂਝਾ ਭੇਤ ਅਰੂੜੀ ’ਚੋਂ
ਜਿਹੜੇ ਜਾਗ ਹੋਣੀ ਦੀ ਲਾ ਗਏ ਕੱਲ੍ਹ ਦੀ ਰਿੜਕੀ ਨੂੰ
ਜਿਹਨਾਂ ਗੰਢ ਨਾਲੇ ਪਰਨਾਲੇ ਦਿਲ ਦਰਿਆ ਕੀਤੇ
ਜਿਹੜੇ ਤਖ਼ਤ ਫ਼ਕੀਰੀ ਤਖ਼ਤਾ ਦੇ ਗਏ ਉੜਿਆਂ ਨੂੰ
ਉਹ ਫ਼ਰੀਦ ਦਮੋਦਰ ਨਾਨਕ ਉਹ ਗੁਰਦਾਸ ਹੁਸੈਨ
ਉਹ ਬਾਹੂ ਉਹ ਬੁੱਲ੍ਹਾ ਵਾਰਿਸ ਬਰਖ਼ੁਰਦਾਰ ਨਿਜਾਬਤ
ਉਹ ਮੁਹੰਮਦ ਕਾਦਰ ਯਾਰ ਉਹ ਸਚਲ ਗ਼ੁਲਾਮ ਫ਼ਰੀਦ
ਖ਼ਾਲਿਕ ਖ਼ਲਕ ਰਲ਼ਾ ਗਏ ਹਿਕ ਕਰ ਅਰਜ਼ੋਸਮਾ।
ਹੁਣ ਜਣੀ ਖਣੀ ਨੂੰ ਆਖਣ ਅਨਹੱਦ ਨਾਦ ਸੁਣਾ

*********

# ਕਿਤਾਬ: ਐਨ ਦਾ ਗ਼ੈਨ

(2009 ਸ. 149-164)

## ਆਓ ਪਉੜੀ ਪੜ੍ਹੀਏ

ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ॥
ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ॥
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ॥
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ॥
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ॥
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ॥
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਮ੍ਹਣ ਮਉਲਾਣੇ॥

(ਵਾਰ ੧, ੨੨ਵੀਂ ਪਉੜੀ)

ਇਹ ਪਉੜੀ ਭਾਈ ਗੁਰਦਾਸ ਜੋੜੀ ਏ। ਭਾਈ ਗੁਰਦਾਸ ਬਾਬੇ ਨਾਨਕ ਦੀ ਗੁਰੂ ਲੜੀ ਦੇ ਮੁਰੀਦ ਨੇਂ। ਪੰਜ ਗੁਰੂਆਂ ਦਾ ਵੇਲ਼ਾ ਵੇਖਿਆ ਏ ਉਨ੍ਹਾਂ। ਇਹੋ ਵੇਲ਼ਾ ਏ ਅਕਬਰ ਤੇ ਜਹਾਂਗੀਰ ਦੀ ਬਾਦਸ਼ਾਹੀ ਦਾ। ਲਗਭਗ 1550 ਕਣੋਂ 1630 ਤਾਈਂ। ਚਾਲੀਹ ਵਾਰਾਂ ਜੋੜੀਆਂ ਨੇਂ। ਵਾਰ ਦਾ ਮਤਲਬ ਤੇ ਹੈ ਵਾਰਾ, ਵੇਲ਼ਾ, ਵੇਲੇ ਦਾ ਹਾਲ ਜਾਂ ਤਵਾਰੀਖ਼। ਸੋ ਜਿਹੜੀ ਨਜ਼ਮ ਵਾਰ ਨੂੰ ਕਥੇ ਉਹ ਵੀ ਵਾਰ ਈ ਅਖਵੇਂਦੀ ਏ। ਵਾਰ ਦੇ ਰੂਪ ਵੇਲੇ ਨਾਲ਼ ਵਟਦੇ ਆਏ ਨੇਂ। ਭਾਈ ਗੁਰਦਾਸ ਵੇਲੇ ਵਾਰ ਪਉੜੀ ਪਉੜੀ ਕਰ ਜੋੜੇਂਦੇ ਆ ਹਨ। ਹਰ ਪਉੜੀ ਦੀ ਤੁਕਬੰਦੀ ਆਪੋ ਆਪਣੀ ਏ। ਪਉੜੀ ਆਪਣੇ ਆਪ ਵਿਚ ਪੂਰੀ ਵੀ ਏ ਤੇ ਵਾਰ ਦੀ ਇਕ ਪਉੜੀ ਵੀ ਏ। ਜਿਵੇਂ ਹਰ ਵਾਰ ਆਪਣੇ ਆਪ ਵਿਚ ਪੂਰੀ ਵੀ ਹੁੰਦੀ ਏ ਤੇ ਸ਼ਾਇਰ ਦੇ ਕੁਲ ਕਲਾਮ ਨਾਲ਼ ਜੁੜੀ ਹੋਈ ਵੀ। ਜਿਵੇਂ ਹਰ ਜੀਅ ਆਪਣੇ ਆਪ ਵਿਚ ਪੂਰਨ ਵੀ ਏ ਤੇ ਆਪਣੇ ਵੇਲੇ ਦਿਆਂ ਹੋਰ ਜੀਆਂ ਨਾਲ਼ ਜੁੜੇਲ ਵੀ। ਜਿਵੇਂ ਹਰ ਵੇਲ਼ਾ ਆਪਣੇ ਆਪ ਵਿਚ ਪੂਰਾ ਜਾਪਦਾ ਏ ਪਰ ਕੁਲ ਵੇਲੇ ਨਾਲ਼ ਜੁੜਿਆ ਹੁੰਦਾ ਏ।

ਆਓ ਪੜ੍ਹੀਏ ਪਉੜੀ।ਪਉੜੀ ਪੜ੍ਹਨ ਪੌੜੀ ਚੜ੍ਹਨ ਵਰਗਾ ਏ ਕੁਝ ਕੁਝ। ਚੜ੍ਹੋ ਤਾਂ ਲਹਿਣਾ ਵੀ ਹੁੰਦਾ ਏ ਅਕਸਰ, ਪੈਰ ਪੈਰ ਸੰਭਲ ਕੇ। ਜੇ ਹੇਠਲੇ ਪਉੜ ਤੇ ਖਲੋ ਕੇ ਉਪਰਲੀਆਂ ਦਾ ਅਲੀਮਾ ਨਾ ਲਓ। ਤੇ ਚੜ੍ਹ ਈ ਨਾ ਸਕੋ ਤੇ, ਜੇ ਉਪਰ ਪੁਜ ਕੇ ਹੇਠਲਿਆਂ ਵਲੋਂ ਅਵੇਸਲੇ ਥੀ ਵੰਞੋ ਤਾਂ ਉਪਰ ਈ ਟੰਗੇ ਰਹੋ ਤੋੜੇ।

**ਸੋ ਆਓ ਪਉੜੀ ਪੜ੍ਹੀਏ**

ਵਰਨ ਤੇ ਹੋਏ ਰੰਗ, ਰੰਗ ਕਿਸਮਾਂ ਵੀ ਹੋਏ। ਚਾਰ ਵਰਨ ਉਹ ਵੰਡ ਏ ਜੀਆਂ ਦੀ ਜਿਹੜੀ ਹਿੰਦ ਵਿਚ ਚਿਰੋਕੀ ਟੁਰੀ ਆਈ ਏ। ਮੋਟੀ ਕਿਤਾਬੀ ਵੰਡ, ਬਾਹਮਣ, ਖਤਰੀ, ਵੈਸ਼, ਸ਼ੂਦਰ। ਵੰਡ ਤਾਂ ਇਹ ਆਹੀ ਕੰਮਾਂ ਦੀ ਪਰ ਵੇਲੇ ਨਾਲ਼ ਬਣ ਗਈ ਰਵਿਆਂ ਦੀ, ਨਸਲਾਂ ਦੀ। ਕੰਮ ਜਾਤਾਂ ਬਣ ਗਏ, ਬੰਦੇ ਇਨ੍ਹਾਂ ਵਿਚ ਠੁੱਕ ਬੱਝ ਗਏ। ਨਾਲ਼ ਬੁਢੀਆਂ ਵੀ।ਇਕ ਆਂਹਦੇ ਨੇਂ ਸਿਆਣੇ ਭਈ ਇਹ ਸਬੱਬੋਂ ਈ ਵਰਤੀ ਸਾਰੀ, ਆਪਣੇ ਆਪ ਈ।ਇੱਕ ਆਂਹਦੇ ਨੇਂ ਸਬੱਬਾਂ ਵਿਚ ਪ੍ਰਧਾਨ ਸਬੱਬ ਹਾ ਲਾਹਾ ਡਾਢਿਆਂ ਦਾ, ਮੱਲ ਵਾਲਿਆਂ ਦਾ, ਜ਼ੋਰ ਵਾਲਿਆਂ ਦਾ, ਮੱਲ ਸਿਰ ਕਮਾਏ ਜ਼ੋਰ ਤੇ ਜ਼ੋਰ ਸਿਰ ਕਮਾਈ ਮੱਲ ਵਾਲਿਆਂ ਦਾ।ਆਪਣੇ ਲਾਹੇ ਨੂੰ ਰੱਖਣ ਕੀਤੇ, ਵਧਾਵਣ ਕੀਤੇ, ਇਨ੍ਹਾਂ ਖ਼ਲਕਤ ਨੂੰ ਵੰਡਿਆ।ਵੰਡ ਦੀਆਂ ਹਦੂਦਾਂ ਬੰਨ੍ਹੀਆਂ ਕਾਇਦੇ ਕਾਨੂੰਨ ਦੀਆਂ ਬੁੱਤੀਆਂ ਗੱਡੀਆਂ।ਤੇ ਵਾਰਿਓ ਵਾਰੇ ਇਨ੍ਹਾਂ ਬੁੱਤੀਆਂ ਦੀ ਸਜਰੀ ਠੁਕਾਈ ਕੀਤੀ। ਸੁਣੋ ਸਿਆਣਿਆਂ ਦੀ ਪਰ ਤੁਸੀਂ ਆਪ ਸਿਆਣੇ ਓ ਪਰਖੋ, ਭਾਈ ਗੁਰਦਾਸ ਵੀ ਪਰਖ ਈ ਕੀਤੀ ਏ।

ਇਕ ਚਾਰ ਮਜ਼੍ਹਬੀ ਵੰਡ ਮੁਸਲਮਾਨਾਂ ਨਾਲ਼ ਆਈ ਹਿੰਦ ਵਿਚ। ਸ਼ਰਹਾ ਕਾਨੂੰਨ ਦੇ ਚਾਰ ਤਰੀਕੇ। ਇਹ ਤਰੀਕੇ ਆਪਣਿਆਂ ਮੋਢਿਆਂ ਦੇ ਨਾਂ ਤੇ ਵਜਦੇ ਆਏ ਨੇਂ। ਮਾਲਕੀ ਹਨਫ਼ੀ ਸ਼ਾਫ਼ੀ ਹੰਬਲੀ। ਇਕ ਪੁਰਾਣੀ ਚਾਰ ਮਜ਼੍ਹਬੀ ਵੰਡ ਵੀ ਆਈ ਮੁਸਲਮਾਨਾਂ ਨਾਲ਼-ਯਹੂਦੀ, ਮਜੂਸੀ, ਈਸਾਈ, ਮੁਸਲਮਾਨ।

"ਅਸਾਂ ਪਉੜੀ ਪੜ੍ਹਨ ਟੁਰੇ ਸਾਂ, ਵਿਚ ਇਹ ਲੈਕਚਰ ਕਿਥੋਂ ਆ ਗਿਆ। ਪਉੜੀ ਲੈਕਚਰ ਦੇਣ ਤੇ ਖਲੋਤੀ ਕੋਈ ਨਹੀਂ। ਪਉੜੀ ਤੇ ਬਣੇਂਦੀ ਹੈ ਇਕ ਖੇਡ ਤੇ ਆਹੰਦੀ ਏ ਰਲ ਖੇਡੋ। ਜਿਹੜੇ ਲੈਕਚਰ ਲੈਣ ਆਏ ਨੇਂ ਘਰੋਂ ਬਸਤੇ ਬੰਨ੍ਹ ਕੇ ਉਹ ਸੰਗਦੇ ਨੇਂ, ਵਿਚੋਂ ਤੋੜੇ ਜੀ ਕਰੇਂਦਾ ਈ ਹੋਵੇ ਨੇਂ ਖੇਡਣ ਨੂੰ। ਡਰੇਂਦੇ ਵੀ ਨੇਂ ਲੈਕਚਰ ਘੁਸਾ ਦਿੱਤਾ ਤੇ ਕੰਮ ਨਹੀਂ ਆਵਣਾ, ਕੰਮ ਨਾ ਆਇਆ ਕਮਾਈ ਨਹੀਂ ਥੀਣੀ, ਤੇ ਕਮਾਈ ਨਾ ਥਈ ਤਾਂ ਜੀਵਨ ਡੁਬ ਮਰਣ ਬਰਾਬਰ ਹੋ ਵੈਣਾ ਏ। ਇਹ ਵੀ ਪਤਾ ਨੀਂ ਭਈ ਅੱਜ ਕੱਲ੍ਹ ਖੇਡਾਂ ਵਿਚ ਕਮਾਈ ਘੱਟ ਨਹੀਂ, ਕੰਮਾਂ ਤੋਂ ਉਤੇ ਈ ਲੰਘ ਗਈ ਹੋਈ ਏ ਸਗੋਂ। ਪਰ ਇਹ ਵੀ ਜਾਣਦੇ ਨੇਂ ਉਹ ਜੋ ਪਉੜੀ ਜਿਹੜੀ ਖੇਡ ਖਡਾਊ ਏ ਸਾਨੂੰ ਉਹ ਹੋਰ ਏ। ਉਹ ਤਾਂ ਭਾਵੇਂ ਘਰ ਜਾਵਣ ਜੋਗਾ ਈ ਨਾ ਛੱਡੇ ਸਾਨੂੰ ਸਣੇ ਬਸਤਿਆਂ ਦੇ।

ਪਉੜੀ ਦੀ ਖੇਡ ਬਣੀ ਏ ਲੋਕ ਬੋਲੀ ਵਿਚ ਤੇ ਲੋਕ ਬੋਲੀ ਵਿਚ ਈ ਖਿਡੇਂਦੀ ਏ। ਇਕ ਚੂਹਲ ਬਖੇੜ ਹੈ ਪੂਰੀ ਪਉੜੀ ਵਿਚ ਪੈਰ ਪੈਰ ਤੇ। ਇਹ ਚੋਹਲ ਬਖੇੜ ਆਈ ਏ ਲੋਕ ਵਰਤਾਰੇ ਵਿਚੋਂ।ਰੋਜ਼ ਦੇ ਪੀੜਵੇਂ ਆਹਰਾਂ ਵਿਚ ਬਧੀ ਖ਼ਲਕਤ ਚੋਹਲ ਬਖੇੜ ਰਾਹੀਂ ਸਿਰ ਕਢੇਂਦੀ ਸਾਹ ਲੈਂਦੀ ਏ। ਲੋਕ ਰੀਤ ਵਾਲਿਆਂ ਬੋਲੀ ਦੇ ਏਸ ਰੰਗ ਨੂੰ ਖ਼ਲਕਤ ਦੀ ਸਕਤ ਜਾਤਾ ਤੇ ਇਹਨੂੰ ਰੰਗ ਬਣਾਇਆ ਲਿਖਤ ਦਾ। ਲੋਕ ਬੋਲੀ ਉਲਮਾਈ ਪੰਡਤਾਈ ਦੀ ਬਧੀ ਨਹੀਂ।ਇਹ ਉਲਮਾਈ ਪੰਡਤਾਈ ਦੀਆਂ ਲਾਈਆਂ ਬਾਂਧਾਂ ਨੂੰ ਪੈਰ ਪੈਰ ਤੇ ਟਪ ਤਰੋੜ ਕੇ ਈ ਬੋਲੀ ਬਣੀ ਏ। ਵਿਆਖਿਆ-ਕਾਰੀਆਂ ਤਫ਼ਸੀਰਾਂ ਤਾਵੀਲਾਂ ਇਹਨੂੰ ਭੌਂ ਭੌਂ ਬੰਨ੍ਹੇਂਦੀਆਂ ਨੇਂ ਪਰ ਇਹ ਨਿਕਲ਼ ਨਿਕਲ਼ ਜਾਂਦੀ ਏ।ਪਉੜੀ ਦੀ ਖੇਡ ਵਿਚ ਗਿਣਤੀ ਦਾ ਹੱਥ ਏ ਘਣਾ। ਚਾਰ ਵਰਨ ਚਾਰ ਮਜ਼ਹਬਾਂ।ਜਗ ਦੀਆਂ ਕੂਟਾਂ ਵੀ ਚਾਰ ਈ ਨੇਂ। ਚਾਰ ਵਰਣੀ ਧਿਰ ਧੌਂਸਦੀ ਏ ਜੋ ਮੈਂਡੇ ਕੋਲ਼ ਚਾਰ ਵਰਨ ਨੇਂ ਸੋ ਜਗ ਵੀ ਮੈਂਡਾ ਏ। ਚਾਰ ਮਜ਼੍ਹਬੀ ਧੌਂਸਦੀ ਏ ਨਹੀਂ ਮੈਂਡਾ ਏ ਮੈਂਡੇ ਕੋਲ਼ ਚਾਰ ਮਜ਼ਹਬ ਨੇਂ। ਚਾਰ ਵਿਚ ਅਚਾਰ ਵੀ ਹੈ, ਖਾਵਣ ਵਾਲਾ ਨਹੀਂ ਵਰਤਣ ਵਾਲਾ। ਤਰੀਕਾ, ਵਰਤਾਰਾ। ਇਹ ਵਖਰੀ ਗੱਲ ਏ ਭਈ ਜਿਹੜੇ ਅਚਾਰ ਦੀ ਗੇਝ ਪੈ ਜਾਏ ਉਹ ਵਰਤਣ ਵਾਲਾ ਘਟ ਤੇ ਖਾਵਣ ਵਾਲਾ ਬਹੁਤਾ ਹੋ ਵੈਂਦਾ ਏ।

ਹਿੰਦੂ ਦੀ “ਓ” ਵਿਚ ਤੇ ਮੁਸਲਮਾਨੇ ਦੀ “ਮੁਸਲ” ਵਿਚ ਦੋ ਮੱਥਾ ਵਟ ਝਪੀਟਾਂ ਨੇਂ। ਖੋਰਵੇਂ ਪੈਂਤਰੇ ਨੇਂ ਦੋ ਆਹਮੋ ਸਾਹਮਣੇ ਜੁੱਟੇ। ਪਰ ਦੋਹਾਂ ਧਿਰਾਂ ਦੇ ਧੌਂਸੇ ਸੁਣਦੇ ਜਦੋਂ ਅਸੀਂ ਸੱਤਰ ਦੇ ਅਖ਼ੀਰ ਤੇ ਪੁਜਨੇ ਆਂ ਤਾਂ ਪਤਾ ਲਗਦਾ ਏ ਜੋ ਦੋਏ ਧਿਰਾਂ ਇਕੋ ਥੀ ਖਲੋਤੀਆਂ ਨੇਂ। ਇਨ੍ਹਾਂ ਦੀਆਂ ਅੱਠੇ ਵਸਤਾਂ ਇਕੋ ਪੰਡ ਵਿਚ ਬਧਾ ਸੌਦਾ ਏ। ਪਹਿਲੋਂ ਜਾਪਦਾ ਹਾ “ਹਿੰਦੂ ਮੁਸਲਮਾਣੇ” ਦੋਹਾਂ ਧਿਰਾਂ ਦੀ ਆਪੋ ਆਪਣੀ ਵੱਖਰੀ ਸ਼ਨਾਖ਼ਤ ਦਾ ਐਲਾਨ ਏ, “ਚਾਰਿ ਵਰਨ ਚਾਰਿ ਮਜ਼ਹਬਾ॥” ਅਲਫ਼ਾਂ ਵਿਚ ਦੀ ਵਾਜ਼ ਰਾਹੀਂ ਗੂੰਜਦਾ ਤੇ “ਜਗ ਵਿਚ ਹਿੰਦੂ ਮੁਸਲਮਾਣੇ” ਦੀਆਂ ਸ਼ੱਦਾਂ ਰਾਹੀਂ ਧਮਕਦਾ। ਪਰ ਨਾਲ਼ ਈ “ਹਿੰਦੂ ਮੁਸਲਮਾਣੇ” ਦੋਹਾਂ ਧਿਰਾਂ ਨੂੰ ਇਕ ਕਰੇਂਦਾ ਏ, ਸਹਿਜੇ ਈ ਤੇ ਐਲਾਨ ਦੀ ਗੂੰਜ ਧਮਕ ਹਾਸਾ ਬਣ ਵੈਂਦੀ ਏ।ਆਪਣੇ ਆਪ ਤੇ ਹੱਸਦੀ ਏ ਸਾਡੇ ਨਾਲ਼ ਖਲੋ ਕੇ। ਮੁਸਲਮਾਣੇ ਦੀ ਏ ਜਿਹੜੀ ਵਖਰੀ ਮੱਲ ਦਾ ਨਿਸ਼ਾਨ ਆਹੀ ਓਸੇ ਦਾ ਸਾਂਗ ਬਣਾਵਣ ਦੇ ਕੰਮ ਆਈ ਏ। “ਮੁਸਲਮਾਣੇ” ਦਾ ਇਕ ਮਤਲਬ ਹੈ, “ਮੁਸਲਮਾਨਾਂ ਦੇ” ਪਰ ਇਹ “ਹਿੰਦੂ ਮਸਲਮਾਣੇ” ਬਣ ਗਿਆ ਏ, ਹਿੰਦੂਆਂ ਮੁਸਲਮਾਨਾਂ ਦੇ। ਵੱਖ ਵੱਖ ਚਾਰ ਚਾਰ ਵੀ ਅੱਠ ਹੋ ਕੇ ਇਕੋ ਟੋਕਰੇ ਵਿਚ ਆ ਗਏ ਨੇਂ ਤੇ ਟੋਕਰੇ

ਵਾਲੇ ਵੀ ਇਕੋ ਨਿਕਲੇ ਨੇਂ ਵਿਚੋਂ । ਮੁਸਲਮਾਨ ਦਾ ਫ਼ਾਰਸੀ ਨੂਨ ਲੋਕ ਬੋਲੀ ਵਾਲਾ ਅੜੂਨ ਹੋ ਬੋਲਿਆ। ਏਸ ਗੱਲ ਦਾ ਵੀ ਹੱਥ ਹੈ ਸਾਂਗ ਵਿਚ। ਇਹ ਦੋ ਧੜਾਂ ਬਣ ਖਲੋਵਣ ਵਾਲੇ ਅਸਲੋਂ ਇਕੋ ਧੜਾ ਨੇਂ । ਵੰਡ ਕਾਰੀ ਦਾ ਕਸਬ ਕਰੇਂਦਾ ਏ ਇਹ ਧੜਾ। ਇਕ ਤੋਂ ਦੋ, ਦੋ ਤੋਂ ਚਾਰ। “ਹਿੰਦੂ ਮੁਸਲਮਾਨੇ” ਏਸ ਧੜੇ ਦੇ ਨਾਂ ਦਾ ਕਰਨ ਰੂਪ ਵੀ ਏ। ਇਹ ਧੜਾ ਪੂਰੇ ਜਗ ਵਿਚ ਲੋਕ ਨੂੰ ਹਿੰਦੂ ਮੁਸਲਮਾਂਦਾ ਫਿਰਦਾ ਏ। ਹਾਸੇ ਦੀ ਗੱਲ ਇਹ ਵੀ ਏ ਜੋ ਜਿਹੜੀ ਚਾਰੀ ਇਕ ਬਣ ਕੇ ਦੂਜੀ ਨਾਲ਼ ਭਿੜੀ ਏ ਉਹਦੇ ਅੰਦਰਲੀਆਂ ਚਾਰ ਵੀ ਭਿੜਨ ਚਾਰੀਆਂ ਈ ਨੀਂ । ਕੋਈ ਇਕ ਦੂਜੀ ਨੂੰ ਆਪਣਾ ਨਹੀਂ ਮੰਨਦੀ। ਜੁੜਨ ਨਿਰਾ ਭਿੜਨ ਲਈ ਹੈ।

ਇਥੋਂ ਟੋਕ ਦੂਜੀ ਸਤਰ ਵਲ ਉਲਰਦੀ ਏ। ਓਥੇ ਵੀ ਚਾਰ ਥੋਕ ਖਲੋਤੇ ਨੇਂ।ਖ਼ੁਦੀ ਬਖ਼ੀਲ ਤਕਬਰੀ ਤੇ ਖਿੱਚੋਤਾਣ। ਇਹ ਚਾਰ ਉਨ੍ਹਾਂ ਪਿਛਲੀਆਂ ਚਾਰਿਆਂ ਦੀ ਅਸਲ ਸ਼ਨਾਖ਼ਤ ਨੇਂ, ਉਨ੍ਹਾਂ ਦੇ ਵਸਬ ਉਨ੍ਹਾਂ ਦੇ ਸੁਭਾਅ। ਪਹਿਲੀ ਸਤਰ ਵਾਲੀਆਂ ਜਗ ਦੀਆਂ ਚਾਰ ਕੂਟਾਂ ਸੁੰਗੜ ਕੇ ਏਸ ਚੌਖਟੇ ਦੀਆਂ ਚਾਰ ਬਾਹੀਆਂ ਬਣ ਗਈਆਂ ਨੇਂ। ਵੰਡਕਾਰ ਧੜ ਆਪਣੇ ਬੰਨ੍ਹੇ ਚੌਖਟੇ ਵਿਚ ਬੰਦ ਏ ਤੇ ਖ਼ਲਕਤ ਨੂੰ ਵੀ ਏਸੇ ਵਿਚ ਬੰਦ ਕਰਣ ਦਾ ਟਿੱਲ ਪਈ ਲਾਉਂਦੀ ਏ। ਧਿਗਾਣੇ ਦਾ ਲਫ਼ਜ਼ ਜ਼ੋਰਾਵਰੀ ਲਈ ਆਉਂਦਾ ਏ ਆਮ ਪਰ ਖ਼ਾਸ ਇਹ ਆਉਂਦਾ ਏ ਓਸ ਗੱਲ ਲਈ ਜਿਹੜੀ ਹੋਵੇ ਕੋਈ ਨਾ ਪਰ ਧੱਕੇ ਨਾਲ਼ ਬੰਨ੍ਹ ਖਲਿਆਰੀ ਗਈ ਹੋਵੇ।

ਏਸ ਨਵੀਂ ਚਾਰੀ ਵਿਚ ਅਸਲ ਥੋਕ ਤੇ ਤਰੈ ਨੇਂ।ਖਿੱਚੋਤਾਣ ਇਨ੍ਹਾਂ ਦਾ ਚੌਖਟਾ ਏ ਜਾਂ ਆਖੋ ਇਹ ਤਰੈ ਖਿੱਚੋਤਾਣ ਨਾਲ਼ ਚਾਰ ਹੋ ਖਲੋਤੇ ਨੇਂ। ਖ਼ੁਦੀ ਤੇ ਤਕਬਰੀ ਦੇ ਵਿਚਕਾਰ ਬਖ਼ੀਲੀ ਏ, ਬਖ਼ੀਲੀ। ਜਿਹੜੀ ਉਪਰੋਂ ਖ਼ੁਦੀ ਤਕਬਰੀ ਦੀ ਤਾਨ ਏ, ਉਹ ਵਿਚੋਂ ਬਖ਼ੀਲ ਦੀ ਖਿੱਚ ਏ। ਖ਼ੁਦੀ ਉਹ ਪਛਾਣ ਏ ਆਪਣੀ ਜਿਹੜੀ ਹਰ ਲਾਗ ਤਿੰਨ ਨੂੰ ਆਪੇ ਵਿਚੋਂ ਕੱਢ ਕੇ ਬਣੇ। ਪਰ ਇਹੋ ਜਿਹਾ ਮਾਂਜਿਆ ਆਪਾ ਤੇ ਅਜੇ ਤਾਈਂ ਬਣਿਆ ਕੋਈ ਨਹੀਂ, ਨਾ ਬਣ ਈ ਸਕਦਾ ਏ। ਆਪਾ ਤੇ ਹੈ ਲਾਗਾਂ ਦਾ ਆਪਣਾ।ਹੋਂਦ ਹੈ ਈ ਜੁੜਤ।ਪਰ ਬਖ਼ੀਲੀ ਨਹੀਂ ਮੰਨਦੀ ਏਸ ਸੱਚ ਨੂੰ।ਬਖ਼ੀਲੀ ਸੌੜ ਏ ਹੱਥ ਦੀ ਵੀ, ਮਨ ਦੀ ਵੀ। ਇਹ ਸੌੜ ਈ ਖ਼ੁਦੀ ਨੂੰ ਜੰਮਦੀ ਪਾਲਦੀ ਏ। ਉਹਨੂੰ ਵਡਿਆ ਕੇ ਤਕਬਰੀ ਬਣੇਂਦੀ ਏ।ਆਪ ਉਹਦੇ ਪਿੱਛੇ ਲੁਕਦੀ ਏ। ਖ਼ੁਦੀ ਵੀ ਡਰਦੀ ਏ।ਜੇ ਮੈਂ ਪਸਰ ਕੇ ਤਕਬਰੀ ਨਾ ਬਣੀ ਤਾਂ ਮੈਂਡਾ ਬਖ਼ੀਲ ਅਸਲਾ ਜ਼ਾਹਰ ਥੀ ਵੈਸੀ। ਸੋ ਤਕਬਰੀ ਖ਼ੁਦੀ ਦਾ ਪਸਾਰ ਏ ਤੇ ਖ਼ੁਦੀ ਬਖ਼ੀਲੀ ਦਾ। ਇਨ੍ਹਾਂ ਦੀ ਖਿੱਚੋਤਾਣ ਵੀ ਓਵੇਂ ਈ ਧਿਗਾਣੇ ਏ ਜਿਵੇਂ ਹਿੰਦੂ ਮੁਸਲਮਾਨੇ ਦੀ ਖਿੱਚੋਤਾਣ ਏ।ਤੇ ਹਿੰਦੂ ਮੁਸਲਮਾਨੀ ਖਿੱਚੋਤਾਣ ਵੀ ਅਸਲ

ਵਿਚ ਖ਼ੁਦੀ ਬਖ਼ੀਲ ਤਕਬਰੀ ਈ ਹੈ। ਬਾਕੀ ਵਖਾਲਾ ਏ ਧਿਗਾਣੇ।ਖ਼ੁਦੀ ਬਖ਼ੀਲ ਤਕਬਰੀ ਤਰੈਵੇ ਈ ਦੀ ਝਪੀਟ ਨਾਲ਼ ਬਧੀਆਂ ਹੋਈਆਂ ਨੇਂ।ਇਹੋ ਝਪੀਟ ਈ ਇਨ੍ਹਾਂ ਦੀ ਸੌੜ ਏ ਬਖ਼ੀਲ ਦੀ ਲੰਮੀ ਘੁਟਵੀਂ ਈ ਏ "ਖ਼ੁਦੀ ਤਕਬਰੀ" ਦੀਆਂ ਪੋਲੀਆਂ ਈ ਨੂੰ ਥੰਮੀ ਖਲੋਤੀ ਏ।

ਅਗਲੀ ਸਤਰ ਵਿਚ ਚਾਰੀਆਂ ਦੀ ਵੰਡ ਦੁਕੀਆਂ ਦੀ ਵੰਡ ਬਣ ਗਈ ਏ। ਦੁਕੀਆਂ ਆਹਮੋ-ਸਾਹਮਣੇ ਤਿੜੀਆਂ ਖਲੋਤੀਆਂ ਨੇਂ।ਥਾਵਾਂ ਭਿੜਾਵੀਂ ਵੰਡ ਦੇ ਨਿਸ਼ਾਨ ਬਣ ਗਈਆਂ ਨੇਂ।"ਗੰਗ ਬਨਾਰਸਿ ਹਿੰਦੂਆ" ਵਿਚ ਨਾਦਾਂ ਢੋਲਾਂ ਦਾ ਘੰਮਕਾਰ ਏ ਤੇ ਮੱਕਾ ਕਾਬਾ ਮੁਸਲਮਾਨੇ ਵਿਚ ਪਰਹੇਜ਼ੀ ਅਕੜਾਅ।

ਅਗਲੀ ਸਤਰ ਵਿਚ ਦੁਕੀਆਂ ਇਕੀਆਂ ਬਣ ਭਿੜੀਆਂ ਨੇਂ।ਇਕ ਪਾਸੇ ਸੁੰਨਤ ਏ ਦੂਜੇ ਪਾਸੇ ਤਿਲਕ ਜੰਜੂ। ਸੁੰਨਤੀ ਬਹਿਣ ਵੀ ਵਖਰੇਪ ਦੀ ਮੋਹਰ ਏ ਪਿੰਡੇ ਉਤੇ ਤੇ ਤਿਲਕ ਜੰਜੂ ਵੀ। ਪਰ ਤਿਲਕ ਲਫ਼ਜ਼ ਇੰਜ ਆਇਆ ਹੈ ਜਿਵੇਂ "ਸੁੰਨਤ" ਹੀ "ਤਿਲਕ ਕੇ" "ਤਿਲਕ ਜੰਜੂ" ਥੀ ਗਈ ਹੋਵੇ। "ਸੁੰਨਤ ਮੁਸਲਮਾਣ ਦੀ" ਵਿਚ ਜਿਹੜੀ ਕਾਟ ਦੋਹਰੇ 'ਨ' ਤੇ ਦੋਹਰੇ 'ਸ' ਰਾਹੀਂ ਬੋਲਦੀ ਏ, ਉਹੋ ਤਿਲਕ ਵਿਚ ਵੜ ਕੇ ਜੰਜੂ ਹਿੰਦੂ ਦਾ ਲਪੇਟਵਾਂ ਘੇਰ ਬਣ ਗਈ ਏ। ਇਕੀਆਂ ਦੇ ਭੀੜ ਵਿਚ ਪਹਿਲੀ ਇਕਹਿਰੀ ਏ ਤੇ ਦੂਜੀ ਦੋਹਰੀ। ਇਹ ਇਕਹਿਰ ਦੋਹਰ ਵੀ ਕੰਮ ਆਉਂਦੀ ਏ ਭੀੜ ਤੇ ਖਿੱਚੋਤਾਣ ਨੂੰ ਵਧਾਵਣ ਲਈ, ਮਿਹਣੇਬਾਜ਼ੀ ਤੇ ਫਿਟ ਫਿਟਕਾਰ ਲਈ। ਇਕਹਿਰੀ ਅਕਹਿਰ ਤੇ ਫੁੰਡਦੀ ਏ ਤੇ ਦੋਹਰੀ ਦੋਹਰੇ ਤੇ। ਪਰ ਵੇਖੋ ਦੋਵੇਂ "ਲੋਭਾਣੇ" ਦੀ ਨਰਮ ਛੋਹ ਨਾਲ਼ ਮਲਕੜੇ ਈ ਇੱਕ ਥੀ ਗਈਆਂ ਨੇਂ। ਟਕਰਾਅ ਲੋਭ ਬਣ ਗਿਆ ਏ। ਪਰ ਅਗਲੀਆਂ ਸਤਰਾਂ ਦਸਦੀਆਂ ਨੇਂ ਅਸਲ ਵਿਚ ਲੋਭ ਟਕਰਾਅ ਬਣਿਆ ਏ।

ਰਾਮ ਰਹੀਮ।ਇਕ ਸਾਹਵੇਂ ਇਕ। ਰਾਮ ਰਹੀਮ ਵਿਚ ਵਾਜ਼ਾਂ ਦਾ ਉਤਾਰ ਚੜ੍ਹਾ ਇੰਜ ਏ ਜਿਵੇਂ ਇਹ ਇਕ ਦੂਜੇ ਦਾ ਉਲਟ ਹੋਵਣ। ਪਰ 'ਰ' ਤੇ 'ਮ' ਦੀ ਸਾਂਝ ਜੋੜੇਂਦੀ ਏ ਇਨ੍ਹਾਂ ਲਫ਼ਜ਼ਾਂ ਨੂੰ ਤੇ ਉਤਾਰ ਚੜ੍ਹਾਅ ਸਾਂਝ ਦਾ ਰੂਪ ਬਣ ਵੈਂਦਾ ਏ।ਏਸ ਇੱਕ ਨੂੰ ਦੋ ਕਰ ਕਹਾਈਂਦੇ ਨੇਂ ਵੰਡਕਾਰ। ਕਹਾਵਣ ਕਿਡਾ ਸੌਖਾ ਸਾਧਨ ਏ ਵੰਡ ਕਰਣ ਦਾ, ਕਿਡਾ ਪੇਤਲ਼ਾ।ਪਰ ਇਹ ਵੰਡ ਕਹਾਵਣ ਈ ਕਹਾਅ ਬਣ ਵੈਂਦਾ ਏ। ਇਕ ਨਾਮ ਦੇ ਰਾਹ ਨੂੰ ਭੁਲਾਵਣ ਲਈ ਇਹ ਦੂਈ ਵਾਲੀ ਕਹਾਅ ਮਚਾਈ ਵੈਂਦੀ ਏ ਪਰ ਜੇ ਇਕਾਈ ਦੀ ਸਾਰ ਥੀਵੇ ਤਾਂ ਰਾਹ ਭੁਲਾਣਿਆਂ ਦਾ ਟਿੱਲ ਨਹੀਂ ਸਰਦਾ।

ਇਕ ਨਾਮ ਕੁਲ ਇਕਾਈ ਦੀ ਸ਼ਨਾਖ਼ਤ ਏ, ਕੁਲ ਸਾਂਝ ਦੀ ਸਾਰ। ਨਾਉਂ ਸੁੰਝਾਣ ਹੈ। ਨਾਉਂ ਅਲਾਵਣ ਸੁੰਝਾਣਨ ਹੈ। ਹੋਂਦਾਂ ਦੀ

ਵੱਖੋ-ਵੱਖ ਸੁੰਞਾਣ ਲਈ ਵੱਖੋ-ਵੱਖ ਨਾਂ ਧਰੇਂਦੇ ਨੇਂ ।"ਨਾਮੁ" ਨਾਵਾਂ ਦੇ ਵਖਰੇਵੇਂ ਅੰਦਰ ਵਸੇਂਦੀ ਸਾਂਝ ਦਾ ਨਾਂ ਏ। ਜਿਵੇਂ ਵੱਖ-ਵੱਖ ਘੜਤਾਂ ਅੰਦਰ ਘੜਣਹਾਰ ਘਾਲ ਦੀ ਸਾਂਝ ਏ। ਕੁਲ ਧਰਤ ਅਗਾਸੀ ਰੂਪਾਂ ਦੀ ਇਹ ਸਾਂਝ ਆਪ ਅਰੂਪ ਹੈ ਪਰ ਹੈ ਹਰ ਰੂਪ ਵਿਚ ਆਪ ਈ। ਰੂਪਾਂ ਨੂੰ ਅਸਲੋਂ ਵੱਖ ਅਜੋੜ ਭਿੜਵੀਆਂ ਹੋਂਦਾਂ ਬਣਾ ਵਿਖਾਵਣ ਈ ਰਾਹ ਭੁਲਾਵਣ ਹੈ।

"ਬੇਦ ਕਤੇਬ" ਨੂੰ ਯੇ ਦੀ ਵਾਜ਼ ਇੰਜ ਜੋੜੇਂਦੀ ਏ ਜਿਵੇਂ ਇਹ ਇਕੋ ਈ ਨਾਂ ਹੋਵੇ। ਬੇਦ ਕਤੇਬ ਦੀ ਵਿਚਲੀ ਇਕਾਈ ਨੂੰ ਭੁਲਾ ਦਿਓ ਤਾਂ ਇਹ ਦੋ ਅਜੋੜ ਹੋਂਦਾਂ ਸਹੀ ਹੁੰਦੀਆਂ ਨੇਂ।ਭਿੜਨ ਭਿੜਾਵਣ ਹਾਰਾਂ ਦੇ ਹੱਥ ਚਾਈਆਂ ਗਵਾਹ ਪੋਥੀਆਂ ।

ਮੋਹ ਹੈ ਸੁਰਤ ਦਾ ਥਿੜਨ, ਜਦੋਂ ਕੋਈ ਸ਼ੈ ਉਹ ਜਾਪੇ ਜੋ ਉਹ ਹੈ ਈ ਨਹੀਂ।ਜਦੋਂ ਰੂਪਾਂ ਦੇ ਅੰਦਰ ਵਸੇਂਦੀ ਅਰੂਪ ਸਾਂਝ ਭੁਲ ਵੰਜੇ ਤਾਂ ਰੂਪਾਂ ਦਾ ਵਖਰੇਪ ਸੁਰਤ ਨੂੰ ਮੋਹਣ ਲਗ ਪੌਂਦਾ ਏ। ਪਰ ਇਹ ਹੁੰਦਾ ਕਿਉਂ ਏ। ਸਾਂਝ ਭੁਲੇਂਦੀ ਕਿਉਂ ਏ।ਪਉੜੀ ਆਹੰਦੀ ਏ ਦੂਨੀ ਦੇ ਲਾਲਚ ਪਾਰੋਂ। ਦੂਨੀ ਲਫ਼ਜ਼ ਲੋਕ ਰੀਤ ਵਿਚ ਚਿਰੋਕਣਾ ਵਰਤੀਂਦਾ ਏ ਪਿਆ:

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥ (ਪੰਨਾ-੧੩੮੩)

ਦੂਨੀ ਦੂਨੀਆਂ ਤੋਂ ਬਣਿਆ ਏ। ਇਹ ਦੂਨੀ ਯਾਂ ਦੂਨੀਆ ਧਰਤੀ ਨਹੀਂ, ਧਰਤੀ ਉਤੇ ਵਸੇਂਦੀ ਜਿਆ ਜੂਨ ਨਹੀਂ। ਇਹ ਉਹ ਵਿਹਾਰ ਏ ਜਿਹਦੇ ਹੱਥ ਵਿਚ ਜਿਆ ਜੂਨ ਦਾ ਰਿਜ਼ਕ ਏ। ਇਹ ਉਹ ਢੰਗ ਏ ਜਿਹੜਾ ਰਿਜ਼ਕ ਉਪਜਾਉਂਦਾ ਤੇ ਵੰਡਦਾ ਏ। ਇਹ ਘਣੀਆਂ ਦੀ ਘਾਲ ਨੂੰ ਉਨ੍ਹਾਂ ਦੇ ਸਤ ਨੂੰ ਵਿਰਲਿਆਂ ਦੇ ਹੱਥ ਚਾ ਦੇਂਦਾ ਏ। ਘਣਿਆਂ ਦੀ ਘਾਲ ਵਿਰਲਿਆਂ ਦੀ ਮਲ ਬਣ ਵੈਂਦੀ ਏ। ਘਣਿਆਂ ਲਈ ਉਨ੍ਹਾਂ ਦਾ ਆਪਣਾ ਤੱਤ ਸਤ ਓਪਰਾ ਥੀ ਵੈਂਦਾ ਏ, ਦੂਜੇ ਦਾ। ਉਨ੍ਹਾਂ ਦੀ ਸੁਰਤ ਮੁਹਾਰ ਵੀ ਦੂਜਿਆਂ ਦੇ ਹੱਥ ਆ ਵੈਂਦੀ ਏ। ਇਹੋ ਦੂਈ ਹੈ ਦੂਨੀ ਦੀ। ਘਣਿਆਂ ਦੇ ਮਨ ਵਿਚ ਵਿਰਲਿਆਂ ਦੀ ਰਹਿਤ ਆਪਣੀ ਮੋਹ ਜਗੇਂਦੀ ਏ। ਵਿਰਲੇ ਘਣਿਆਂ ਕਣੋਂ ਖੋਹੇ ਸਤ ਨੂੰ ਆਪਣਾ ਹੁਸਨ ਬਣਾ ਵਿਖਾਲਦੇ ਨੇਂ। ਆਪਣੇ ਕੁਚੱਜ ਨੂੰ ਚੱਜ ਬਣਾ ਕੇ ਜਗ ਤੇ ਵਰਤੀਂਦੇ ਨੇਂ ।

ਬੇਦ ਕਤੇਬ ਦੂਨੀ ਨੂੰ ਨਿੰਦਦੇ ਨੇਂ। ਦੂਈ ਦੀ ਮੋਹ ਮਿਟਾਵਣ ਲਈ ਇਕਾਈ ਵਲ ਧਿਆਨ ਕਰਵੇਂਦੇ ਨੇਂ। ਦੂਨੀ ਵਾਲਿਆਂ ਨੂੰ ਧੜਕਾ ਲੱਗ ਵੈਂਦਾ ਏ। ਉਹ ਬੇਦ ਕਤੇਬ ਦੀ ਇਕਾਈ ਨੂੰ ਪਾੜ ਕੇ ਦੋ ਕਰੇਂਦੇ ਨੇਂ ਤੇ ਵਤ ਦੋ ਨੂੰ ਚਾਰ ਕਰ ਕੇ ਭੁਲਾਵਣੇ ਭੈੜ ਮਚੇਂਦੇ ਨੇਂ ਥਾਉਂ ਥਾਈਂ।

ਪਉੜੀ ਦਸੇਂਦੀ ਏ ਜੋ ਦੂਨੀ ਵਾਲੇ ਦੂਈ ਦੀ ਮੋਹ ਵਿਚ ਸ਼ੈਤਾਨੇ ਗਏ ਨੇਂ। ਸ਼ੈਤਾਨ ਨਿਸ਼ਾਨ ਏ ਦੂਈ ਦੀ ਮੋਹ ਦਾ। ਦੂਈ ਮੋਹੇ ਨੂੰ ਖ਼ਾਕੀ ਵਿਚ ਨੂਰ ਨਹੀਂ ਦਿਸੇਂਦਾ ਆਪਣੇ ਨਾਰੀ ਰੂਪ ਦੀ ਖ਼ੁਦੀ ਪਾਰੋਂ। ਉਹ ਆਪਣੀ ਨਾਰ ਨੂੰ ਵੀ ਨੂਰ ਕਣੋਂ ਵੱਖ ਸਮਝਦਾ ਏ। ਪਉੜੀ ਵਾਲੇ ਬਾਹਮਣ ਮੁਲਾਣੇ ਦੂਨੀ ਮੋਹ ਦੇ ਬਣਾਏ ਦੋ ਰੂਪ ਨੇਂ। ਵਿਚੋਂ ਇਕ ਨੇਂ। ਵੱਖ ਹੁੰਦਿਆਂ ਉਹੋ ਤੇ ਉਹੋ ਹੁੰਦਿਆਂ ਵੱਖਰੇ। ਇਨ੍ਹਾਂ ਦਾ ਖੇਹ ਮਰਣ ਸੱਚ ਨੂੰ ਕਿਨਾਰੇ ਕਰਣ ਲਈ ਏ।

ਆਮ ਏਹਾ ਸੁਣੀਂਦਾ ਏ ਜੋ ਹਿੰਦ ਵਿਚ ਮਜ਼੍ਹਬੀ ਪਾੜ ਅੰਗਰੇਜ਼ ਰਾਸਵਾਲੀ ਦਾ ਪਾਇਆ ਏ। ਪਰ ਭਾਈ ਗੁਰਦਾਸ ਦੀ ਪਉੜੀ ਸੋਲ੍ਹਵੀਂ ਸਦੀ ਵਿਚ ਇਹੋ ਪਾੜ ਬਣਿਆ ਵਖੇਂਦੀ ਏ ਸਾਨੂੰ। ਨਹੀਂ ਪਰ। ਇਹੋ ਨਹੀਂ । ਜਿਵੇਂ ਦੂਈ ਦੀ ਮੋਹ ਦੇ ਰੂਪ ਵੱਖ ਵੱਖ ਨੇਂ ਹਰ ਸਮੇਂ, ਐਵੇਂ ਏਸ ਮੋਹ ਦੇ ਪਾਏ ਪਾੜ ਵੀ ਹਰ ਸਮੇ ਰੰਗੋ ਰੰਗ ਨੇਂ। ਅੰਗਰੇਜ਼ ਰਾਸਵਾਲ ਸ਼ਾਹੀ ਨੇ ਹਿੰਦ ਵਿਚ ਕਿਵੇਂ ਬਾਹਮਣ ਮੌਲਾਣਿਆਂ ਦੇ ਨਕ ਨਕਸ਼ੇ ਸੋਧ ਸਵਾਰੇ, ਕਿਵੇਂ ਵੋਟ ਸਿਆਸਤ ਦਾ ਪਿੜ ਬੰਨ੍ਹ ਕੇ ਪੁਰਾਣੀ ਖੇਹ ਨੂੰ ਨਵੀਂ ਭੀੜ ਵਿਚ ਵਟਾਇਆ, ਇਹ ਗੱਲ ਕਈਂ ਥਾਏਂ ਹੋਈ ਏ, ਸੋ ਇਥੇ ਦੋਹਰਾਨੀ ਨਹੀਂ ਬਣਦੀ। ਅੰਗਰੇਜ਼ ਰਾਸਵਾਲ ਸ਼ਾਹੀ ਨੇ ਜੋ ਉਨ੍ਹੀਵੀਂ ਸਦੀ ਵਿਚ ਕੀਤਾ ਉਹਦਾ ਫ਼ਲ਼ ਵੀਹਵੀਂ ਸਦੀ ਵਿਚ ਅਮਰੀਕੀ ਰਾਸਵਾਲ ਸ਼ਾਹੀ ਦੀ ਝੋਲ਼ੀ ਵਿਚ ਕਿਵੇਂ ਪਿਆ ਤੇ ਅਮਰੀਕੀ ਰਾਸਵਾਲੀ ਨੇ ਜਿਹੜੇ ਬਾਹਮਣ ਮੌਲਾਣੇ ਵੀਹਵੀਂ ਵਿਚ ਤਿਆਰ ਉਤਾਰੇ ਉਹ ਇੱਕ੍ਹੀਵੀਂ ਵਿਚ ਉਹਦੇ ਨਾ਼ਲ ਈ ਕਿਉਂ ਖਹਿ ਮਰਦੇ ਨੇਂ ਪਏ ਇਹ ਗੱਲ ਵੀ ਇਥੇ ਕਰਨੀ ਨਹੀਂ ਬਣਦੀ ਕਿਉਂ ਜੋ ਇਹਦੀ ਧਮਕ ਗਲੀ ਬਜ਼ਾਰ ਵਿਚ ਵੀ ਰੋਜ਼ ਸੁਣੀਂਦੀ ਏ ਤੇ ਟੀ.ਵੀ.ਚੈਨਲਾਂ ਤੇ ਵੀ।

ਏਸ ਵੇਲੇ ਅਸੀਂ ਪਉੜੀ ਨਾ਼ਲ ਸੋਲ੍ਹਵੀਂ ਸਦੀ ਵਿਚ ਹਾਂ। ਤੋੜੇ ਪਉੜੀ ਲਹਿੰਦੀ ਚੜ੍ਹਦੀ ਏ ਸੋਲ੍ਹਵੀਂ ਸਦੀ ਤੋਂ ਇੱਕ੍ਹੀਵੀਂ ਤੇ ਇੱਕ੍ਹੀਵੀਂ ਤੋਂ ਸੋਲ੍ਹਵੀਂ ਵਿਚ ਧੁਰ ਪਿਛਾਂਹੋਂ ਧੁਰ ਅਗਾਂਹ ਤੇ ਧੁਰ ਅਗਾਂਹੂ ਧੁਰ ਪਿਛਾਂਹ, ਤੋੜੇ ਇਹ ਵੇਲੇ ਦੀ ਵੰਡ ਕਰੇਂਦੀ ਵੀ ਵੇਲੇ ਨੂੰ ਇਕ ਮੰਨਦੀ ਏ।

ਸੋਲ੍ਹਵੀਂ ਸਦੀ ਦੇ ਹਿੰਦ ਵਿਚ ਦੂਈ ਦੀ ਮੋਹ ਦਾ ਪ੍ਰਧਾਨ ਰੂਪ ਹੈ ਭੋਏਂ ਦੀ ਮਾਲਕੀ। ਜਿਹੜੀ ਰਾਹਕ ਵਾਹਕ ਕਣੋਂ ਉਹਦਾ ਘਾਲਿਆ ਖੋਹ ਘਿਨਦੀ ਏ ਹਾਲਾ ਕਰ ਕੇ ਤੇ ਉਹਨੂੰ ਹੀਣ ਅਧੀਨ ਕਰ ਦੇਂਦੀ ਏ। ਰਾਹਕ ਵਾਹਕ ਦੀ ਨਾਲੇ ਕਮੀ ਸੇਪੀ ਦੀ ਖੁੱਸੀ ਘਾਲ ਵੱਡੀਆਂ ਜ਼ਮੀਂਦਾਰੀਆਂ ਤੇ ਪੰਜ ਹਜ਼ਾਰੀ ਦਸ ਹਜ਼ਾਰੀ ਮਨਸਬਦਾਰੀਆਂ ਉਸਾਰਦੀ ਅਖ਼ੀਰ ਬਾਤਸ਼ਾਹੀ ਖ਼ਜ਼ਾਨੇ ਵਿਚ ਵੰਜ ਢੁੱਕਦੀ ਏ ਤੇ ਲਸ਼ਕਰਾਂ ਦੀ ਦਹਿਸ਼ਤ ਵਿਚ ਦਰਬਾਰਾਂ ਦੇ

ਜਾਹੋ-ਜਲਾਲ ਵਿਚ ਢੱਲ ਵੈਂਦੀ ਏ। ਦੂਈ ਦੀ ਮੋਹ ਆਪਣੇ ਆਪ ਤੇ ਪੜਦਾ ਪਾਵਣ ਲਈ ਬੇਦ ਕਤੇਬ ਦੀ ਭੁਲਾਵਣੀ ਪੜ੍ਹਾਈ ਕਰਵੇਂਦੀ ਏ। ਇਹ ਪੜ੍ਹਾਈ ਰਸਮ ਰੀਤ ਦੀ ਵੰਡ ਸਾਜ ਪ੍ਰਚਾਰ ਕੇ ਬਾਹਮਣ ਮਲਾਣੀ ਖੇਹ ਮਚਾ ਧੁਮਾ ਕੇ ਲੋਕਾਈ ਨੂੰ ਪਾੜਦੀ ਏ। ਪਰ ਏਸ ਦੂਈ ਚਾਰੀ ਵੰਡ ਦਾ ਸੇਕ ਮਾਲਿਕ ਦੀ ਮਾਲਿਕੀ ਤੇ ਬਾਦਸ਼ਾਹ ਦੀ ਬਾਤਸ਼ਾਹੀ ਨੂੰ ਵੀ ਲਗਦਾ ਏ। ਜੇ ਉਹ ਬਾਹਮਣ ਦਾ ਪੱਖ ਕਰਨ ਤਾਂ ਮੌਲਾਣੇ ਭੂਤਰ ਕੇ ਉਨ੍ਹਾਂ ਨੂੰ ਘੂਰਕਦੇ ਨੇਂ ਤੇ ਜੇ ਮੌਲਾਣਿਆਂ ਦਾ ਦੱਸਿਆ ਵੇਸ ਵਟਾਵਣ ਤਾਂ ਬ੍ਰਾਹਮਣ ਰੁਸ ਕੇ ਵਿਸ ਘੋਲਦੇ ਨੇਂ। ਸੋ ਮਾਲਿਕ ਬਾਤਸ਼ਾਹ ਦੁਨੀ ਦੀ ਦੂਈ ਨੂੰ ਆਪਣੇ ਵੱਸ ਵਿਚ ਰੱਖਣ ਲਈ ਦੂਈ ਦੀ ਮੋਹ ਨੂੰ ਆਪਣੇ ਹਿਸਾਬ ਸਿਰ ਵਰਤਾਵਣ ਦਾ ਆਹਰ ਕਰੇਂਦੇ ਨੇਂ।ਇਕ ਹੱਥ ਨਾਲ਼ ਇਨਾਮ ਮੁਆਫ਼ੀਆਂ, ਵਜ਼ੀਫ਼ੇ ਤੇ ਮਦਦ ਮੁਆਸ਼ਾਂ, ਮੰਦਰਾਂ, ਪਾਠਸ਼ਾਲਿਆਂ ਨੂੰ ਵੰਡੇਂਦੇ ਨੇਂ, ਦੂਜੇ ਹੱਥ ਨਾਲ਼ ਮਸੀਤਾਂ, ਮਦਰੱਸਿਆਂ ਨੂੰ। ਕਦੀਂ ਬਾਹਮਣ ਮੌਲਾਨੀ ਖਹਿ ਨੂੰ ਠੰਢਿਆਂ ਕਰੇਂਦੇ ਦਿੱਸਦੇ ਨੇਂ ਕਦੀਂ ਇਹਨੂੰ ਭੜਕੇਂਦੇ। ਕਦੀਂ ਇਹਨੂੰ ਨਿੰਦਦੇ ਨੇਂ, ਕਦੀਂ ਆਪ ਇਹਦੇ ਵਿਚ ਲਹਿ ਖਲੋਂਦੇ ਨੇਂ।ਸੋਲ੍ਹਵੀਂ ਸਦੀ ਦੇ ਦੂਜੇ ਅੱਧੇ ਵਿਚ ਅਕਬਰ ਚੁਗ਼ੱਤੇ ਦੀ ਬਾਤਸ਼ਾਹੀ ਏ। ਉਹ ਰੰਗ ਰੰਗ ਦੇ ਬਾਹਮਣ ਮੌਲਾਣੇ ਸਹੇੜ ਕੇ ਆਪਣੇ ਸਾਹਮਣੇ ਉਨ੍ਹਾਂ ਦੀ ਖੇਹ ਕਰਾਉਂਦਾ ਏ ਤੇ ਆਪ ਨਿਰਪੱਖ ਬੈਠਾ ਵੇਖਦਾ ਏ। ਜਿਵੇਂ ਉਹ ਹਾਥੀਆਂ ਦੀਆਂ ਟੱਕਰਾਂ ਵੇਖਦਾ ਤੇ ਗਾਇਕਾਂ ਦੇ ਗਾਵਣ ਸੁਣਦਾ ਏ ਤੀਵੇਂ। ਵਿਚ ਵਿਚ ਪੁੱਛਦਾ ਹੁਝਦਾ ਵੀ ਏ। ਮਹਿਲਾਂ ਵਿਚ ਚੋਖੀਆਂ ਖ਼ਾਤਰਾਂ ਵੀ ਥੀਂਦੀਆਂ ਨੇਂ ਆਲਮਾਂ ਵਿਦਵਾਨਾਂ ਦੀਆਂ ਤੇ ਨਿੱਕੀਆਂ ਮੋਟੀਆਂ ਸਿਫ਼ਾਰਸ਼ਾਂ ਵੀ ਸਰਦੀਆਂ ਨੇਂ, ਅਮਲੇ ਫ਼ੈਲੇ ਨਾਲ਼ ਟਾਂਕੇ ਵੀ ਲਗਦੇ ਨੇਂ ਕੱਚ ਪੱਕੇ ਤੇ ਬਾਹਮਣ ਮੌਲਾਣਿਆਂ ਨੂੰ ਬਾਤਸ਼ਾਹੀ ਨਾਲ਼ ਆਪਣੇ ਲਾਗ ਦੀ ਹਦ ਹਦੂਦ ਵੀ ਦਿੱਸਣ ਲਗ ਪੌਂਦੀ ਏ।

ਗੁਰਦਾਸੀ ਪਉੜੀ ਸੋਲ੍ਹਵੀਂ ਸਦੀ ਦੇ ਵਿਹਾਰੀ ਵੰਡ ਵਿਤਕਰੇ ਦੀ ਸਿਆਸਤ ਨੂੰ ਸਮਝਣ ਸਮਝਾਵਣ ਲਈ ਜੁੜੀ ਏ ਖ਼ਲਕਤ ਨਾਲ਼ ਰਲ ਕੇ। ਵੰਡ ਵਿਤਕਰਾ ਮਲ ਵਿਹਾਰ ਦਾ ਹੱਥ ਹੁੰਦਾ ਏ। ਜਦ ਤਾਈਂ ਮਲ ਵਿਹਾਰ ਰਹਿਣਾ ਏ ਵੰਡ ਵਿਤਕਰੇ ਦੀ ਸਿਆਸਤ ਵੀ ਰਹਿਣੀ ਏ। ਤੇ ਪਉੜੀ ਨੇ ਵੀ ਇਹਨੂੰ ਸਮਝਣ ਸਮਝਾਵਣ ਦਾ ਕੰਮ ਕਰੀ ਆਵਣਾ ਏ। ਪਰ ਪਉੜੀ ਦਾ ਸਮਝ ਸਮਝਾ ਨਾ ਲੈਕਚਰ ਸੈਮੀਨਾਰ ਰਾਹੀਂ ਏ, ਨਾ ਵਾਇਜ਼ ਮਨਾਜ਼ਰੇ ਰਾਹੀਂ, ਨਾ ਟੀ.ਵੀ.ਟਾਕ ਸ਼ੋ ਰਾਹੀਂ। ਇਹ ਹੈ ਖੇਡ ਰਾਹੀਂ। ਅਯਾਣੀਆਂ ਖੇਡਾਂ ਨਕਲ ਹੁੰਦੀਆਂ ਨੇਂ ਸਿਆਣਿਆਂ ਦੇ ਵਿਹਾਰੀ ਆਹਰ ਦੀ। ਜਿਵੇਂ ਕੀੜੀ ਕਾਢਾ ਮਲ ਮਾਰੀ ਦੀ ਨਕਲ ਏ। ਕੀੜੀ ਕਾਢੇ ਵਿਚ ਪੁਗਣ ਵਾਲਾ

ਬਾਲ ਸਾਰੇ ਖ਼ਾਨੇ ਮਲ ਕੇ ਆਹੰਦਾ ਏ "ਹਾਜੀਆਂ ਦਾ ਹਜ ਕਬੂਲ।" ਅਯਾਣੇ ਨਕਲ ਬਣਾ ਕੇ ਭੰਡੇਂਦੇ ਨੇਂ ਵਡਕਿਆਂ ਦੇ ਕੰਮ ਨੂੰ, ਉਨ੍ਹਾਂ ਦੀਆਂ ਸਧਰਾਂ ਨੂੰ, ਨਿਸ਼ਾਨਿਆਂ ਨੂੰ। ਪਰ ਨਾਲੋ ਨਾਲ਼ ਆਪਣੇ ਆਪ ਨੂੰ ਤਿਆਰਦੇ ਵੀ ਨੇਂ ਵੱਡਕਿਆਂ ਦੇ ਪਿੜ ਵਿਚ ਲਹਿ ਕੇ ਪੁਗਣ ਲਈ।

ਪਉੜੀ ਦੀ ਖੇਡ ਵੀ ਨਕਲ ਬਣੀਂਦੀ ਏ ਵੰਡ ਵਿਤਕਰਾ ਕਰਣ ਕਰਾਵਣ ਵਾਲਿਆਂ ਦੇ ਕੰਮ ਦੀ। ਪਰ ਇਹ ਨਕਲ ਖੇਡ ਕੇ ਖਿਡਾਰ ਵੰਡਦੇ ਮੂਲ ਤਾਈਂ ਅੱਪੜ ਵੈਂਦੇ ਨੇਂ ਤੇ ਉਹਦਾ ਤਰੋੜ ਕਰਣ ਲਈ ਤਿਆਰ ਹੋ ਵੈਂਦੇ ਨੇਂ।

ਅਖ਼ੀਰਲੀ ਸਤਰ ਵਿਚ ਜਿਵੇਂ ਪੁਗ ਹੈ:

ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਮ੍ਹਣ ਮਉਲਾਣੇ॥
(ਭਾਈ ਗੁਰਦਾਸ, ਵਾਰ ੯, ੨੨ ਵੀਂ ਪਉੜੀ)

ਨਿਤਾਰਾ ਥੀ ਗਿਆ ਏ। ਸੱਚ ਇਕ ਪਾਸੇ ਏ ਵੰਡਕਾਰਾਂ ਦੀ ਖਹਿ ਦੂਜੇ ਪਾਸੇ।ਭੁਲਾਵਣੀ ਮੁੱਕ ਗਈ ਏ ਸਮਝਾਵਣੀ ਸਰ ਗਈ ਏ।ਲੋਕ ਪਉੜੀ ਪੁਗ ਕੇ ਦੂਨੀ ਦੀ ਮੋਹ ਵਿਚੋਂ ਨਿਕਲ਼ ਆਏ ਨੇਂ। ਉਨ੍ਹਾਂ ਹੁਣ ਸੱਚ ਨੂੰ ਕਿਨਾਰੇ ਕਰਣ ਵਾਲਿਆਂ ਦੇ ਹੱਥ ਵੇਖ ਲਏ ਨੇਂ।ਅਯਾਣੇ ਸਿਆਣੇ ਥੀ ਕੇ ਜੁੜ ਖਲੋਤੇ ਨੇਂ।ਇਹੋ ਜੁੜਤ ਸੱਚ ਕਿਨਾਰਾ ਹੈ।ਪਰ ਨਾਲ਼ ਈ ਪਉੜੀ ਆਹੰਦੀ ਏ, ਐਵੇਂ ਨਹੀਂ। ਸੌਖੀ ਨਹੀਂ ਇਹ ਗੱਲ। ਮੁੜ ਵੇਖੋ। ਕੀ ਸੱਚ ਕਿਨਾਰੇ ਰਹਿ ਗਿਆ ਏ ਤੇ ਵਿਚਲਾ ਪਿੜ ਸਮੁੰਦਰ ਵੰਡਕਾਰਾਂ ਦੀ ਖੇਹ ਨੇ ਮੱਲਿਆ ਹੋਇਆ ਏ। ਕੀ "ਰਹਿ ਗਿਆ",ਅਸਲੋਂ ਰਹਿ ਗਿਆ ਏ, ਹਾਰ ਕੇ ਨੁੱਕਰੇ ਲੱਗ ਗਿਆ ਏ। ਇਹ ਨਕਸ਼ਾ ਵੀ ਨਾਲੋ ਨਾਲ਼ ਸਾਹਮਣੇ ਕਰੇਂਦੀ ਏ ਪਉੜੀ। ਫ਼ਕੀਰ ਸੱਚ ਦੀ ਖੇਡ ਖਿਡੇਂਦੇ ਨੇਂ ਲੋਕਾਂ ਨਾਲ਼ ਰਲ ਕੇ ਪਰ ਅਗਲੇ ਵੀ ਏਡੇ ਅਯਾਣੇ ਨਹੀਂ ਜੋ ਖੇਡਾਂ ਰਾਹੀਂ ਅਯਾਣਿਆਂ ਨੂੰ ਸਿਆਣੇ ਥੀਵਣ ਦੀ ਵਿਹਲ ਚਾ ਦੇਵਣ। ਉਹ ਤੁਰਤ ਫ਼ਕੀਰੀ ਖੇਡ ਨੂੰ ਬਾਹਮਣ ਮੌਲਾਣਿਆਂ ਦੀ ਖੇਹ ਬਣਾ ਦੇਂਦੇ ਨੇਂ। ਫ਼ਕੀਰੀ ਡੇਰਿਆਂ ਨੂੰ ਸਾਜ ਸਵਾਰ ਕੇ ਉਤੇ ਬਾਹਮਣ ਮੌਲਾਣਿਆਂ ਨੂੰ ਮਸਨਦ ਮਜੋਰ ਬਣਾ ਬਹਾਵੰਦੇ ਨੇਂ ਤੇ ਇਕਾਈ ਦੇ ਭੰਡਾਰ ਤੋਂ ਦੂਈ ਪਈ ਵਰਤੀਂਦੀ ਏ ਠੰਡੀ ਠਾਰ।

ਖਹਿ ਮਰਣ ਦਾ ਰੌਲਾ ਹੈ ਈ ਸੱਚ ਨੂੰ ਕਿਨਾਰੇ ਲਾਵਣ ਲਈ। ਸੱਚ ਕਿਨਾਰੇ ਰਹਵੇ ਤਾਂ ਈ ਖ਼ਲਕਤ ਦੂਨੀ ਦੀ ਮੋਹ ਵਿਚ ਬਧੀ ਰਹਿ ਸਕਦੀ ਏ। ਧਰਤੀ ਤੇ ਦੂਨੀ ਦਾ ਰਾਜ ਰਹਿ ਸਕਦਾ ਏ। ਸੱਚ ਨੂੰ ਜੀਵਨ ਦਾ ਵਿਚਕਾਰ ਬਣਨ ਤੋਂ ਰੋਕੋ। ਖ਼ਲਕਤ ਨੂੰ ਸੱਚ ਵਿਚ ਜੁੜਨ ਤੋਂ ਰੋਕੋ।

ਰੰਗ ਰੰਗ ਦੀਆਂ ਵੰਡਾਂ ਵੰਡੋ ਖ਼ਲਕਤ ਨੂੰ। ਬੰਦਿਆਈ ਦੀ ਜੋੜਵੀਂ ਸ਼ਨਾਖ਼ਤ ਲੱਭਦਿਆਂ ਨੂੰ ਰੰਗ ਰੰਗ ਦੀਆਂ ਤੋੜਵੀਆਂ ਸ਼ਨਾਖ਼ਤਾਂ ਘੜ ਵਰਤਾਓ ਤੇ ਹਰ ਸ਼ਨਾਖ਼ਤ ਨੂੰ ਦੂਜੀ ਨਾਲ਼ ਭਿੜਾਵਣ ਲਈ ਫਬਵੇਂ ਬਾਹਮਣ ਮੌਲਾਣੇ ਵੀ ਸੋਧ ਸਵਾਰ ਉਤਾਰੋ ਵਿਚ।

ਬਾਮ੍ਹਣ ਦੀ "ਬਾਹ" ਵਿਚ ਤੇ ਮੌਲਾਣੇ ਦੇ "ਲਾਣੇ" ਵਿਚ ਖੇਹ ਦੀ ਖਿੱਚੋਤਾਣ ਹੈ ਪਰ ਵਿਚ ਵੇਖੋ ਇਨ੍ਹਾਂ ਦੀ ਆਪਸ ਦੀ "ਮਨ ਮੋ"। ਅੰਦਰਲੀ ਮੀਸਣੀ ਸੁਰ ਸਲਾਹ। ਸੱਚ ਨੂੰ ਕਿਨਾਰੇ ਲਾ ਕੇ ਆਪਣੀ ਬਾਹਰਲੀ ਖਹਿ ਵਿਚਲੀ ਸੁਰ ਸਲਾਹ ਵਿਚ ਕਿਤਨੇ ਸੁਖੀ ਨੇਂ ਇਹ। ਖਹਿ ਮਰਣ ਵਿਚ ਜੁੱਟੇ ਰਹੋ ਤਾਂ ਜੋ ਸੱਚ ਨੂੰ ਕਿਨਾਰੇ ਕਰਣ ਦੀ ਤਸਲਾ ਮਿਲਦੀ ਰਹਵੇ। ਲੋਕ ਜੁੜਤ ਨੂੰ ਭੰਨਣ ਦੀ ਨਿਸ਼ਾ ਪੂਰੀ ਪਈ ਹੋਵੇ।

"ਸਿਰੋ ਨ ਮਿਟੇ ਆਵਣ ਜਾਣੇ" ਰਹਾਉ ਏ ਪਉੜੀ ਦਾ। ਹਰ ਸਤਰ ਦੇ ਅੱਗੇ ਪਿੱਛੇ ਆਵਣ ਵਾਲੇ ਇਹ ਬੋਲ ਜਿਵੇਂ ਬਾਂਹੀਂ ਨੇਂ ਪਉੜੀ ਦੀਆਂ। ਇਹ ਬੋਲ ਅਸਥਾਈ ਨੇਂ ਪਉੜੀ ਦੇ ਗਾਵਣ ਦੀ। ਪਉੜੀ ਗਾਕੇ ਖਿਡੇਂਦੀ ਏ। ਗਾਵਣ ਹੱਸ ਖਿਡੇਂਦਿਆਂ ਵਾਜ਼ਾਂ ਦਾ ਮੇਲ ਏ। ਗਾਵਣ ਖੋਲ੍ਹਦਾ ਮੇਲਦਾ ਏ ਅੰਦਰਾਂ ਨੂੰ।ਵੱਡੀ ਖੁੱਲ੍ਹ ਖਿਲਾਰਵੀਂ ਜੁੜਤ ਦਾ ਰਸ ਚਖੇਂਦਾ ਏ ਜੀ ਜੀ ਨੂੰ।ਵੰਡ ਵਿਤਕਰੇ ਵਾਲੇ ਅਚਾਰ ਦਾ ਸੁਆਦ ਵੰਜੇਂਦਾ ਏ।

ਪਰ ਇਹ ਬੋਲ ਮੁੜ ਮੁੜ ਕਿਉਂ ਆਉਂਦੇ ਨੇਂ।ਮਤੇ ਬੋਲਾਂ ਦਾ ਮੁੜ ਮੁੜ ਆਵਣ ਸਿਰੋਂ ਨਾ ਮੁਕਣੇ ਆਵਣ ਜਾਵਣ ਦੀ ਨਕਲ ਏ। ਨਾ ਮੁਕਣਾ ਆਵਣ ਜਾਵਣ ਰਮਜ਼ ਹੈ ਇਕੋ ਕੰਮ ਨੂੰ ਮੁੜ ਮੁੜ ਕੀਤੀ ਆਵਣ ਦੀ। ਵੰਡ ਪਾੜ ਦਾ ਕੰਮ ਹਰ ਵਾਰੇ ਰੰਗੋ ਰੰਗ ਹੁੰਦਿਆਂ ਇਕੋ ਈ ਹੈ ਅਸਲੋਂ। ਮੂਲ ਇਕੋ ਹੈ ਇਹਦਾ। ਅਜੋਕੇ ਬਾਹਮਣ ਮੌਲਾਣੇ ਤੇ ਇਨ੍ਹਾਂ ਨੂੰ ਪਿੜੀਂ ਉਤਾਰਣ ਵਾਲੇ ਉਹੋ ਤਾਂ ਨਹੀਂ ਜੋ ਪੁਰਾਣਿਆਂ ਵਾਰਿਆਂ ਵਿਚ ਆਹੇ ਪਰ ਇਹ ਉਨ੍ਹਾਂ ਦੀ ਈ ਨਵੀਂ ਜੂਨ ਨੇਂ ਸਮਝੋ। ਵੰਡਕਾਰਾਂ ਦਾ ਆਵਣ ਜਾਵਣ ਇਕੋ ਏ। ਦੂਨੀ ਦੀ ਮੋਹ ਇਨ੍ਹਾਂ ਨੂੰ ਮੁੜ ਮੁੜ ਇਹੋ ਇਕੋ ਕੰਮ ਕਰੀ ਆਵਣ ਵਿਚ ਬੰਨ੍ਹੀ ਰੱਖਦੀ ਏ। ਇਹੋ ਬਾਂਧ ਇਨ੍ਹਾਂ ਦੀ ਹਸਤੀ ਬਣ ਗਈ ਏ।ਵੰਡ ਵਿਤਕਰੇ ਨੂੰ ਮੇਟਣ ਦਾ ਆਹਰ ਜੇ ਦੂਨੀ ਮੋਹ ਨੂੰ ਮੁਢੋਂ ਮੁਕਾਵਣ ਦਾ ਆਹਰ ਬਣਨ ਲਗੇ ਤਾਂ ਇਨ੍ਹਾਂ ਨੂੰ ਮੌਤ ਜਾਪਦਾ ਏ।

ਆਵਣ ਜਾਵਣ ਅਸਲੋਂ ਨਹੀਂ ਮੁੱਕਦਾ ਤੇ ਨਾ ਈ ਆਵਣ ਜਾਣੇ ਆਪਣੀ ਕਰਤੂਤ ਛੱਡ ਸਕਦੇ ਨੇਂ।"ਸਿਰੋ" ਦਾ ਮਤਲਬ ਅਸਲੋਂ ਵੀ ਹੈ, ਸਿਰਿਉਂ, ਤੇ "ਸਿਰ ਤੋਂ" ਵੀ। ਸਿਰ ਤੇ ਸਵਾਰ ਹੈ ਆਵਣ ਜਾਵਣ। ਪਰ ਇਹ ਆਵਣ ਜਾਵਣ ਵਾਲੀ ਰਮਜ਼ ਆਈ ਕਿਥੋਂ। ਇਕ ਆਮ ਮਤ ਆਹੀ

ਪੁਰਾਣੀ ਭਈ ਜੋ ਕਰੇਂਦਾ ਏ ਉਹ ਕੀਤੀ ਭੁਗੇਂਦਾ ਵੀ ਏ। ਨਿਰਾ ਇਹ ਨਹੀਂ ਜੋ ਉਹਨੂੰ ਸਜ਼ਾ ਮਿਲਦੀ ਏ ਯਾ ਇਨਾਮ ਢੀਂਦਾ ਏ। ਜੋ ਕੀਤਾ ਉਹ ਇਕ ਨਵੀਂ ਢਾ.ਲ ਵਿਚ ਢਾਲਦਾ ਏ ਬੰਦੇ ਦੀ ਹਸਤੀ ਨੂੰ। ਕਰਨੀ ਜੂਨ ਬਦਲੇਂਦੀ ਏ ਬੰਦੇ ਦੀ। ਜੀ ਦਾ ਆਪਣੇ ਲਈ ਚੁਣਿਆ ਕਰਤਬ ਉਹਦੀ ਹਸਤੀ ਨੂੰ ਸਾਰਦਾ ਏ, ਢਾਣੀਆਂ ਮੇਲਾਂ ਦਾ ਵਰਤਾਰਾ ਉਨ੍ਹਾਂ ਦੀ ਹਸਤੀ ਨੂੰ। ਇਹ ਆਮ ਮਤ ਲੋਕ ਵਰਤੇਂਦੇ ਆਹੇ ਦੁਨੀਵਾਨਾਂ ਨੂੰ ਵਰਜਣ ਲਈ ਤੇ ਆਪਣੇ ਆਪ ਨੂੰ ਸੰਭਾਲਣ ਲਈ। ਦੁਨੀਵਾਨਾਂ ਨੂੰ ਇਹ ਗੱਲ ਚੁੱਭਦੀ ਆਹੀ। ਸੋ ਉਨ੍ਹਾਂ ਦਿਆਂ ਸਿਆਣਿਆਂ ਏਸ ਆਮ ਮਤ ਨੂੰ ਵੇਲ ਵੱਟ ਕੇ ਇਕ ਖ਼ਾਸ ਮਤ ਬਣਾ ਟੋਰਿਆ। ਇਕ ਜਨਮ ਵਿਚ ਕੀਤੇ ਕਰਮ ਦਾ ਭੋਗ ਅਗਲੇ ਜਨਮ ਵਿਚ ਭੁਗੇਂਦਾ ਏ ਬੰਦਾ। ਮੰਦਾ ਕਰੋ ਤਾਂ ਅਛੂਤ ਸ਼ੂਦਰ ਜਮਸੋ ਅਗਲੇ ਜਨਮ, ਚੰਗਾ ਕਰੋ ਤਾਂ ਬਾਹਮਣ, ਖੱਤਰੀ, ਅੱਜ ਦੇ ਅਛੂਤ ਸ਼ੂਦਰ ਉਹ ਨੇਂ ਜਿਹਨਾਂ ਪਿਛਲਿਆਂ ਜਨਮਾਂ ਵਿਚ ਮੰਦ ਕਮਾਇਆ ਤੇ ਅੱਜ ਦੇ ਬਾਹਮਣ ਖੱਤਰੀ ਪਿਛਲਿਆਂ ਜਨਮਾਂ ਦੀਆਂ ਚੰਗੀਆਂ ਕੀਤੀਆਂ ਦਾ ਫਲ ਪਏ ਖਾਵੰਦੇ ਨੇਂ। ਇਹ ਮਤ ਧਰਮ ਬਣ ਗਿਆ, ਤੇ ਰਾਜਕਾਰਾਂ ਦਾ ਲੋਕਾਈ ਦੀ ਮਿਹਨਤ ਮਾਰ ਕੇ ਆਪਣੇ ਪੱਲੇ ਪਾਵਣ ਕੁਦਰਤ ਦਾ ਕਾਨੂੰਨ। ਧਰੋਹ ਬਧਿਆਂ ਨੂੰ ਆਪਣੀ ਹਸਤੀ ਕੁਦਰਤੀ ਜਾਪਣ ਲੱਗ ਪਈ। ਰੋਜ਼ ਵਰਤੀਂ ਦਾ ਧਿਗਾਣ ਈ ਕੁਦਰਤ ਦਾ ਕਾਨੂੰਨ ਬਣ ਬੋਲਿਆ। ਜਿਹੜਾ ਏਸ ਕਾਨੂੰਨ ਅਗੇ ਕੁਸਕੇ ਉਹ ਅਗਲੇ ਜਨਮ ਲਈ ਨਵੀਂ ਦੁਖ ਦਾ ਮਸਾਲਾ ਤਿਆਰ ਕਰੇਂਦਾ ਏ ਤੇ ਜਿਹੜਾ ਸਿਰ ਸੁੱਟ ਕੇ ਦਿਲੋਂ ਵਜਹੋਂ ਇਹਨੂੰ ਮਨੀ ਆਵੇ ਉਹਨੂੰ ਅਗਲੇਰਾ ਜਨਮ ਸੁਖਾਲਾ ਹੋਵਣ ਦੀ ਆਸ ਹੋ ਸਕਦੀ ਏ। ਇਹ ਮਤ ਦੁਨੀ ਮੋਹ ਦੀ ਵੰਡੀ ਖ਼ਲਕ ਦੀ ਵੰਡ ਨੂੰ ਪੱਕਿਆਂ ਕਰੇਂਦਾ ਏ ਤੇ ਉਹਦੇ ਉਤੇ ਧਰਮ ਦਾ ਪਹਿਰਾ ਬਹਾਲਦਾ ਏ। ਪਉੜੀ ਏਸ ਮਤ ਦਾ ਅਸੁਰਗਾ ਢਾਉਂਦੀ ਏ। "ਸਿਰੋ ਨ ਮਿਟੇ ਆਵਣ ਜਾਣੇ ॥" ਦੀ ਦੁਹਰਾਈ ਮਤ ਦਾ ਹੌਕਾ ਜਾਪਦੀ ਏ। ਪਰ ਇਹ ਹੌਕੇ ਦੀ ਨਕਲ ਏ।ਇਹ ਨਕਲੀ ਹੌਕਾ ਹਰ ਸਤਰ ਦੇ ਪੌਂਦ ਤੇ ਅਖ਼ੀਰ ਵਿਚ ਆ ਕੇ ਭੰਡਦਾ ਏ ਮਤ ਦੇ ਬਣਾਵਣਹਾਰਾਂ ਨੂੰ।ਵਰਨਾਂ ਮਜ਼ਹਬਾਂ ਦੀਆਂ ਸ਼ਨਾਖ਼ਤਾਂ ਬੰਨ੍ਹ ਠੋਕ ਕੇ ਲੋਕਾਂ ਨੂੰ ਦੁਨੀ ਦੀ ਨੌਕਰੀ ਵਿਚ ਜੋਈ ਰਖਣ ਵਾਲਿਆਂ ਨੂੰ। ਰਹਾਉ ਦੇ ਬੋਲ ਹਰ ਸਤਰ ਵਿਚ ਗਿਣੇ ਪਾੜ ਨੂੰ ਦੁਨੀ ਦੀ ਮੋਹ ਨਾ.ਲ ਜੋੜੇਂਦੇ ਨੇਂ। ਇਹ ਮੋਹ ਸਿਰ ਏ, ਮੁੜ ਮੂਲ ਏ ਪਾੜਾਂ ਦਾ। ਇਹ ਪਾੜਨਹਾਰਾਂ ਦਿਆਂ ਸਿਰਾਂ ਤੇ ਸਵਾਰ ਏ। ਸੋ ਉਨ੍ਹਾਂ ਦਾ ਆਵਣ ਜਾਵਣ, ਹਰ ਘੜੀ ਮਰ ਮਰ ਕੇ ਉਸੇ ਜੂਨ ਵਿਚ ਮੁੜ ਜੰਮਣ ਮਿੱਟ ਨਹੀਂ ਸਕਦਾ। ਇਕ ਹੋਰ ਰੰਗ ਵੀ ਹੋ ਸਕਦਾ ਏ ਰਹਾਉ ਦੀ ਖੇਡ ਦਾ। ਸਿਰ ਸਿਰਾ ਵੀ ਏ। ਆਵਣ ਇਕ ਸਿਰਿਓਂ

ਆਵੰਦਾ ਏ ਤੇ ਦੋ ਜਿਉਂ ਨਿਕਲ਼ ਕੇ ਜਾਵਣ ਬਣ ਜਾਂਦਾ ਏ। ਪਰ ਸਿਰਾ ਤੇ ਹੋਇਆ ਕੋਈ ਨਾ। ਘੇਰਾ ਈ ਹੋਇਆ ਦੂਨੀ ਮੋਹ ਦਾ ਜਿਹਦੇ ਅੰਦਰ ਇਹ ਆਵਣ ਜਾਵਣ ਦਾ ਗੇੜ ਪਿਆ ਗਿੜਦਾ ਏ। ਨਾ ਆਵਣ ਆਵਣ ਏ ਨਾ ਜਾਵਣ ਜਾਵਣ ਏ। ਗੇੜ ਤਾਂ ਮੁਕੇ, ਮੁਕਤੀ ਤਾਂ ਮਿਲੇ ਜੇ ਦੂਨੀ ਦੀ ਮੋਹ ਮੁਕੇ ਤੇ ਦੂਨੀ ਦੀ ਮੋਹ ਤਾਂ ਮੁਕੇ ਜੇ ਦੂਨੀ ਮੁਕੇ।

ਕਰਮਾਂ ਦੇ ਭੋਗ ਦਾ ਮਤ ਤੇ ਬਣਾਇਆ ਗਿਆ ਹਾ ਵਰਣ ਵੰਡ ਨੂੰ ਪੱਕਿਆਂ ਕਰਣ ਲਈ। ਪਰ ਪਉੜੀ ਵਿਚ ਉਹਦੀ ਨਕਲ ਖ਼ਲਕਤ ਅਤੇ ਡਾਹੀ ਹਰ ਰੰਗ ਦੀ ਵੰਡ ਤੋਂ ਪੜਦਾ ਲਾਹੁੰਦੀ ਏ। ਮੌਲਾਣਿਆਂ ਨੂੰ ਇਹ ਭਰਮ ਵੀ ਰਿਹਾ ਜੋ ਅਸਾਂ ਚਾਰ ਵਰਣੀ ਵੰਡ ਵਾਲਾ ਜ਼ੁਲਮ ਮੁਕਾਵਣ ਆਏ ਆਂ। ਪਰ ਪਉੜੀ ਚਾਰ ਮਜ਼ਬੀ ਵੰਡ ਨੂੰ ਚਾਰ ਵਰਣੀ ਵੰਡ ਦੀ ਸੱਕੀ ਭੈਣ ਦੱਸ ਕੇ ਏਸ ਭਰਮ ਨੂੰ ਵੀ ਭੰਡਦੀ ਏ।

ਰਹਾਉ ਤੇ ਆ ਕੇ ਪਉੜੀ ਦੀ ਖੇਡ ਨਾਚ ਬਣ ਵੈਂਦੀ ਏ। ਖਿੱਲੀ ਮਰੇਂਦੀ ਲੁੱਡੀ। ਪਉੜੀ ਦੀ ਖੇਡ ਸਰਲ ਵੀ ਹੈ ਤੇ ਪੇਚਵੀਂ ਵੀ। ਇਹਦਾ ਸਰਲ ਹੋਵਣ ਈ ਇਹਦਾ ਪੇਚ ਏ। ਸੋ ਏਸ ਖੇਡ ਨੂੰ ਨਵਿਆਂ ਕਰਣ ਲਈ ਮੁੜ ਖੇਡਣ ਲਈ ਮੁੜ ਸਮਝਣਾ ਪੌਂਦਾ ਹੈ ਹਰ ਵਾਰੀ। ਏਸ ਵਾਸਤੇ ਸਾਨੂੰ ਇਹ ਲੇਖ ਵੀ ਲਿਖਣਾ ਪਿਆ ਏ। ਪਰ ਲੇਖ ਪਉੜੀ ਨਹੀਂ, ਨਾ ਪਉੜੀ ਲੇਖ ਏ। ਪਉੜੀ ਪੜ੍ਹਨ ਪਉੜੀ ਖੇਡਣ ਏ। ਸਮਝਣ ਨਿਰਾ ਸਮਝਣ ਨਹੀਂ। ਸਮਝਣ ਖੇਡਣ ਏ।ਸੋ ਆਓ ਪਉੜੀ ਪੜ੍ਹੀਏ।

=

1.ਅਲੀਮਾ=ਤੇਲ, ਜਾਇਜ਼ਾ, ਪੁਰਖ (ਮੀਆਂ ਮੁਹੰਮਦ ਦਾ ਵਰਤਿਆ ਲਫ਼ਜ਼)

*******

# ਕਿਤਾਬ: ਦੁਖੁ ਵਿਚਿ ਪਾਇਆ ਤੇਲੁ

(2010 ਸ. 5)

❖

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥

(ਪੰਨਾ-੩੫੮)

*******

# ਕਿਤਾਬ: ਦੁਖੁ ਵਿਚਿ ਪਾਇਆ ਤੇਲੁ
(2010 ਸ. 11)

## ਪਾਲੀਸੀ ਲਾਈਨ

(ਪੁਲਸ ਲਾਈਨ ਜੋ ਪੜ੍ਹੇ ਵੋਹ ਹਵਾਲਾਏ ਪੁਲੀਸ ਕਿਆ ਜਾਵੇਗਾ)
ਕਿਉਂ ਘਬਰਾਉਂਦੇ ਓ?
ਕੇਸ ਬੰਦ ਨਹੀਂ ਕੀਤਾ ਬਾਬਾ?
ਵੱਡਾ ਆਇਆ ਸੀ ਜ਼ਾਤ ਮਜ਼ਹਬ ਕੋ ਪਟ ਗੁਆਵਣ
ਅਸਾਂ ਮਜ਼੍ਹਬੀ ਜ਼ਾਤ ਕਾ ਉਹਨੂੰ ਪੱਟੂ ਪਾਇਆ ਏ ਕਿ ਨਹੀਂ?
ਮੁਲਵੰਟ ਮਾਰ ਜਿਹੜੇ ਗਾਖ ਗਏ ਨੇਂ ਸੂਫ਼ ਬੰਦ ਕਰ ਦਿਓ ਉਨ੍ਹਾਂ ਨੂੰ
ਲਿਖ ਕੇ ਲਾ ਦਿਓ
ਕੀ ਡਾਢਾ ਕੀ ਲਿੱਸਾ ਸਾਰੇ ਹਮਾ ਊਸਤ ਨੇਂ
ਇਕ ਨੂਰ ਹੈ ਲਾਠੀ ਕਾਠੀ
ਪਤਾ ਏ ਸਾਨੂੰ
ਬੁਲ੍ਹਾ ਬਾਹੂ ਵਿਚ ਆ ਵੜਦੇ ਨੇਂ
ਆਲੀਸ਼ਾਨ ਮਸੀਤਾਂ ਚਾੜ੍ਹ ਵਜ਼ੀਰ ਖ਼ਾਨਿਆਂ
ਕੁਛੜ ਦਿਓ ਨਾ ਇਨ੍ਹਾਂ ਦੀਆਂ ਦਰਗਾਹੀਆਂ ਢੇਰੀਆਂ
ਸਿਰੀਆਂ ਸੁਟ ਕੇ ਹੁੰਦੇ ਨੇਂ ਆਪੇ ਲਾਈਨ ਹਾਜ਼ਰ ਕਿ ਨਹੀਂ ਵੇਖਿਓ
ਕਿਉਂ ਘਬਰਾਉਂਦੇ ਓ

******

# ਕਿਤਾਬ: ਦੁਖੁ ਵਿਚਿ ਪਾਇਆ ਤੇਲੁ

(2010 ਸ. 14-15)

## ਸ਼ਰੀਫ਼ ਸ਼ਹਿਰੀ ਦੀ ਗੱਲ

ਏਸ ਵਾਰੀਂ ਸਾਵਣ ਨਹੀਂ ਵਸਿਆ
ਵਸਿਆ ਈ ਹੋਣਾ ਏ, ਸਾਡੇ ਘਰ ਨਹੀਂ
ਲਾਹੌਰ ਸ਼ਹਿਰ ਹੁੱਣ ਵੱਡਾ ਸ਼ਹਿਰ ਏ
ਪਤਾ ਨਹੀਂ ਲਗਦਾ ਕਿਥੇ ਵਸ ਗਿਆ ਏ ਕਿਥੇ ਨਹੀਂ
ਇਕ ਪਾਸੇ ਸੜਕ ਦੇ ਪਾਣੀ ਖਲੋਤਾ ਹੁੰਦਾ ਏ
ਦੂਜਾ ਸੁੱਕਮ-ਸੁੱਕਾ
ਸੁੱਕੇ ਗਿਲਿਆਂ ਨੂੰ ਨਹੀਂ ਵੇਂਹੰਦੇ
ਗਿੱਲੇ ਸੁੱਕਿਆਂ ਨੂੰ ਨਹੀਂ
ਕੰਮ ਕਾਰ ਈ ਇਹੋ ਜਿਹੇ ਨੇਂ
ਨਾਲੇ ਹਰ ਕੋਈ ਝਕਦਾ ਏ ਗੱਲ਼ ਨਾ ਪੈ ਜਾਏ ਅਗਲਾ
ਕਈਆਂ ਸਾਲਾਂ ਦੇ ਕੋਠੇ ਲਿੰਬਣ ਵਾਲੇ ਸਨ
ਖ਼ਬਰਾਂ ਪੜ੍ਹੀਆਂ
ਮੀਂਹ ਪਿਆ ਆਉਂਦਾ ਏ ਉਹ ਜਿਹੜਾ ਸੱਠ ਸਾਲ ਨਹੀਂ ਆਇਆ
ਕੋਠੇ ਈ ਸਾਡੇ ਨਿਰੇ ਨਹੀਂ ਚੋਂਦੇ
ਕੰਧਾਂ 'ਚੋਂ ਪਾਣੀ ਲੁਕ ਛੁਪ ਫ਼ਰਸ਼ ਤੇ ਆ ਮੂਤਰਦਾ ਏ
ਭਾਲ਼ ਮੰਗਾਈ ਮਿੱਟੀ ਚੀਕਣੀ ਭੁ ਪੁਰਾਣੀ
ਘਾਣੀ ਕਰਾਈ
ਮੁਲਤਾਨ ਦਾ ਕਾਰੀਗਰ ਸੀ ਬੁਢੜਾ
ਆਖਣ ਲਗਾ 'ਹੁਣ ਆਖੋ ਮੀਂਹ ਕੂੰ ਆਵੇ'
ਸੁਣਿਆ ਮੀਂਹ ਕਰਾਚੀ ਜਾ ਲਥਾ ਏ ਉਹ ਖ਼ਬਰਾਂ ਵਾਲਾ
ਕਰਾਚੀ ਹੋਰ ਵਡੇਰਾ ਸ਼ਹਿਰ ਹੋਇਆ
ਸ਼ਹਿਰਾਂ ਨੂੰ ਭਲਾ ਪੁਰਾਣੇ ਬਾਬੇ ਨਾਨਕ ਵਰਗੇ
ਜ਼ਹਿਰ ਕਹਿਰ ਕਿਉਂ ਕਹਿੰਦੇ ਸਨ
ਮਤੇ ਜ਼ਹਿਰ ਨਾਲ਼ ਈ ਇੱਟ ਇੱਟ ਜੁੜਦੀ ਏ ਸ਼ਹਿਰਾਂ ਦੀ
ਵਿਚ ਵਿਚ ਜ਼ਹਿਰ ਏ ਬਾਹਰ ਕਹਿਰ ਏ

******

# ਕਿਤਾਬ: ਦੁਖੁ ਵਿਚਿ ਪਾਇਆ ਤੇਲੁ
(2010. ਸ. 35-37)

## ਇਸ਼ਕ
ਮਲਬੇ ਵਾਲੇ ਦੋ ਠਹੀਏ ਨੇਂ ਆਹਮੋ ਸਾਹਮਣੇ
ਸਜੇ ਗਿਆਂ ਜਵਾਨ ਜ਼ੀਨਜ਼ ਵਿਚ ਦਫ਼ਤਰ ਲਾਈ ਬੈਠਾ ਏ
"ਇੱਟ ਪੁਰਾਣੀ ਲੈਣੀ ਸੀ ਮੈਂ"
"ਵੇਖੋ"
ਵੇਖ ਕੇ ਮੈਂ ਮੁੜ ਦਫ਼ਤਰ ਆਇਆਂ
"ਸਾਹਮਣਿਓਂ ਵੀ ਵੇਖ ਆਵਾਂ
ਜੇ ਓਥੇ ਵੀ ਨਾ ਲੱਭੀ ਜਿਹੜੀ ਮੈਂ ਲਭਨਾਂ
ਤਾਂ ਇਹੋ ਲੈ ਲੈਸਾਂ ਮੈਂ ਆ ਕੇ"
"ਤੁਹਾਡੀ ਮਰਜ਼ੀ ਏ। ਮੇਰੀ ਮਨੋ ਤੇ ਨਾ ਜਾਓ"
"ਕਿਉਂ"
ਪੁੜਪੁੜੀ ਕੋਲ਼ ਉਂਗਲ਼ ਭੁਵਾਇਓਸ
"ਜ਼ਿਹਨ ਹਿਲਿਆ ਹੋਇਆ ਏ
ਗੱਲ ਕਰਨੀ ਹੋਰ ਕੋਈ ਚਾਹੁੰਦਾ ਏ ਕਰ ਕੋਈ ਹੋਰ ਜਾਂਦਾ ਏ
ਗਾਹਕ ਖ਼ਰਾਬ ਹੁੰਦੇ ਨੇਂ "
"ਚਲੋ ਮੈਂ ਹੋ ਆਵਨਾਂ"
"ਉਹ ਤੁਹਾਡੀ ਮਰਜ਼ੀ ਏ
ਮਾਲ ਪਸੰਦ ਹੋਇਆ ਤੇ ਦਸਣਾਂ
ਮੈਂ ਮਗਵਾ ਲੈਸਾਂ"
ਸੜਕੋਂ ਪਾਰ ਗਿਆਂ
ਦਾੜ੍ਹੀ ਧੋਤੀ, ਗੱਲ ਦੀ ਮੋਢੇ, ਲਬਾਂ ਸਾਫ਼, ਹੱਥ ਲੋਟਾ,
ਹਸਿਆ ਏ
"ਕਿਉਂ ਨਹੀਂ ਮੰਨੀ ਉਹਦੀ, ਕਿਉਂ ਆ ਗਏ ਓ"
ਮੈਂ ਹੈਰਾਨ ਥਿਆਂ ਕੁਝ ਭੈੜਾ ਪਿਆਂ
ਭੇਤ ਨਾਲ਼ ਆਹੰਦਾ ਏ ਨੇੜੇ ਹੋ ਕੇ
ਮਾਸ਼ੂਕ ਜੇ ਹਰ ਵੇਲੇ ਸਾਹਮਣੇ ਹੋਈਏ
ਜ਼ਿਹਨ ਨਾ ਹਿਲ ਜਾਏ ਆਸ਼ਿਕ ਦਾ ਤੇ ਆਸ਼ਿਕ ਕਾਹਦਾ ਹੋਇਆ ਹੈਂ ਜੀ"
"ਇੱਟ ਗੋਲ ਪੁਰਾਣੀ ਲੈਨੀ ਸੀ ਮੈਂ"

"ਆਓ ਬਿਸਮਿਲ੍ਹਾ, ਲੋਟੇ ਸਣੇ ਉਹ ਨਾਲ਼ ਟੁਰ ਪਿਆ ਏ
"ਨਾਨਕਸ਼ਾਹੀ ਵਖਾਵਾਂ ਮੁਗ਼ਲ ਵਖਾਵਾਂ
ਇਹ ਮਲਬਾ ਨਹੀਂ ਜੇ ਹਲਵਾ ਜੇ
ਸਤ ਇਮਾਰਤਾਂ ਸ਼ਾਹੀ ਇਹਦੇ ਵਿਚ ਪਈਆਂ ਨੇਂ
ਤਾਂ ਕਿਤੇ ਪੱਕਿਆ ਏ
ਇਹ ਹਲਵਾ ਈ ਜਲਵਾ ਜੇ
ਲੈ ਜਾਓ
ਇਹਨੇ ਕੋਠੀ ਤੁਹਾਡੀ ਅੰਦਰੋਂ ਉਹੋ ਨੂਰ ਵਿਖਾ ਦੇਣਾ ਏ ਖ਼ਲਕਤ ਨੂੰ
ਹਾਂ ਆਰਕੀਟੈਕਟ ਸਿਆਣਾ ਲਭਿਉ
ਲਭਿਆ ਈ ਹੋਣਾ ਏ ਤੁਸਾਂ ਸਿਆਣੇ ਬੰਦੇ ਓ
ਜਿਸ ਅਸਲ ਇਮਾਰਤ ਡਿੱਠੀ ਹੋਵੇ
ਉਹ ਏਸ ਗਿਰੀ ਮੇਵੇ ਦਾ ਮੁਲ ਜਾਣਦਾ ਏ
ਪਰ ਇਹ ਵੀ ਗੱਲ ਜੇ
ਜਿਸ ਮਲਬਾ ਨਹੀਂ ਨਾ ਡਿੱਠਾ
ਉਹ ਅਸਲ ਇਮਾਰਤ ਵੇਖੇ ਪਿਆ
ਉਹਨੂੰ ਦਿੱਸਦੀ ਈ ਨਹੀਂ
ਹੈਂ ਜੀ
ਬਾਤਸ਼ਾਹੋ ਜਿਸ ਉਲਟੀ ਕਦੇ ਨਹੀਂ ਕੀਤੀ ਸੁੰਘੀ
ਉਹ ਖਾਣ ਪਚਾਣ ਕੀ ਜਾਣੇ ਹੈਂ ਜੀ"
ਪਤਾ ਨਹੀਂ ਉਹ ਸਮਝਿਆ ਮੈਂ ਕੁਝ ਕਾਹਲ਼ਾ ਪੈ ਗਿਆਂ, ਆਹੰਦਾ ਏ
"ਵੇਖੋ ਵੇਖੋ ਤਸੱਲੀ ਕਰ ਕੇ, ਮੈਂ ਬਹਿ ਜਾਨਾਂ
ਸੌਦਾ ਸਾਹਮਣਿਓਂ ਈ ਲੈਣਾ
ਪਸੰਦ ਕਰੋ ਜੋ ਇਥੋਂ ਓਥੇ ਅੱਪੜ ਜਾਸੀ
ਅਸੀਂ ਆਪ ਜੋ ਓਥੇ ਵਿਕ ਗਏ ਆਂ"

********

# ਕਿਤਾਬ: ਪੰਜ ਕਣੀ

(2014 ਸ. 56-57)

**ਫ਼ੈਲਸੂਫ਼ੀ**

ਕਲਜੁਗ ਚੜ੍ਹਿਆ
ਕਰਨੀ ਦੋ ਡਕ ਘਾਲ ਸੰਭਾਲ਼ ਬਣੀ
ਸੋਚ ਕਰਮ[1] ਦੋ ਹੋ ਮੂੰਹ ਫੇਰ ਖਲੋਤੇ
ਜਣੀ ਜਣਾ ਦੋ ਜੂਨ ਜਨਾਵਰ
ਨਰ ਪ੍ਰਧਾਨੀ ਬੁਰਖ਼ੇ ਵਿਚ ਮਲ
ਤਖ਼ਤ ਅਤੇ ਤਲਵਾਰ ਹਕੂਮਤ ਤਾਜ ਫ਼ਲਸਫ਼ਾ
ਥਾਲ ਵੇਦਾਂਤੀ ਬਾਲਣ ਸ਼ੂਦਰ
ਚੱਕੀ ਬਾਨ੍ਹੇ ਦਸਤਰਖ਼ਾਨੇ ਢਾਲ਼ ਅਰਸਤੂ ਚਾਲ ਸਿਕੰਦਰ
ਆੜ੍ਹਤ ਮੰਡੀ ਕਾਂਟ ਤੇ ਨਿਤਸ਼ਾ ਪੱਲਾ ਡੰਡੀ
ਉਪਰ ਥੱਲੇ ਹਿਟਲਰ ਹੈਡੀਗਰ
ਘਾਣ ਫ਼ਲਸਫ਼ੇ ਕਾੜ੍ਹ ਘਚੋਲਿਆ ਸੱਚ ਵੀ ਉੱਥਲ ਡੁਲ੍ਹੇ
ਖ਼ਲਕ ਹਿਲਾਵੇ ਜਦੋਂ ਸ਼ਾਹੀਆਂ
ਹੈਗਲ ਵਿਚੋਂ ਨਿਕਲ਼ ਮਾਰਕਸ ਤਦ ਆਪ ਉੱਥਲ ਬਣ ਹੁਲੇ
ਸਿੰਧੜੀ ਮੰਨੇ ਸਾਂਝ[2] ਤੰਦੂਰੀ ਇਲਮ ਇਨਾਇਅਤ ਮੰਨੀ[3]
ਨਾਥ ਪਹਾੜੋਂ ਢਲਦਾ, ਰੰਗਪੁਰ ਨਾਨਕ ਜੋਗੀ ਆਵੇ
ਰਾਮਾਨੰਦੀ ਤਾਣਾ ਪੁੱਠਾ ਤੰਨੇ ਕਬੀਰੀ ਖੱਡੀ
ਘੋਲ਼ ਦਵਾਤੀਂ ਲਾਲ਼ ਸਿਆਹੀ ਕਤ ਕਲਮ ਮਨਸੂਰੀ
ਖ਼ਤ ਅਨਲਹੱਕ ਇਬਨੁਲ ਅਰਬੀ ਸ਼ਰ੍ਹਾ ਸ਼ਰੀਫ਼ ਲਿਖਾਵੇ
ਅਬੁਲਫ਼ਜ਼ਲੀਆਂ ਗਲੀਆਂ ਅੰਦਰ ਧੁਖੇ ਧਮਾਲ ਹੁਸੈਨੀ
ਕੋਠੀ ਲਗਾ ਭਗਤ ਸਿੰਘ ਲਿਖ ਲੇਖ ਨਵੇਂ ਵਰਤਾਵੇ

=

1 ਕਰਮ= ਅਮਲ, ਕੰਮ।
2 ਮੰਨੇ=ਕੰਢੇ।
3 ਮੰਨੀ=ਰੋਟੀ।

*******

# ਕਿਤਾਬ: ਪੰਜ ਕਣੀ
(2014 ਸ. 80)

**ਇਕ ਪੁਰਾਣੇ ਗਾਵਣ ਵਾਲੇ ਦੀ ਗੱਲ**

ਆਖੇ ਹਉ ਢਾਡੀ ਬੇਕਾਰ ਕਾਰੇ ਲਾਇਆ
ਤਲੀ ਤੇ ਧਰ ਗਿਆ ਖ਼ਾਕ
ਲੰਘਦਾ
ਸੁਰ ਤਾਲ ਵਿਚ ਆਵਣ ਲਗੀਆਂ ਚੁੜ ਮੁੜ ਖ਼ਾਬਾਂ
ਦੁਖ ਭੁਖ ਤਾਣੀ ਚੁੱਪ ਦੇ ਅੰਦਰੋਂ
ਲਗੇ ਸੁਣੀਵਣ ਰਾਗ
ਨਵਾਂ ਕਰਣ ਲਈ ਆਪ ਨਵੇਂ ਹੋ ਜਾਵਣ ਦੇ

*******

# ਕਿਤਾਬ: ਨਵਿਆਂ ਸੰਗਾਂ ਦੇ ਗਾਵਣ

(2014 ਸ. 63-64)

**ਚਿੱਟੀਆਂ ਮੁੱਛਾਂ ਪਤਲਾ ਲਾਖਾ**

ਮੱਛੀ ਲੈਣ ਮੈਂ ਜਦੋਂ ਲੁਹਾਰੀ ਜਾਨਾਂ ਉਹਨੇ ਕੋਲ਼ ਬਹਾਵਣਾ
"ਮਾਮਾ ਤੇਰਾ ਤਦੋਂ ਨੌਕਰ ਅੰਬਰਸਰ ਸੀ
ਉਪਰ ਕਮਰਾ ਉਹਦਾ ਥੱਲੇ ਹੱਟੀ ਸਾਡੀ
ਨਾਨਕ ਦੇ ਦਰਬਾਰ ਨੂੰ ਰਾਹ ਵੀ ਚੌਂਕ ਫ਼ਰੀਦੋਂ ਜਾਂਦਾ ਹਾ
ਸਿਲਮਾ ਸਿਤਾਰਾ ਕਰਦੇ ਸਾਂ
ਮੰਦਾ ਪਿਆਏ ਨਾ ਦੂਜੀ ਲਾਮੋਂ ਪਹਿਲਾਂ
ਉਸਤਾਦ ਆਖਿਆਏ ਮੱਛੀ ਲਾਅ ਹੁਣ
ਉਹਦੀ ਦਸੀ ਤਲ਼ੀ ਸਵੱਲੀ ਗਾਹਕ ਨਹੀਂ ਗੰਨੀ ਛੱਡੀ
ਕਈਂ ਵਾਰੀਂ ਹੋਣਾ
ਯਾਰਾਂ ਨਾਲ਼ ਮੈਂ ਗਿਆਂ ਕੜਾਹੀਆਂ ਮੂਧੀਆਂ ਪਈਆਂ ਨੇਂ ਅਗੇ
ਬੈਠਾਏ ਉਵੇਂ
ਚਿੱਟੀਆਂ ਮੁੱਛਾਂ ਮੂੰਹ ਤਮਾਕੂ ਨਾਲ਼ ਹਿਲਦੀਆਂ ਹੌਲੀ ਹੌਲੀ
ਸਿਰ ਮਾਰ ਕੇ ਆਹੰਦਾ ਏ "ਗਈ"
ਇਕ ਵਾਰੀਂ ਗਏ ਅਸੀਂ
ਕੋਲ਼ ਬੁਲਾਇਉਸ ਮੈਨੂੰ
"ਕੰਨ ਉਰਾਂਹ ਕਰੇਂ ਨਾ
ਮੱਛੀ ਨਸੀਬਾਂ ਨਾਲ਼
ਤਲ ਉਮਰ ਕੜਾਹੀਓਂ ਕੱਢੀ
ਚੱਖਣੀ ਨਹੀਓਂ ਬਣੀ

******

# ਕਿਤਾਬ: ਪੋਰਹੇਤ ਗਵੇੜ

(2015 ਸ. 84)

❖

ਅੱਖਰ ਹੀਣਾਂ[1] ਦੇ
ਪਏ ਲਹਿੰਦੇ ਨੇਂ ਜੋਗ ਪਹਾੜੋਂ
ਪੁਰਜਾ ਪੁਰਜਾ[2]
ਪੁਜ ਮਦਾਨੀਂ
ਉਗ ਜੰਗ਼ਲ ਬਣ ਜਾਸੀ
ਜ਼ਹਿਰ ਕਹਿਰ ਜਿਹਨਾਂ ਸ਼ਹਿਰ ਨਹੀਂ ਵਾਰੇ
ਸੋਈ ਮਵਾਸੀ[3] ਵਾਸੀ

=

1. ਹੀਣ= ਖ਼ਾਲੀ, ਜਿਹਨਾਂ ਕੋਲ਼ ਕੁਝ ਨਹੀਂ।
2. ਪੁਰਜਾ= ਪੁਰਜ਼ਾ, ਟੁਕੜਾ।
3. ਮਵਾਸੀ= ਮਵਾਸ ਵਿਚ ਲੁਕੇ ਹੋਏ।
(ਮਵਾਸ: ਜੰਗ਼ਲ, ਨਾਬਰਾਂ ਦੇ ਲੁਕਣ ਦੀ ਥਾਂ)।

*******

# ਕਿਤਾਬ : ਮਾਮ

(2015 ਸ. 60)

❖

ਸੱਚਲ, ਕਬੀਰ, ਲਤੀਫ਼, ਨਾਨਕ, ਬੁੱਲ੍ਹਾ, ਰਵੀ, ਹੁਸੈਨ
ਨਾ ਹਾ ਵਾਰੇ ਸੁਣਿਆ ਏ ਇਨ੍ਹਾਂ ਨੂੰ
ਮਲਵਾਣੀ ਦੀ ਵਿਚ ਪੰਜਾਲ਼ੀ ਖ਼ਲਕ ਦੇ ਗਾਟੇ ਰਹਿਣ
ਹਿਨ ਗੁੰਮ ਆਮਾਂ ਦਿਆਂ ਪੈਰਾਂ ਵਿਚ ਈ ਪੈਰ ਇਨ੍ਹਾਂ ਦੇ ਕਿਧਰੇ
ਗਾਹ ਸਦੀਆਂ
ਗਏ ਧਰ ਅੱਖੀਆਂ ਵਿਚ ਐਰ
ਸਾਂਝ ਬਿਰਾਜੇ ਦੇ

*******

# ਕਿਤਾਬ : ਸਰਦਲ

(2016 ਸ. 20-21)

## ਕਾਨੀਆਂ

ਬਾਰ।
ਵਿਚ ਗਰਾਂ ।
ਨਾਉਂ ਕਾਨੀਆਂ
ਹਵੇਲੀ ਪੱਕੀ ਵਿਚਕਾਰ
ਕੱਚੇ ਕੋਠੜੇ ਛੱਪਰ ਦੁਆਲੇ
ਘੋੜੇ ਅਟੇਰਨ ਰਾਠ।
ਬੰਗਲਾ ਨਹਿਰ ਪਿਆ
ਛੁਰੀ ਕੰਡਾ ਪਤਲੂਨ ਕਮੋਡੀਂ
ਕੁਰਸੀ ਲਾਲ਼ ਤੇ ਅਫ਼ਸਰ ਦਫ਼ਤਰ
ਕੰਬਦੀ ਮੇਜ਼ ਤੇ ਸਾਵਾ ਕੰਬਲ
ਗਿੱਠ ਗਿੱਠ ਮਰਲਾ ਥੁੱਕ ਪਟਵਾਰੀ ਬੰਨ੍ਹ ਕੁਲਾ ਸਲਵਾਰ
ਹੈਟ ਬੂਟ ਫੜ ਸੋਟੀ ਕੱਲਰ ਲਹਿਰ ਪਿਆ।
ਅੱਧ ਮਸੀਤੜ ਅੱਧ ਸਕੂਲੀ
ਬੇਲਦਾਰ ਅਸਾਂ ਮੇਟ ਹੋਏ।
ਇਥੋਂ ਹੋਰ ਪਰੇ
ਘੰਟਾ ਘਰ ਗਡ ਚੌਂਕ ਸਿਪਾਹੀ
ਨਾਉਂ ਲਾਇਲਪੁਰ ਚਾਰ ਬਜ਼ਾਰਾ ਸ਼ਹਿਰ ਪਿਆ।
ਸੌਖੇ ਛੋਹਰ[1] ਦੋ ਪੜ੍ਹਨ ਲਾਹੌਰ ਪਏ
ਪੜ੍ਹ ਲੇਟ ਹੋਏ
ਬੋਹੜ ਆਖਣ ਅਸਾਂ ਆਪ ਕਾਨੀਆਂ
ਆਪੋਂ ਘੜ ਕਤ ਲਾਅ ਅਸਾਂ ਮੁੜ ਲਿਖਣੀ ਬਾਰ ਦੀ ਵਾਰ
ਕੈਦ ਇਕ ਮੁਲਕੋਂ ਬਾਹਰ ਹੋਇਆ
ਦੂਵਾ ਚੜ੍ਹ ਸੂਲੀ ਗਿਆ
ਪਿਛਲੇ ਉਨ੍ਹਾਂ ਦੇ ਲੈ ਗਿਆ ਸੰਨ ਸੰਤਾਲ਼ੀ ਓਧਰ
ਪਿਨਸ਼ਨ ਲੈ ਅਸਾਂ ਏਧਰ ਚਿਲਮ ਭਖਾਈ
ਜ਼ਹਿਰ ਕਹਿਰ ਵਲੋਂ ਰਹੇ ਹੁਸ਼ਿਆਰ ਨਿੱਤ ਪੜ੍ਹ ਅਖ਼ਬਾਰਾਂ,
ਘਤ ਚੂੰਢੀ ਨਸਵਾਰ।

=

1. ਭਗਤ ਸਿੰਘ ਤੇ ਉਸਦਾ ਚਾਚਾ ਅਜੀਤ ਸਿੰਘ

# ਕਿਤਾਬ : ਸਰਦਲ
(2016 ਸ. 95–107)

**ਦੋ ਭਗਤ ਪਉੜੀਆਂ**

ਵਾਸਿ ਸੁਵਾਸੁ ਨਿਵਾਸੁ ਕਰਿ ਸਿੰਮਲਿ ਗੁਰਮੁਖਿ ਸੁਖ ਫਲ ਲਾਏ ॥
ਸੋਇਨਾ ਹੋਇ ਮਨੂਰੁ ਮਲੁ ਕਾਗਹੁ ਪਰਮ ਹੰਸੁ ਕਰਵਾਏ ॥
ਪਸੂ ਪਰੇਤਹੁ ਦੇਵ ਕਰਿ ਸਤਿਗੁਰ ਦੇਵ ਸੇਵ ਭੈ ਪਾਏ॥
ਸਭ ਨਿਧਾਨ ਰਖਿ ਸੰਖ ਵਿਚਿ ਹਰਿ ਜੀ ਲੈ ਲੈ ਹਥਿ ਵਜਾਏ ॥
ਪਤਿਤ ਉਧਾਰਣੁ ਆਖੀਐ ਭਗਤਿ ਵਛਲ ਹੋ ਇਹ ਆਪੁ ਛਲਾਏ ॥
ਗੁਣ ਕੀਤੇ ਗੁਣ ਕਰੇ ਜਗੁ ਅਵਗੁਣ ਕੀਤੇ ਗੁਣ ਗੁਰ ਭਾਏ ॥
ਪਰਉਪਕਾਰੀ ਜਗ ਵਿਚਿ ਆਏ॥

(ਭਾਈ ਗੁਰਦਾਸ, ਵਾਰ ੨੮,ਪਉੜੀ ੧੧)

ਮੁਗ਼ਲ ਰਾਜ ਦੀ ਸਿਖਰ ਹੈ।ਅਕਬਰ ਜਹਾਂਗੀਰ ਸ਼ਾਹਜਹਾਨ ਦਾ ਵਾਰਾ।

ਏਸ ਵੇਲੇ ਭਾਈ ਗੁਰਦਾਸ ਇਕ ਨਵੀਂ ਉਸਰਦੀ ਜੂੜੀ (ਪਾਰਟੀ) ਦੀ ਸ਼ਨਾਖ਼ਤ ਪਏ ਕਰਵੇਂਦੇ ਨੇਂ।

ਅਸਾਂ ਸਿੰਮਲਿ ਸਾਂ।ਅੱਫਲ।ਵਿਖਾਲੇ ਦੇ ਫੁਲੇਰੇ।ਹੁਣ ਅਸਾਂ ਆਪ ਸੁਖ ਫਲ ਥਏ ਹਾਂ। ਅਸਾਂ ਮੱਲ ਵਿਹਾਰ ਦੇ ਜਾਏ ਨਵੀਂ ਜੂਨੇ ਆਏ ਹਾਂ। ਆਪਣੀ ਨਵੀਂ ਵਿਚਾਰ ਲੀਹ ਤੇ ਲਗ ਕੇ ਨਵੇਂ ਜੁੜਤੇ ਜੁੜ ਕੇ। ਨਵੇਂ ਜੀਵਨ ਦੀ ਸੁਗੰਧ ਸਾਡਾ ਵਾਸਾ ਹੈ, ਸਾਡਾ ਸਾਹ ਹੈ।

ਜਿਹੜੀ ਮੈਲ ਮਲ ਵਿਹਾਰੀ ਸ਼ਾਹੀ ਦੀਆਂ ਤਲਵਾਰਾਂ ਘੜਨ ਵਿਚ ਲੋਹਿਓਂ ਲਹਿੰਦੀ ਏ ਉਹ ਸਾਂ ਅਸਾਂ । ਆਪਣੇ ਆਪ ਨੂੰ ਦਬਾਵਣ ਵਾਲੀ ਤਾਕਤ ਨੂੰ ਤਰਿੱਖਾ ਕਰਨ ਦਾ ਵਸੀਲਾ ਬਣੇ ਹੋਏ ਸਾਂ। ਸਾਡੀ ਓਹਾ ਹਸਤੀ ਓਹਾ ਲੋਹਾ ਮੈਲ਼ ਸੋਨਾ ਹੋ ਗਈ ਏ।ਕਾਗ ਸਾਂ ਅਸਾਂ ਮਾਲਕੀ ਵਾਨਾਂ ਲੇਖੇ, ਪਸ਼ੂ, ਬਦਰੂਹ, ਗੁਨਾਹੀ ਦੋਸੀ, ਰੱਦੇ ਕੱਢੇ, ਭਿੱਟੇ। ਪਾਕਾਂ ਨੂੰ ਪਲੀਤਨ ਵਾਲੇ। ਅਸਾਂ ਆਪਣਾ ਆਪ ਉਧਾਰਿਆ1 ਹੈ। ਅਸਾਂ ਕਾਗੋਂ ਹੰਸ ਹੋਏ ਹਾਂ।

ਮੁਰਦਾ ਜਨਾਵਰ ਜੂਨੋਂ ਨਿਕਲ਼ ਕੇ ਆਪ ਕਰਤਾਰ ਹੋਏ ਹਾਂ, ਉਹ ਕਰਤਾਰ ਜਿਹਨਾਂ ਦੇ ਅੰਦਰ ਸੇਵਾ ਦਾ ਭੈ ਹੈ। ਭੈ ਰੰਗ ਵੀ ਹੋ ਸਕਦਾ ਏ ਤੇ ਡਰ ਵੀ। ਪਰ ਦਬਕਾਵਣ ਵਾਲਾ ਡਰ ਨਹੀਂ।ਇਹ ਭੈ ਅਚੰਭਾ ਹੈ ਕੁਦਰਤ ਦੇ ਪਸਾਰ ਨੂੰ ਵੇਖਣ ਦਾ। ਕੁਦਰਤ ਦਾ ਪਸਾਰ ਸੇਵਾ ਸਿਰ ਉਸਰਿਆ ਹੈ।

ਇਕ ਜੀਅ ਦਾ ਦੂਜੇ ਜੀ ਦਾ ਜੀਵਨ ਬਣਨ। ਇਕ ਦਾ ਦੂਜੇ ਨੂੰ ਜਵਾਲ ਕੇ ਕੁਲ ਦੀ ਸੰਭਾਲ਼ ਕਰਣ। ਸੇਵਾ ਸੇਵਣ ਹੈ ਨਵੀਆਂ ਜੂਨਾਂ ਸਿਰਜਣ ਲਈ।

ਅਸਾਂ ਹੁਣ ਸੰਖੇ ਹਾਂ ਕੁਲ ਦੇ ਸਮੁੰਦਰੋਂ ਨਿਕਲਿਆ। ਇਹ ਸਾਡੀ ਵਾਜੇ ਹੈ, ਸਾਡਾ ਸੁਰ, ਕੁਲ ਜੀਆ ਜੂਨ ਨੂੰ ਦਿਤਾ ਸਦ। ਏਸੇ ਸੰਖ ਵਿਚ ਕੁਲ ਖ਼ਜ਼ਾਨੇ ਹਨ, ਅਸੰਖ। ਸਾਡੇ ਵਿਚੋਂ ਹਰ ਜੀ ਇਹਦਾ ਵਜਰੀ ਹੈ ਚਾਈਂ ਚਾਈਂ ਪਿਆ ਵਜੇਂਦਾ ਏ ਇਹਨੂੰ।

ਅਸਾਂ ਪਰਉਪਕਾਰੀ ਹਾਂ।ਪਰਾਇਆਂ ਲਈ ਓਪਰਿਆਂ ਲਈ ਵੈਰੀਆਂ ਲਈ ਮੁਢਲੀ ਕਾਰ ਕਰ, ਆਪਣਾ ਸੁਖ ਫਲ ਉਨ੍ਹਾਂ ਨੂੰ ਚਿਖਾਵਣ ਜਗ ਵਿਚ ਆਏ ਹਾਂ।ਜਗ ਨੂੰ ਅਸਲੋਂ ਉੱਥਲ ਕੇ ਨਵਾਂ ਕਰਣ ਲਈ। ਉਪਰ ਵਿੰਨ੍ਹਿਆਂ ਨੂੰ ਆਪਣਾ ਕਰਣ ਲਈ।

ਪਉੜੀ ਦਾ ਤੱਤ "ਭਗਤ" ਲਫ਼ਜ਼ ਵਿਚ ਹੈ। ਭਗਤ ਦੇ ਭੇਤ ਵਿਚ। ਭਗਤ ਦਾ ਮਤਲਬ ਅਰਥਾਵਲੀਆਂ ਓਹਾ ਕਰੇਂਦੀਆਂ ਨੇਂ ਜੋ ਆਮ ਹੁੰਦਾ ਆਇਆ ਹੈ। ਰੱਬ ਦੇ ਇਸ਼ਕ ਵਿਚ ਲੀਨ ਹੋਵਣ ਵਾਲੇ।ਪਰ ਪਹਿਲਾਂ ਇਕ ਹੋਰ ਮਤਲਬ ਕਰ ਕੇ। ਉਹ ਮਤਲਬ ਹੈ ਵੰਡ, ਅੰਨ ਦੀ ਵੰਡ, ਰਿਜ਼ਕ ਦੀ ਵੰਡ। ਭਗਤ ਲਫ਼ਜ਼ ਦਾ ਮੂਲ ਅਰਥਾਵਲੀਆਂ ਆਪ ਦਸੇਂਦੀਆਂ ਨੇ" ਭਜ"। ਭਜ ਕੇ, ਟੋਟੇ ਹੋ ਕੇ ਵੰਡੀਵਣ ਹੈ ਭਗਤੀ। ਕੀ ਇਹ ਉਸ ਲੱਖਾਂ ਵਰ੍ਹੇ ਮਾਣੀ ਸਾਂਝੀ ਉਪਜ ਦੀ ਸਵਾਹਰੀ ਵੰਡ ਦਾ ਚੇਤਾ ਹੈ ਜਿਹੜਾ ਕਰਣਹਾਰਾਂ ਕਮੀਆਂ ਦੇ ਅਚੇਤ ਵਿਚ ਬੈਠਾ ਉਨ੍ਹਾਂ ਨੂੰ ਟੁੰਬਦਾ ਹੈ। ਸਾਂਝੀ ਵੰਡ ਦਾ ਸੀਰ ਵਛਲਿ (ਪਿਆਰ) ਬਣ ਕੇ ਮਿਲਦਾ ਹੈ ਸਾਨੂੰ । "ਵਛਲਿ" ਦੇ ਅੰਦਰ ਇਸ਼ਕ ਵਾਲਾ ਛਲ ਲੁਕੀ ਬੈਠਾ ਏ, ਠੱਗਾਂ ਦਾ ਠੱਗ। ਇਹਨੇ ਸਾਡੀ ਨਿਜ ਮਾਲਕੀ ਦੇ ਵਰਤਾਰੇ ਦੀ ਬਣਾਈ ਸੂਰਤ ਨੂੰ ਛਲਿਆ ਹੈ।ਇਹ ਉਨ੍ਹਾਂ ਈ ਕਰਣਹਾਰਾਂ ਕਮੀਆਂ ਦੀ ਵਾਜ਼ ਹੈ, ਜੁਲਾਹਿਆਂ ਚਮਿਆਰਾਂ ਦੀ ਜਿਹੜੇ ਨਾਮਦੇਵ ਕਬੀਰ ਰਵੀਦਾਸ ਹੁਸੈਨ ਹੋ ਸਵਾਹਰੀ ਵੰਡ ਦਾ ਸੰਖ ਸੁਨਾਵਣ ਆਏ ਖ਼ਲਕ ਨੂੰ ।

ਵਿਹਾਰ ਪੜ੍ਹਾਏ ਵਾਰਕਾਰਾਂ ਭਗਤ ਲਫ਼ਜ਼ ਵਿਚੋਂ ਰਿਜ਼ਕ ਵੰਡ ਵਾਲੇ ਅਰਥ ਕੱਢ ਦਿੱਤੇ। ਢੇਰ ਲਿਖਿਆ ਗਿਆ ਕਬੀਰ ਤੇ ਰਵੀਦਾਸ ਦੇ ਨੀਚ ਜਾਤ ਹੋਵਣ ਬਾਰੇ, ਉਨ੍ਹਾਂ ਦੀ ਸ਼ਾਇਰੀ ਵਿਚ ਆਈ ਜਾਤੀ ਵੰਡ ਦੀ ਪਰਚੋਲ ਬਾਰੇ। ਪਰ ਆਮ ਪੜ੍ਹਿਆਰ ਲਈ ਉਨ੍ਹਾਂ ਦੀ ਭਗਤੀ ਰਿਜ਼ਕ ਦੀ ਉਪਜ ਤੇ ਵੰਡ ਦੇ ਸਵਾਲ ਨਾਲੋਂ ਵਿਜੋਗੀ ਰੱਬ ਪੂਜਾ ਈ ਰਹੀ। ਵਾਰਕਾਰਾਂ ਭਗਤੀ ਲਹਿਰ ਦੇ ਮੁੱਢ ਤੇ ਉਭਾਰ ਬਾਰੇ ਜੋ ਖੋਜ ਪਰਚੋਲ ਕਰ ਵਿਖਾਈ ਓਸ ਪਾਰੋਂ ਕਬੀਰ ਤੇ ਰਵੀਦਾਸ ਤੇ ਹੋਰ ਘਣਿਆਂ ਜੋੜਕਾਰਾਂ ਦਾ ਕੰਮ ਬੰਦੇ ਦੀ ਵਾਰ ਦੇ ਅੰਦਰ ਪਸਰੇ ਮੇਲ਼ ਵੰਡ ਤੇ ਮੇਲ ਘੋਲ਼ ਦੀ ਕੀਤੀ ਵਰਤੀ

ਵਿਚੋਂ ਮਲ ਵਿਹਾਰ ਦੀ ਮੁਢਲੀ ਪਰਖ ਪਰਚੋਲ ਵਿਚੋਂ ਜੰਮਿਆ, ਕੰਮ ਨਾ ਰਿਹਾ। ਇਹ ਇਕ ਖ਼ਾਸ ਰੰਗ ਦੀਆਂ ਸੂਝਵਾਨਾਂ ਦੀ ਚਲਾਈ ਵਸੇਬ ਸੁਧਾਰ ਦੀ ਲਹਿਰ ਬਣ ਗਿਆ। ਭਗਤ ਲਫ਼ਜ਼ ਦਾ ਮੂਲ ਰਿਜ਼ਕ ਵੰਡ ਦਸੇਂਦਾ ਹੈ ਜੋ ਕਬੀਰ ਤੇ ਰਵੀਦਾਸ ਵਰਗਿਆਂ ਦੀ ਕਰਨੀ ਕੋਈ ਵਿਰਲੀ ਵੱਖਰੀ ਲਹਿਰ ਨਹੀਂ।ਇਹ ਅੰਗ ਹੈ ਓਸ ਹਜ਼ਾਰਾਂ ਵਰ੍ਹਿਆਂ ਤੋਂ ਵਗਦੇ ਵੈਹਣ ਦਾ ਜਿਹੜਾ ਤਦੋਕਾ ਹੈ ਜਦੋਕੀ ਮੇਲ਼ ਵੰਡ ਹੈ ਬੰਦੇ ਦੀ ਵਰਤਣ ਵਿਚ। ਜਦੋਂ ਮਲ ਵਾਣੀ ਦੇ ਜਹਾਜ਼ ਖ਼ਲਕ ਦੇ ਸਾਂਝੇ ਰਿਜ਼ਕ ਸਮੁੰਦਰ ਉਤੇ ਕਬਜ਼ੇ ਲਈ ਧਾਏ, ਸਾਂਝੀ ਉਪਜ ਦਾ ਫਲ ਨਿਜ ਮਾਲਕੀ ਦੇ ਭੰਡਾਰ ਵਿਚ ਜਮ੍ਹਾਂ ਹੋਵਣ ਲਗ ਪਿਆ ਤਾਂ ਭੁੱਖ ਤੇ ਵਿਜੋਗ ਦੀ ਵਰਤਣ ਤੋਂ ਖ਼ਲਕ ਦੇ ਇਨਕਾਰ ਦਾ ਤੇ ਇਹਨੂੰ ਉਲਟਾਵਣ ਦੇ ਇਕਰਾਰ ਦਾ ਸੰਖ ਵਜਣ ਲਗਾ। ਭਗਤੀ ਦਾ ਸਾਂਝੀ ਕਿਰਤ ਵੰਡ ਦਾ ਚੇਤਾ ਈ ਭਜਨ ਬਣ ਕੇ ਸੁਰ ਸ਼ਬਦ ਵਿਚ ਲੱਥਾ। ਇਸ ਪੁਰਾਣੇ ਮੁਢਲੇ ਭੋਗ ਦਾ ਚਿਤਾਰਨ ਈ ਵੇਲੇ ਦੇ ਨਾ਼ਲ ਨਾ਼ਲ ਨਵੇਂ ਸੁ ਨਵੇਂ ਰੰਗ ਵਟੇਂਦਾ ਸੁਭੋਗ ਬਣਦਾ ਆਇਆ। ਖ਼ਲਕ ਦੇ ਮਨ ਵਿਚ ਸਹਿਜ ਵਾਜ਼ ਨੂੰ ਨਵਿਆਂ ਕਰਣ ਦੀ ਆਸ ਨੂੰ ਮਰ ਜੀਵਨ ਦੀ ਤਾਂਘ ਇਸੇ ਭਗਤੀ ਨੇ ਬਣਾਇਆ।

ਜਦੋਂ ਭਗਤੀ ਵਿਚੋਂ ਰਿਜ਼ਕ ਵੰਡ ਵਾਲਾ ਅਰਥ ਕਢੀਜ ਗਿਆ। ਤੇ ਪਿਛੇ ਰਸਮ ਰਵਾਜੀ ਫੋਕ ਰਹਿ ਗਿਆ। ਕੁਝ ਹੋਰ ਬਣ ਵਖਾਵਣ ਵਾਲੇ ਬਹਿਰੂਪੀਏ ਭਗਤ ਅਖਵਾਵਣ ਲਗੇ। ਤਾਂ ਇਕ ਲੱਤ ਤੇ ਖਲੋ ਮੱਛੀ ਤਾੜਦਾ ਬਗਲਾ ਵੀ ਭਗਤ ਬਣਿਆ, ਤੇ ਰਸਮ ਰਵਾਜੀ ਪੂਜਾ ਦੇ ਪ੍ਰਚਾਰੀ ਮਹਿੰਗੀਆਂ ਟਿਕਟਾਂ ਵੇਚ ਵੇਚ ਕੇ ਲੋਕਾਈ ਨੂੰ ਉਹਦੀ ਭਗਤੀ ਦੇ ਜਲਵੇ ਵਖੇਂਦੇ ਆਏ।

ਆਓ ਇਕ ਹੋਰ ਗੁਰਦਾਸੀ ਭਗਤ ਪਉੜੀ ਭੋਗੀਏ।

ਸਹਸ ਸਿਆਣਪ ਲਖ ਕੰਮਿ ਨਾ ਆਵਹੀ ॥
ਗਿਆਨ ਧਿਆਨ ਉਨਮਾਨੁ ਅੰਤੁ ਨ ਪਾਵਹੀ ॥
ਲਖ ਸਸੀਅਰ ਲਖ ਧਾਨੁ ਅਹਿਨਿਸਿ ਧਯਾਵਹੀ ॥
ਲਖ ਪਰਕਿਰਤਿ ਪਰਾਣ ਕਰਮ ਕਮਾਵਹੀ ॥
ਲਖ ਲਖ ਗਰਬ ਗੁਮਾਨ ਲਜ ਲਜਾਵਹੀ ॥
ਲਖ ਲਖ ਦੀਨ ਈਮਾਨ ਤਾੜੀ ਲਾਵਹੀ ॥
ਭਾਉ ਭਗਤਿ ਭਗਵਾਨ ਸਚ ਸਮਾਵਹੀ ॥7॥

(ਭਾਈ ਗੁਰਦਾਸ, ਵਾਰ ੨੧, ਪਉੜੀ ੭)

ਇਹ ਕੋਈ ਐਲਾਨ ਬਿਆਨ ਏ? ਲਗਦਾ ਤੇ ਹੈ। ਜੇ ਹੈ ਤਾਂ ਇਹਦਾ ਖ਼ੁਲਾਸਾ ਕਰਣ ਵਿਚ ਕਿਹੜਾ ਚਿਰ ਲਗਣਾਏ।

ਲੱਖ ਹਜ਼ਾਰ ਅਕਲਾਂ ਸਮਝਾਂ ਕਿਸੇ ਕੰਮ ਨਹੀਂ ਆਉਂਦੀਆਂ।ਇਲਮ ਵਿਚਾਰ ਦਲੀਲਾਂ ਥਿਊਰੀਆਂ ਅਸਲ ਮਕਸਦ ਤਾਈਂ ਨਹੀਂ ਅੱਪੜਦੀਆਂ।ਲੱਖ ਚੰਦ ਸੂਰਜ ਰਾਤ ਦਿਨੇ ਪਏ ਚੜ੍ਹਦੇ ਨੇਂ।ਦੁਨੀਆ ਦਾ ਕੰਮ ਚਲਾਵਣ ਵਾਲੇ ਬੇਸ਼ੁਮਾਰ ਲੋਕ ਆਪਣਾ ਫ਼ਰਜ਼ ਪੂਰਾ ਕੀਤੀ ਆਉਂਦੇ ਨੇਂ।ਬੇਹਿਸਾਬ ਗ਼ਰੂਰ ਤੇ ਹੰਕਾਰ ਅਣਗਿਣਤ ਸਿਰ ਨੀਵੇਂ ਪਿਆ ਕਰੇਂਦਾ ਏ।ਇਕ ਦਿਲੋਂ ਕੀਤੀ ਬੰਦਗੀ ਈ ਹੈ ਜਿਹਦੇ ਵਿਚ ਅਸਲ ਹਕੀਕਤ ਸਮਾਉਂਦੀ ਏ। ਲਓ ਜੀ ਥੀ ਗਿਆ। ਸਰਲ (ਨਸਰ) ਦੀ ਸਰਲ ਤੇ ਖ਼ੁਲਾਸੇ ਦਾ ਖ਼ੁਲਾਸਾ।ਪਰ ਲਿਖਤ ਨੂੰ ਮੁੜ ਗੋਲੋ ਮਤੇ ਇਹ ਐਲਾਨ ਬਿਆਨ ਹੋਵੇ ਈ ਨਾ। ਜੋੜ ਹੋਵੇ। ਸ਼ਾਇਰੀ। ਤੁਕਬੰਦ ਹੋਵਣ ਪਾਰੋਂ ਨਹੀਂ (ਤੁਕਬੰਦ ਐਲਾਨਾਂ ਬਿਆਨਾਂ ਦਾ ਕਿਹੜਾ ਘਾਟਾ ਏ)। ਐਲਾਨ ਬਿਆਨ ਵਿਚ ਤੇ ਜੋੜ ਵਿਚ ਮੁਢਲੇ ਨਖੇੜ ਨੇਂ ।ਇਕ ਤੇ ਇਹੋ ਜੋ ਐਲਾਨ ਬਿਆਨ ਵਿਚ ਲਫ਼ਜ਼ਾਂ ਨੂੰ ਪੇਟੀ ਬੰਦ ਕਰ ਖਲ੍ਹਾਰਦੇ ਨੇਂ ਐਲਾਨੀ ਬਿਆਨੀ, ਤੇ ਆਪ ਹਥਿਆਰਬੰਦ ਹੋ ਕੇ ਉਨ੍ਹਾਂ ਦੇ ਮੋਢਿਆਂ ਤੇ ਚੜ੍ਹ ਬਹਿੰਦੇ ਨੇਂ।ਲਫ਼ਜ਼ਾਂ ਦਾ ਕੰਮ ਹੁੰਦਾ ਏ ਕਹੇਂ ਕੂ ਸਲੂਟ ਤੇ ਕਹੇਂ ਕੂ ਗੋਲੀ।(ਵਿਚ ਵਿਚ ਭੁੱਲ ਕੇ ਸਲੂਟ ਦੀ ਥਾਂ ਗੋਲੀ ਤੇ ਗੋਲੀ ਦੀ ਥਾਂ ਸਲੂਟ ਵੀ ਵਜ ਵੈਂਦਾ ਏ) ਜੋੜ ਲਫ਼ਜ਼ਾਂ ਦੇ ਪੇਟੇ ਪੇਟੀਆਂ ਲਾਹ ਕੇ ਉਨ੍ਹਾਂ ਨੂੰ ਆਜ਼ਾਦ ਕਰੇਂਦਾ ਏ। ਯਾ ਆਖੋ ਲਫ਼ਜ਼ਾਂ ਦਾ ਖੁੱਲ ਮਾਣ ਕੇ ਆਪੋ ਵਿਚ ਰੰਗ ਰੰਗ ਦੀਆਂ ਜੜਤਾਂ ਅਜੁੜਤਾਂ ਭਾਲਣ ਦੀ ਖੇਡ ਖੇਡਣ ਈ ਜੋੜ ਏ।

ਹੁਣ ਇਸੇ ਗੁਰਦਾਸੀ ਪਉੜੀ ਵਿਚ ਈ ਵੇਖੋ, "ਸਹਸ" ਬੇਸ਼ੁਮਾਰ ਤੇ ਹੈ ਈ। ਪਰ ਜਿੱਤ ਵੀ ਹੈ, ਕਹੇਂ ਕੂ ਹਰਾ ਕੇ ਘਿਦੀ ਜਿੱਤ। ਸਹਸ ਤਾਕਤ ਵੀ ਹੈ। ਜਿੱਤ ਰਾਹੀਂ ਲਿਤੀ ਤਾਕਤ ਯਾਂ ਤਾਕਤ ਰਾਹੀਂ ਪਾਈ ਜਿੱਤ। ਖ਼ੁਸ਼ੀ ਵੀ ਹੈ। ਜਿੱਤ ਦੀ, ਜ਼ੋਰ ਦੀ ਖ਼ੁਸ਼ੀ, ਦੂਜੇ ਨੂੰ ਨੀਵਿਆਂ ਕਰ ਕੇ ਆਪ ਉੱਚਾ ਹੋਵਣ ਦੀ ਖ਼ੁਸ਼ੀ? ਸਿਆਣਪ ਤਾਂ ਹੋਈ ਦਾਨੇ ਬੀਨੇ ਹੋਵਣ। ਪਰ ਇਹ ਕਿਹਾ ਦਾਨੇ ਬੀਨੇ ਹੋਵਣ ਏ ਜਿਹੜਾ ਕਿਸੇ ਕੰਮ ਈ ਨਹੀਂ ਪਿਆ ਆਉਂਦਾ।

ਸਿਆਣਪ ਵੀ ਇਕ ਨਹੀਂ ਹਜ਼ਾਰਾਂ ਸਿਆਣਪਾਂ ਨੇਂ ਨਿਤ ਨਿਕੰਮੀਆਂ। ਕੀ ਇਹ ਸਿਆਣਪਾਂ ਇਕ ਦੂਜੀ ਨੂੰ ਥੱਲੇ ਲਾਵਣ ਵਿਚ ਈ ਜੁੱਟੀਆਂ ਪਈਆਂ ਨੇਂ।ਇਸੇ ਭੈੜ ਵਿਚੋਂ ਜੰਮੀਆਂ ਪਲੀਆਂ ਨੇਂ।ਜੇ ਇੰਞ ਹੈ ਤਾਂ ਮਤੇ ਇਹ ਸਿਆਣਪਾਂ ਚਤੁਰਾਈਆਂ ਨੇਂ ਕਿ ਕੰਜੂਸੀਆਂ, ਆਪਣੀ ਜਿੱਤੀ ਮਲ ਨੂੰ ਜਮ੍ਹਾਂ ਜੋੜ ਕੇ ਹੋਰ ਵਧਾਵਣ ਦੇ ਮਸਾਲੇ ਪਕੇਂਦੀਆਂ ।

"ਲਖ" ਸੋ ਹਜ਼ਾਰ ਤਾਂ ਹੋਇਆ। ਅਣਗਿਣਤ ਵੀ। ਪਰ ਲਖ ਨਿਸ਼ਾਨ ਵੀ ਏ। ਨਿਰਾ ਨਿਸ਼ਾਨ। ਦਗ਼ਾ, ਅਸਲ ਦੇ ਲੁਕਾ ਦਾ ਬਹਾਨਾ। ਇਥੇ ਸਿਆਣਪ ਕੀ ਦਾਨੇ ਬੀਨੇ ਹੋਣ ਦਾ ਨਿਸ਼ਾਨ ਈ ਏ ਨਿਰਾ, ਸਿਆਣਪ ਦਾ ਪੈਂਤਰਾ ਈ। ਕੰਮ ਜਿਹੜਾ ਚਾਤੀ ਖਲੀਆਂ ਨੇਂ ਇਹ ਪੈਂਤਰੇ ਬਾਜ਼ ਸਿਆਣਪਾਂ ਉਹ ਕੰਮ ਤੇ ਹੈ ਈ ਕੋਈ ਨਹੀਂ।ਨਕੰਮ ਦਾ ਬਹਾਨਾ ਏ। ਜਾਣਕਾਰੀ ਨੀਝ ਵਿਚਾਰ, ਹਾਈ ਪੋਥੀਸਜ਼ (ਗਵੇੜ ਮਤੇ) ਤੇ ਥਿਊਰੀਆਂ (ਸੂਤਰ) ਅਸਲ ਮੁਦੇ ਨੂੰ ਨਹੀਂ ਪਾ ਸਕਦੀਆਂ।ਜੇ ਪਹਿਲੀ ਸਤਰ ਨਾਲ਼ ਜੋੜ ਪੜ੍ਹੋ ਤਾਂ ਸਹੀ ਥੀਂਦਾ ਏ ਜੋ ਇਹ ਗਿਆਨ ਧਿਆਣ ਉਨਮਾਨ ਅੰਤ ਨੂੰ ਪਾਵਣ ਦਾ ਆਹਰ ਨਹੀਂ ਅੰਤ ਨੂੰ ਵਲਾਵਣ ਦਾ ਬਹਾਨਾ ਨੇਂ।ਇਹ ਉਨ੍ਹਾਂ ਸਹਸ ਸਿਆਣਪਾਂ ਦੇ ਈ ਰੰਗ ਨੇਂ ਜਿਹੜੀਆਂ ਕਿਸੇ ਕੰਮ ਜੋਗੀਆਂ ਨਹੀਂ।ਬੇਹਿਸਾਬ ਚੰਦ ਸੂਰਜ ਸਵੇਰ ਸ਼ਾਮ ਦੌੜਾਂ ਪਏ ਲਾਉਂਦੇ ਨੇਂ ।ਕਿਸੇ ਕੰਮ ਲਈ ਕਿ ਨਕੰਮ ਲਈ? ਮਤੇ ਇਹ ਚੰਨ ਸੂਰਜ ਹੁਣ ਈ ਨਹੀਂ, ਲਖ ਈ ਨੀਂ, ਭਰਮ ਭੜ ਵੇਲੇ ਦਾ।ਇਹ ਵੇ਼ਲਾ ਮਤੇ ਉਹ ਵੇ਼ਲਾ ਏ ਜਿਹਨੂੰ ਗਿਆਨਾਂ ਧਿਆਨਾਂ ਉਨਮਾਨਾਂ ਵਾਲੇ ਜੱਫਾ ਮਾਰੀ ਬੈਠੇ ਨੇਂ ਆਪਣੇ ਨਕੰਮ ਵਿਚ ਡਾਹੁਣ ਲਈ। ਇਹ ਚੰਨ ਸੂਰਜ ਦੀ ਦੌੜ ਮਤਾਂ ਚੰਦਰ ਬੰਸੀਆਂ ਸੂਰਜ ਬੰਸੀਆਂ ਦਾ ਲਹਾ ਚੜ੍ਹਾ ਈ ਨਹੀਂ? ਸ਼ਾਹਾਂ ਰਾਜਿਆਂ, ਮੀਰਾਂ, ਵਜ਼ੀਰਾਂ ਦਾ ਨਿਕਲਣ ਡੁਬਣੈ ਇਹ ਲਖ ਵੇ਼ਲਾ ਚਾਲੂ ਵਿਹਾਰੀ ਘੜਿਆਲ ਦਾ ਖੜਕਾਅ ਈ ਨਹੀ?

ਪਰ ਇਹ ਨਕਮ ਕੀ ਏ। ਅਗਲੀ ਸਤਰ ਮਤੇ ਕਰੇਂਦੀ ਏ ਵੇਰਵਾ:

ਲਖ ਪਰਕਿਰਤ ਪਰਾਣ ਕਰਮ ਕਮਾਵਹੀ॥

(ਭਾਈ ਗੁਰਦਾਸ,ਵਾਰ ੨੧, ਪਉੜੀ ੭)

ਪਰਕਿਰਤ ਦਾ ਪੁਰਾਣਾ ਮਤਲਬ ਹੈ ਮੁਢਲੀ ਕੀਤੀ, ਕੁਦਰਤ ਦੀ ਬਣਾਈ ਅਸਲ ਦੇਹਲ ਹੋਂਦ। ਇਹ ਜਹਾਨ ਇਹਦਾ ਜੀਵਨ ਜਿਵੇਂ ਉਹ ਕੁਦਰਤ ਨੇ ਸਾਜਿਆ ਹਾ। ਇਹੋ ਮਤਲਬ ਮਾਇਆ ਦਾ ਵੀ ਹੈ। ਪਰ ਇਹ ਦੋਏ ਲਫ਼ਜ਼ ਵੇਲੇ ਨਾ਼ਲ ਵਾਰ ਦੀ ਚਾਲ ਨਾ਼ਲ ਆਪਣੇ ਅਰਥ ਵਟੇਂਦੇ ਗਏ। ਲਫ਼ਜ਼, ਬੋਲੀ ਦੀਆਂ ਬਣਤਰਾਂ ਵਾਰ ਦੀ ਘਾੜ ਨੇਂ।ਵਾਰ ਦੇ ਵੱਟਦੇ ਰੰਗ, ਜੀਵਨ ਵੱਸਣ ਦੇ ਉਪਾਵਣ ਹੰਢਾਵਣ ਦੇ ਨਵੇਂ ਵਸੀਲੇ, ਜੀਵਨ ਦੇ ਆਹਰ ਵਿਚ ਬੰਦਿਆਂ ਦੀ ਨਿਤ ਬਦਲਦੀ ਵਾਹ ਵਰਤਣ, ਇਹ ਸਭ ਕੁਝ ਲਫ਼ਜ਼ਾਂ ਵਿਚ ਢੱਲ ਕੇ ਉਨ੍ਹਾਂ ਨੂੰ ਹੋਰੋਂ ਹੋਰ ਕੀਤੀ ਆਉਂਦਾ ਏ। ਜੋੜ ਦਾ ਕੰਮ ਇਹ ਵੀ ਹੈ ਜੋ ਉਹ ਲਫ਼ਜ਼ਾਂ ਦਿਆਂ ਵਟਦਿਆਂ ਰੂਪਾਂ ਦੀ, ਉਨ੍ਹਾਂ ਦੇ ਬਦਲਦਿਆਂ ਅਰਥਾਂ ਦੀ ਕਹਾਣੀ ਵੀ ਖ਼ਲਕ ਨੂੰ ਖੇਡ ਵਿਖਾਏ। ਤੇ ਏਸ

ਖੇਡ ਰਾਹੀਂ ਚੇਤਿਓਂ ਵਿਸਰੀ ਵਾਪਰ ਜਗਾ ਕੇ ਜਣੀ ਖਣੀ ਦੀ ਸੋਚ ਨੂੰ ਨਵੀਂ ਜਾਗ ਲਾਏ।

ਜਦੋਂ ਉਪਜਾਵਣਹਾਰ ਦੀ ਉਪਜ ਉਹਦੀ ਉਪਾਈ ਹੁੰਦਿਆਂ ਸੁੰਦਿਆਂ ਉਹਦੀ ਕਮਾਈ ਨਾ ਰਹੀ। ਉਹਦੀ ਪਾਲ਼ ਸਮਹਾਲ ਦਾ ਵਸੀਲਾ ਨਹੀਂ ਉਹਨੂੰ ਦਬੇਲਣ ਦਾ, ਛੰਡ ਭੰਡ ਕੇ ਝੂਰ ਮੌਝਾ ਕੇ ਬੇ-ਸਤ ਕਰਣ ਦਾ ਵਸੀਲਾ ਬਣ ਗਈ ਤਾਂ ਕੁਦਰਤ ਦੀ ਸਾਰੀ ਉਸਾਰੀ ਦੇਹਲ ਹੋਂਦ ਅਹੋਂਦ ਥੀ ਗਈ।ਪਰਕਿਰਤ ਉਹ ਅਸਲ ਹੈ ਜੋ ਬੇ ਅਸਲ ਹੋ ਗਿਆ। ਉਹ ਸੱਚ ਜੋ ਕੂੜ ਕਰ ਦਿਤਾ ਗਿਆ।ਪਰਕਿਰਤ ਨਕੰਮ ਹੈ।ਪਰਾਇਆ ਕੰਮ, ਉਪਰ ਕਮਾਈ। ਕਰਣਹਾਰ ਪੁਰਾਣੀ ਇਹੋ ਨਕਰਮ ਕਮਾਈ ਆਉਂਦੇ ਨੇਂ। ਜਜਮਾਨਾਂ ਦੀ ਸੇਵਾ ਰਾਹੀਂ ਆਪਣੀ ਰੁਖੀ ਸੁਕੀ ਦਾ ਢੋ ਬਣਾ ਕੇ। ਜਜਮਾਨਾਂ ਦਾ ਕਬਜ਼ਾ ਹੈ ਭੋਏਂ ਭਾਂਡੇ ਤੇ। ਉਹ ਖ਼ਲਕ ਦੀ ਕਰਨੀ ਨੂੰ ਨਕਰਮ ਬਣਾ ਕੇ ਆਪਣਾ ਨਿਜ ਭੰਡਾਰ ਭਰੀ ਆਉਂਦੇ ਨੇਂ । ਪਰ ਉਨ੍ਹਾਂ ਨੂੰ ਇਹ ਸਾਰ ਨਹੀਂ ਜੋ ਇਹ ਨਕਰਮ ਉਨ੍ਹਾਂ ਦੀ ਆਪਣੀ ਅਸਲ ਨੂੰ ਵੀ ਬੇ-ਅਸਲ ਪਿਆ ਕਰੇਂਦਾ ਏ। ਪ੍ਰਾਣ ਸਾਹ ਹੈ, ਜਿਊਂਦਾ ਜੀ। ਪਰ ਪ੍ਰਾਣ ਗੁੰਮ ਹੋਵਣ ਵੀ ਹੈ। ਮੂੰਹ ਮੋੜਨ ਵੀ।ਪਰਕਿਰਤ ਹਸਤੀ ਦਾ ਮੂਲ ਹੈ ਏਸ ਮੂਲ ਦੇ ਜਾਏ ਗੁਣ ਵੀ ਪਰਕਿਰਤ ਹਨ।ਪਰ ਵੇਲੇ ਨਾ਼ਲ ਨਹੀਂ, ਕੁਵੇਲੇ ਨਾ਼ਲ, ਝੂਠਿਆਂ ਚੰਨ ਸੂਰਜਾਂ ਦੀ ਚੜ੍ਹਾਈ ਲਹਾਈ ਨਾ਼ਲ, ਪਰਕਿਰਤ ਮਲ ਵਿਹਾਰ ਦਾ ਲਖ ਬਣ ਗਈ ਏ। ਸੱਚ ਕੂੜ ਦਾ ਨਿਸ਼ਾਨ ਬਣ ਗਿਆ ਏ। ਬੇਹਿਸਾਬੀ ਮੈਂ, ਕੁਲ ਨਾਲੋਂ ਵੱਖ ਹੋਈਆਂ ਅਹੋਂਦੀਆਂ ਦੀ ਆਕੜ ਅਸਲੋਂ ਮੌਤ ਵਾਲਾ ਅਕੜਾਅ ਹੈ। ਪਰ ਇਹ ਲਖਾਂ ਨੂੰ ਲਜਾਉਂਦਾ ਹੈ। ਉਨ੍ਹਾਂ ਉਤੇ ਹੁਕਮ ਕਮਾਉਂਦਾ ਹੈ, ਉਨ੍ਹਾਂ ਦੇ ਸਿਰ ਨਿਵਾਉਂਦਾ ਹੈ। ਪਰ ਇਹ ਲਜਾਵਣ ਵੀ ਲਖ ਹੈ। ਲਜਾਵਨਿ ਵਿਚ ਜਿਹੜੀ ਲਿਫ਼ ਲਚਕ ਹੈ ਉਹ ਅਕੜਾਅ ਦਾ ਉਲਟ ਹੈ। ਉਹ ਨੀਵਿਆਂ ਸਿਰਾਂ ਨੂੰ ਜੋੜ ਵੀ ਸਕਦੀ ਏ, ਆਕੜ ਨੂੰ ਉਲਟਾਵਣ ਲਈ।

ਇਹ ਲੱਖ ਲੱਖ ਦੀਨ ਈਮਾਨ ਕੀ ਨੇਂ । ਜਿਹੜੇ ਤਾੜੀ ਲਾਈ ਖਲੇ ਨੇਂ।ਤਾੜੀ ਚਿੱਲੇ ਸਮਾਧਾਂ ਵੀ ਨੇਂ।ਤੇ ਤਾੜੀ ਡੱਕਣ ਕੁੱਟਣ ਵੀ ਏ। ਤਾੜੀ ਵਾਹ ਵਾਹ ਲਈ ਵੀ ਲਗਦੀ ਏ ਤੇ ਓਏ ਓਏ ਲਈ ਵੀ।ਕਿਹੜੀ ਤਾੜੀ ਹੈ ਇਹ।ਕੀ ਇਹ ਲੱਖਾਂ ਰੰਗਾਂ ਦੇ ਦੀਨ ਈਮਾਨ ਨਿਰਾ ਲਖ ਈ ਨੀਂ, ਧਰੋ ਨੂੰ ਜਾਇਜ਼ ਕਰਣ ਲਈ, ਨਕਮ ਨੂੰ ਕਰਮ ਬਣਾਵਣ ਲਈ।ਪਉੜੀ ਦਾ ਰਹਾਉ ਭਾਓ ਭਗਤ ਦੀ ਗੱਲ ਕਰੇਂਦਾ ਏ। ਪਿਆਰ ਨਾ਼ਲ ਸਹਿਜ ਸਭਾ ਕੀਤੀ ਵੰਡ ਦੀ ਗੱਲ। ਭਾਓ ਭਗਤ ਕੋਈ ਅਚਰਜ ਕਰਨੀ ਨਾ ਆਹੀ ਪੁਰਾਣਿਆਂ ਵਾਰਿਆਂ ਵਿਚ, ਜਦੋਂ ਨਿੱਕੀਆਂ ਨਿੱਕੀਆਂ

ਰਲ ਵਸਦੀਆਂ ਢਾਣੀਆਂ ਰੁਖਾਂ ਤੋਂ ਫਲ ਪੱਤਰ ਚੁਗੇਂਦੀਆਂ ਆਹੀਆਂ ਰਿਜ਼ਕ ਲਈ। ਇਹ ਸਾਂਝੀ ਕਾਰ ਆਹੀ ਤੇ ਸਾਂਝੀ ਰਿਜ਼ਕ ਵੰਡ ਵੀ ਇਹਦਾ ਈ ਅੰਗ ਹਾ। ਸਾਰਿਆਂ ਦਾ ਕੀਤਾ ਇਕ ਥਾਂ ਢੇਰ ਹੋਣਾ ਤੇ ਢੇਰ ਨੂੰ ਸਾਰਿਆਂ ਰਲ ਵਰਤਣਾ। ਏਸ ਕੰਮ ਦਾ ਚੇਤਾ ਖ਼ਲਕ ਨੂੰ ਚਿਤਾਰਣ ਵਾਲੇ ਈ ਭਗਤ ਅਖਵਾਏ। ਸਾਂਝੀ ਵੰਡ ਦਾ ਦਿੱਤਾ ਭਾਗ (ਹਿੱਸਾ, ਸੀਰ, ਪਤੀ) ਕਰਣਹਾਰ ਨੂੰ ਭਾਗਵਾਨ ਬਣੇਂਦਾ ਹਾ। ਸੀਰੀ, ਭਿਆਲ਼। ਪਰ ਜਦੋਂ ਕਰਣਹਾਰ ਦਾ ਹਿੱਸਾ ਖੁਸ ਗਿਆ ਤਾਂ ਉਹਦੇ ਭਾਗ ਖੋਟੇ ਹੋ ਗਏ। ਉਹਦੀ ਕੀਤੀ ਅਤੇ ਮਲ ਮਾਰਣ ਵਾਲੇ ਭਗਵਾਨ ਹੋ ਗਏ, ਮਾਲਿਕ ਮੁਖ਼ਤਾਰ ਰੱਬ। ਪਉੜੀ ਦਾ ਰਹਾਉ ਉਨ੍ਹਾਂ ਦੀ ਭਗਵਾਨੀ ਨਹੀਂ ਮੰਨਦਾ। ਆਖਦਾ ਏ ਸਾਂਝੀ ਵੰਡ ਹੀ ਭਗਵਾਨ ਹੈ।

ਫਲ ਪੱਤਰ ਚੁਗ ਖਾਵਣ ਦਾ ਵਾਰਾ ਕੋਈ ਬਹਿਸ਼ਤ ਨਾ ਆਹਾ। ਰਿਜ਼ਕ ਦੀ ਸੌੜ ਵੀ ਹੋਸੀ ਘਣੀ। ਰਿਜ਼ਕ ਵਸੀਲਿਆਂ ਦੀ ਸਾਂਭ ਦੀ ਸਾਰ ਵੀ ਘੱਟ ਈ ਹੋਸੀ। ਕਿਰਤ ਤੇ ਵੰਡ ਵਿਚ ਉਤਾਰ ਚੜ੍ਹਾਅ ਵੀ ਥੀਂਦੇ ਹੋਸਨ ਤੇ ਢਾਣੀਆਂ ਦੇ ਨਖੇੜੇ ਬਖੇੜੇ ਵੀ ਮਤੇ। ਦੇਹ ਦਿਆਂ ਰੋਗਾਂ ਤੇ ਰੁਤ ਦੀਆਂ ਆਫ਼ਤਾਂ ਦੇ ਸਹਿਮ ਵਹਿਮ ਵੀ ਘਨੇਰੇ ਹੋਸਨ। ਬਹਿਸ਼ਤ ਤੇ ਨਾ ਆਹਾ ਉਹ ਵਾਰਾ ਪਰ ਨਿੱਜ ਮਲ ਦੀ ਦਿਤੀ ਮੇਰ ਤੇਰ ਖਾਰ ਖ਼ੂਹ ਤੇ ਬੇਵਸਾਹੀ ਵਾਲਾ ਦੋਜ਼ਖ਼ ਵੀ ਨਾ ਹਾ ਅਜੇ।

ਜਦ ਪਸ਼ੂ ਪਾਲਣ ਦਾ ਕੰਮ ਰਿਜ਼ਕ ਵਸੀਲਾ ਬਣਿਆ ਤੇ ਟਾਬਰੀਆਂ ਦੀ ਸਾਂਝੀ ਕਾਰ ਵੱਖੋ ਵੱਖ ਘਰਾਂ ਦੀ ਮਾਲਕੀ ਵਿਚ ਵਟਣ ਲਗੀ ਵਤ ਵੀ ਕੰਮ ਵਿਚ ਸਾਂਝ ਦੀ ਲੋੜ ਰਹੀ ਕੁਝ। ਤੇ ਵੰਡ ਵਿਚ ਵੀ ਸਾਂਝ ਦੇ ਐਰ ਦਿਸਦੇ ਬੁਝਦੇ ਰਹੇ। ਜਦੋਂ ਭੋਏਂ ਵਾਹ ਬੀਜ ਕੇ ਅੰਨ ਦੀ ਉਪਜ ਥੀਵਣ ਲਗੀ ਤਾਂ ਸਾਂਝੀ ਕਾਰ ਸੀਪ ਹੋ ਗਈ ਤੇ ਸਾਂਝੀ ਵੰਡ ਲਾਗ। ਸੀਪ ਸੇਵਾ ਹੈ ਤੇ ਲਾਗ ਸਾਕ। ਪਰ ਲਫ਼ਜ਼ਾਂ ਦੇ ਅਰਥਕਾਰ ਦੇ ਰੰਗ ਨਾਲ਼ ਰੰਗ ਫੜਦੇ ਨੇਂ । ਕਾਰ ਦੀ ਬਦਰੰਗੀ ਨਾਲ਼ ਬਦ ਰੰਗੇ ਥੀ ਵੈਂਦੇ ਨੇਂ। ਸੇਪੀ ਕਮੀਣ ਥੀ ਗਏ ਤੇ ਲਾਗ ਜਜਮਾਨੀ ਦੀ ਵਡਿਆਈ ਦਾ ਨਿਸ਼ਾਨ ਬਣ ਗਿਆ। ਕੰਮ ਵੰਡ ਅਤੇ ਰੀਤ ਦੇ ਲਹਿ ਚਾੜ੍ਹ ਕੇ ਇਹਨੂੰ ਜਾਤ ਵੰਡ ਬਣਾ ਦਿਤਾ ਗਿਆ। ਜਾਤ ਵੰਡ ਕੁਦਰਤ ਦੀ ਕਰਨੀ ਥੀ ਗਈ, ਧੁਰੋਂ ਟੁਰੀ। ਇਹਦੇ ਉਤੇ ਭਿਟ ਦੀ ਮੁਹਰ ਲੱਗ ਗਈ। ਘਿਨ ਹੰਕਾਰ ਕੁਦਰਤੀ ਗੁਣ ਹੋ ਗਏ, ਵਾਹ ਵਰਤਣ ਦੇ ਲਾਜ਼ਮੀ ਧੁਰੇ। ਭਿਟਿਆਂ ਰਦਿਆਂ ਦੀ ਕਰਨੀ ਵਿਚੋਂ ਉਗਰਾਹੇ ਕਰ ਹਾਲੇ ਦੇ ਸਿਰ ਤੇ ਪਾਕਾਂ ਦੀਆਂ ਸ਼ਾਹੀਆਂ ਦੇ ਚੰਦ ਸੂਰਜ ਪਏ ਚੜ੍ਹੇ।

ਭਾਓ ਭਗਤ ਨੂੰ ਰਿਜ਼ਕ ਉਪਜ ਤੇ ਰਿਜ਼ਕ ਵੰਡ ਦੀ ਸੱਚੀ ਸੁੱਚੀ ਸਾਂਝ ਚਿਤਾਰਣ ਵਾਲਿਆਂ ਫ਼ਰੀਦਾਂ ਕਬੀਰਾਂ ਨਾਨਕਾਂ ਹੁਸੈਨਾਂ ਜਾਤ ਵੰਡ ਨੂੰ ਖਲੀ ਬਾਂਹ ਭੰਡਿਆ। ਜਾਤ ਵੰਡ ਨੂੰ ਈ ਨਹੀਂ ਇਹਦੇ ਮੂਲ ਨੂੰ, ਰਿਜ਼ਕ ਵਸੀਲਿਆਂ ਦੀ ਨਿੱਜ ਮਾਲਕੀ ਨੂੰ।ਨਿੱਜ ਮਿਲਖ ਉਸਾਰੇ ਕੋਠਿਆਂ ਮੰਡਪਾਂ ਮਾੜੀਆਂ ਨੂੰ।ਨਿੱਜ ਮਿਲਖ ਦੇ ਰਾਖੇ ਲਾਓ ਲਸ਼ਕਰਾਂ ਨੂੰ।ਨਿੱਜ ਮਿਲਖ ਨੂੰ ਇਲਮ ਦਾ ਤੜਕਾ ਲਾਵਣ ਵਾਲਿਆਂ ਪੰਡਤਾਂ ਕਾਜ਼ੀਆਂ ਨੂੰ।ਵਜ ਵਜਾ ਕੇ ਨੱਚ ਗਾ ਕੇ ਦਸਿਆ ਇਨ੍ਹਾਂ ਭਾਓ ਭਗਤ ਚਿਤਾਰਾਂ ਖ਼ਲਕਤ ਨੂੰ ਭਈ ਕੀ ਗਵਾਇਆ ਖ਼ੁਦਾਈ ਦਾ ਏਸ ਵਿਹਾਰ ਨੇ। ਆਪਣੇ ਆਪ ਦੀ ਸੁੰਞਾਣ, ਜੀਵਨ ਦੇ ਤੱਤ ਸਤ ਦੀ ਸੁੰਞਾਣ। ਜੀਵਨ ਪ੍ਰੀਤ ਦਾ ਅਵਸਰ ਹੈ। ਦੂਜੇ ਨਾਲ਼ ਪ੍ਰੀਤ ਈ ਆਪਾ ਪਾਵਣ ਹੈ। ਪ੍ਰੀਤ ਹੀ ਕੁਲ ਕੁਦਰਤ ਦੀ ਸੁੰਞਾਣ ਨੂੰ ਆਪਣੇ ਅੰਦਰ ਮਾਨਣ ਹੈ ਆਪ ਕੁਲ ਕੁਦਰਤ ਥੀਵਣ ਹੈ। ਪਰ ਪ੍ਰੀਤ ਸਾਂਝੀ ਕਾਰ ਤੇ ਸਾਂਝੀ ਸੀਰ ਵੰਡ ਬਾਝੋਂ ਨਹੀਂ ਜਾਗਦੀ।

ਵਤ ਵਿਹਾਰ ਪੜ੍ਹਾਏ ਆਲਮ ਵਾਰਕਾਰਾਂ ਦੀ ਵਾਰੀ ਆਈ। ਉਨ੍ਹਾਂ ਚੇਤੀਂ ਅਚੇਤੀਂ ਭਗਤੀ ਲਫ਼ਜ਼ ਦੇ ਮੁਢਲੇ ਅਰਥ ਨੂੰ ਅਸਲੋਂ ਉਹਲੇ ਕਰ ਦਿਤਾ। ਭਗਤੀ ਨਿਰਾ ਸਾਧਾਂ ਦੀ ਮਾਨਤਾ ਹੋ ਗਈ। "ਭਗਤ" ਦੇ ਅਰਥ ਹੋਰ ਵਟੇ। ਨੱਚਣ ਗਾਵਣ ਵਾਲੇ ਕਸਬੀ ਵੀ ਭਗਤ ਥਏ। ਭਗਤੀ ਫੋਕੀ ਵਿਹਾਰੀ ਕਾਰ ਬਣੀ, ਲੱਖਾਂ ਵਿਚ ਲੱਖ ਥਈ ਤਾਂ ਭਗਤ ਦਾ ਅਰਥ ਬਹਿਰੂਪੀਆ ਹੋ ਗਿਆ।

ਭਗਤੀ ਅੰਦਰੋਂ ਸਾਂਝੀ ਸਵਾਹਰੀ ਵੰਡ ਵਾਲੇ ਮਾਅਨੇ ਕਢੀਜਣ ਨਾਲ਼ ਏਸ ਟਾਬਰੀ ਦੇ ਹੋਰ ਕਈਂ ਲਫ਼ਜ਼ ਵੀ ਪੇਤਲੇ ਪੋਲੇ ਤੇ ਅਧੂਰੇ ਥੀ ਗਏ। ਭਾਗ (ਹਿੱਸਾ, ਸੀਰ), ਭੋਜਨ (ਖ਼ੁਰਾਕ), ਭੱਕਣ (ਖਾਵਣ), ਭਜਨ (ਭਗਤੀ ਦਾ ਗਾਵਣ), ਭੋਗਣ (ਸਿਰ ਵਰਤਣ, ਵਰਤ ਵੇਖਣ, ਨਰ ਨਾਰ ਦਾ ਮਿਲਾਪਣ), ਭਾਜੀ (ਹਿੱਸਾ, ਸੀਰ, ਤੋਹਫ਼ਾ), ਭਗ (ਕੁਦਰਤ ਦੀ ਸਦਾ ਹਾਜ਼ਰ ਤਾਕਤ, ਸੋਹਣਪ, ਗੁਣ, ਰੀਝ, ਘਾਲ, ਜੋਗ, ਦੇਹਲ ਮਿਲਾਪ ਦਾ ਸਰੂਰ, ਯੋਨੀ) ਤੇ ਹੋਰ ਕਈਂ । ਇਨ੍ਹਾਂ ਲਫ਼ਜ਼ਾਂ ਦੇ ਪਿਛੇ ਖਲੋਤੀ ਸਾਂਝੀ ਕਿਰਤ ਤੇ ਵੰਡ ਦੀ ਵਾਰ ਅਲੋਪ ਹੋ ਗਈ। ਤੇ ਇਹ ਆਪੋ ਵਿਚ ਵੀ ਬੇਲਾਗ ਹੋ ਗਏ।

ਵਿਹਾਰੀ ਆਲਮਾਂ ਦੀ ਵਾਰ ਕਾਰੀ ਦਾ ਤੱਤ ਹੈ ਲੋਕਾਈ ਦੇ ਮਨ ਵਿਚੋਂ ਵਾਰ ਦਾ ਸੱਚ ਗੁਆਵਣ। ਭੁੱਲਿਆਂ ਦੀ ਭੁੱਲ ਅਤੇ ਇਲਮ ਦੀ ਮੁਹਰ ਲਾਵਣ। ਭਾਈ ਗੁਰਦਾਸ ਨੇ ਆਪਣੇ ਜੋੜ ਨੂੰ ਤਰੋੜ ਬਣਾਇਆ ਉਲਮਾਵਾਂ ਦੇ ਧਰੋ ਦਾ। ਗੁਰਦਾਸੀ ਜੋੜ ਵੀ ਵਾਰ ਕਾਰੀ ਹੈ। "ਵਾਰ" ਦੇਸੀ ਜੋੜ ਦਾ ਇਕ ਰੀਤਲ ਰੂਪ ਹੈ। ਮੁਦਤਾਂ ਤੋਂ ਲੋਕਾਈ ਦੇ ਜੋੜ-ਕਾਰ ਲੋਕ ਦੀ ਕੀਤੀ

ਵਾਪਰੀ ਨੂੰ ਵਾਰ ਰੂਪ ਵਿਚ ਜੋੜ ਕੇ ਗਾਉਂਦੇ ਸੁਣਾਉਂਦੇ ਆਏ। ਲੋਕ ਵਾਰ ਕਾਰੀ ਨੇ ਆਪਣੇ ਛੰਦ ਵੀ ਚੁਣੇ ਘੜੇ। ਭਾਈ ਗੁਰਦਾਸ ਦੀਆਂ ਵਾਰਾਂ ਉਨ੍ਹਾਂ ਛੰਦਾਂ ਵਿਚ ਈ ਨੇਂ। ਜੋੜਕਾਰੀ ਸੁਰਕਾਰੀ ਹੈ। ਗੁਰਦਾਸੀ ਪਉੜੀ ਦੀਆਂ ਸਤਰਾਂ ਵਿਚ ਅੱਖਰਾਂ ਦੀਆਂ ਰਲਵੀਆਂ ਅੱਰਲਵੀਆਂ ਵਾਜ਼ਾਂ ਸੁਰ ਬਣਦੀਆਂ ਨੇਂ।ਕਿਤੇ ਪੈਂਦਲੀਆਂ ਜਿਉਂ ਸਹਸ ਸਿਆਣਪ, ਪਰਕਿਰਤ ਪਰਾਣ, ਭਾਉ ਭਗਤ ਭਗਵਾਨ। ਕਿਤੇ ਅੰਤਲੀਆਂ, ਗਿਆਨ ਧਿਆਨ ਉਨਮਾਨ।ਪਰ ਵੇਖੋ ਸਹਸ ਸਿਆਣਪ ਦਿਆਂ ਸੀਨਾਂ ਦੀ ਜੁੜਤ ਵਿਚ ਇਕ ਘਸੀਟ ਨਹੀਂ? ਇਹ ਘਸੀਟ ਸਿਆਣਪਾਂ ਦੀ ਚਤੁਰਾਈ ਤੋਂ ਸਹਸ ਵਾਲਾ ਮੇਕਅਪ ਲਾਹ ਕੇ ਉਹਦਾ ਕੋਝ ਨਹੀਂ ਪਈ ਵਖਾਲਦੀ? ਗਿਆਨ ਧਿਆਨ ਉਨਮਾਨ ਵਿਚ "ਆਨ" ਦੀ ਅਕਹਿਰ ਹੈ। ਪਰ ਇਹ ਬਜ ਲਫ਼ਜ਼ਾਂ ਦਿਆਂ ਬਜੀ ਅਰਥਾਂ ਦਾ ਮੁਹਾਂਦਰਾ ਨੇਂ ।

ਭਾਉ ਭਗਤ ਭਗਵਾਨ ਵਿਚ ਭ ਤੇ ਗ ਦੀਆਂ ਵਾਜ਼ਾਂ ਦਾ ਜੋੜ ਅਜੋੜ ਇਕ ਅਜਬ ਨਾਚ ਨਚੇਂਦਾ ਹੈ ,ਪੜ੍ਹਿਆਰ ਨੂੰ ।ਏਸ ਨਾਚ ਦੀ ਤਰੰਗ ਭਾਓ ਭਗਤੀ ਵਾਲੀ ਸਹਿਜ ਵੰਡ ਨੂੰ ਮਾਨਣ ਦੀ ਤਰੰਗ ਹੈ। ਇਕ ਨਾਚ ਲੱਖ ਲਫ਼ਜ਼ ਦੀ ਦੁਹਰਾਈ ਵਾਲਾ ਵੀ ਹੈ। ਇਹ ਨਾਚ ਜਮ੍ਹਾਂ ਜਥਾ ਵਾਲੇ ਲਖ ਤੇ ਠੱਗੀ ਵਾਲੇ ਲੱਖ ਨੇ ਹੱਥਾਂ ਵਿਚ ਹੱਥ ਪਾ ਨਚਿਆ ਏ।

ਭਗਤੀ ਲਹਿਰ ਕੋਈ ਉਤੋਂ ਲੱਥਾ ਅਵਾਘਤ ਛੱਟਾ ਨਹੀਂ। ਇਹ ਉਸ ਨਾਬਰੀ ਦਾ ਚਿਰਕਾ਼ਲਾ ਵੈਹਿਣ ਹੈ ਜਿਹੜਾ ਸਾਂਝੀ ਕਾਰ ਤੇ ਸਹਿਜ ਵੰਡ ਦੇ ਮੁਕਾਅ ਵਿਚੋਂ ਨਿਕਲਿਆ ਤੇ ਮਲਵਾਣੀ ਦੀ ਹਜ਼ਾਰਾਂ ਵਰ੍ਹਿਆਂ ਦੀ ਵਾਰ ਦੇ ਹੇਠੋਂ ਹੇਠ ਵਗੀ ਆਇਆ। ਜਦੋਂ ਵੀ ਅਵਸਰ ਬਣਿਆ ਇਹ ਬਾਹਰ ਆਇਆ। ਕਦੇ ਇਕ ਲਫ ਦੀ ਮਾਰ ਮਾਰ ਕੇ ਮੁੜ ਅਲੋਪ ਥੀ ਗਿਆ। ਕਦੇ ਹੜ੍ਹ ਬਣ ਚੜ੍ਹਿਆ ਤੇ ਸਦੀਆਂ ਦੀਆਂ ਖਲੋਤੀਆਂ ਸ਼ਾਹੀਆਂ ਦੇ ਬੁਰਜ ਮੁਨਾਰੇ ਰੋੜ੍ਹ ਗਿਆ। ਭਾਈ ਗੁਰਦਾਸ ਦੀ ਜੋੜਕਾਰੀ ਇਸੇ ਵੈਹਿਣ ਦਾ ਵਗ ਹੈ। ਉਨ੍ਹਾਂ ਦਾ ਵੇ਼ਲਾ ਮੁ਼ਗਲ ਸ਼ਾਹੀ ਦੀ ਸਿਖਰ ਦਾ ਵੇ਼ਲਾ ਹੈ। ਤਦੋਕੇ ਮਲ ਵਿਹਾਰ ਦੀ ਪਕਿਆਈ ਦਾ। ਗੁਰਦਾਸੀ ਜੋੜ ਏਸ ਪਕਿਆਈ ਦੇ ਕਚ ਫਰੋਲਦਾ ਤੇ ਇਹਨੂੰ ਢਾਅ ਲਾਉਂਦਾ ਹੈ। ਏਸ ਜੋੜ ਦੀ ਅਜੋਕੀ ਪੜ੍ਹਤ ਕੀ ਫਰੋਲਦੀ ਤੇ ਕੀ ਰੋਲਦੀ ਏ। ਇਹ ਅੱਜ ਦੀਆਂ ਪੜ੍ਹਿਆਰਾਂ ਖੋਲ੍ਹਣ।

********

# ਕਿਤਾਬ: ਨੇਂਹ ਨਿਰਵਾਰ

(2017 ਸ. 12–15)

**ਗੱਲ ਸੰਨ ਨੱਵੇ ਦੀ**

ਸ਼ੇਡ ਸੁਰਖ਼ ਦੇ? ਕਿਉਂ ਪੁਛਨਾਏਂ ਪ੍ਰੋਫ਼ੈਸਰ ਮੇਰੇ
ਕੋਈ ਥੀਸਿਸ ਕਰਵਾਣਾ ਈ
ਅਸੀਂ ਲਲਾਰੀ ਜੱਦੀ
ਪਹਿਲੋਂ ਹੋਏ ਨੀਲਾਰੀ
ਫੇਰ ਡਾਇਰ ਡਰਾਈਕਲੀਨਰ ਹੋ ਗਏ
ਨਹੀਂ, ਕੰਮ ਤੇ ਨਾਂ ਦੋਏ ਇਕੋ ਨਹੀਂ ਹੁੰਦੇ
ਕੰਮ ਕਿਤੇ ਹੁੰਦਾ ਏ ਨਾਂ ਕਿਤੋਂ ਆਉਂਦਾ ਏ
ਫੇਰ ਵੇਲ਼ਾ ਦੋਹਾਂ ਨੂੰ ਹੋਰ ਦਾ ਹੋਰ ਕਰਾਉਂਦਾ ਏ
ਚਲ ਛੱਡ, ਗੱਲ ਨੀਲ ਦੇ ਕਰੀਏ
ਨੀਲ ਤੇ ਤੂੰ ਨਹੀਂ ਵੇਖਿਆ ਨਾ, ਪੜ੍ਹਿਆ ਤੇ ਹੋਣਾ ਈ ਏ
ਨੀਲ ਸੌਖ਼ ਸੀ ਧੱਬੇ ਚਟਣਾ
ਕਣਕ ਕਪਾਹ ਪੁਟ ਨੀਲ ਲਵਾਇਆ ਅਗਲਿਆਂ, ਯੋਰਪ ਖੜਿਆ
ਡਬ ਚਟਾਕ ਪਰ ਲੁਕ ਲੁਕ ਬੋਲੇ
ਸਾਡੇ ਵਡੇ ਵੀ ਇਹੋ ਈ ਕਰਦੇ ਆਏ ਨੀ ਪੁਸ਼ਤੋ ਪੁਸ਼ਤੀ, ਤੈਨੂੰ ਕੀ ਦੱਸੀਏ
ਪਿਓ ਮੇਰਾ ਮੈਨੂੰ ਆਈ ਸੀ ਏਸ ਬਣਵਾਉ ਸੀ ਜਿਵੇਂ ਅੱਬਾ ਤੇਰਾ ਨਹੀਂ ਬਣਿਆ,
ਕਠੇ ਸਾਂ ਅਸੀਂ ਕਾਲਿਜ ਵਿਚ ਦੋਏ
ਨਹੀਂ ਤੈਨੂੰ ਦੱਸਿਆ ਨਾ ਉਹਨੇ, ਦਸਦਾ ਵੀ ਕਿਉਂ
ਮੈਂ ਕਾਲਜੋਂ ਫੜਿਆ ਗਿਆ
ਪਿਓ ਮੇਰੇ ਨੂੰ ਗ਼ਮ ਖਾ ਗਿਆ
ਕੱਟ ਕੈਦ ਦੋ ਸਾਲ ਮੈਂ ਕੰਮ ਤੇ ਆ ਬੈਠਾ
ਕੀ ਕਰੀਏ ਪਰ, ਵਿਚ ਲਲਾਰਣ ਵੜੀ ਹੋਈ ਏ
ਝੰਡਾ ਲਾਲ਼ ਹਥੌੜਾ ਦਾਤੀ ਚੰਗਾ ਚੁਕ ਫਿਰਾਇਆ ਅਸਾਂ ਜਿਹੜਾ ਰੂਸੋਂ ਆਇਆ

"ਜਦ ਰੂਸ ਪੰਜਾਬੇ ਆਵੇਗਾ ਅਨ ਕੌਡੀ ਸੇਰ ਵਿਕਾਵੇਗਾ"''
ਪਰ ਯਾਰਾਂ ਸਾਡਿਆਂ ਲਾਲ਼ ਰੰਗ ਦਾ ਪਤਾ ਨਾ ਪਾਇਆ
ਮੈਨੂੰ ਰੜਕ ਲਲਾਰੀ ਪੁਤ ਨੂੰ,
ਪੁੱਛੋ ਤਾਂ ਇਹੋ ਦੱਸਣ

“ਕੌਮਰੇਡ ਪੈਰਿਸ ਵਾਲੀ ਕਮਿਊਨ ਦਾ ਝੰਡਾ ਲਾਲ਼ ਸੀ
ਲੈਨਿਨ ਓਥੋਂ ਲਿਆ,”
ਵਿਚ ਵਿਚ ਇਹ ਗੱਲ ਹੋ ਜਾਣੀ
“ਉਹ ਜੀ ਲਾਲ਼ ਲਹੂ ਮਜ਼ਦੂਰ ਦਾ ਹੋਇਆ” ”
ਬੰਦਾ ਪੁਛੇ ਤੁਹਾਡਾ ਚਿੱਟਾ ਏ?
ਮੇਰੀ ਰੜਕ ਨਾ ਜਾਵੇ
ਖ਼ਲਾਫ਼ਤੀਏ ਇਕ ਦੱਸਿਆ, ਤਾਸ਼ਕਖੰਦੋਂ ਪੜ੍ਹ ਜਦੋਂ ਉਹ ਵੇੜ੍ਹੇ ਵੜਿਆ:
“ਹਜ਼ਾਰਾਂ ਵਰ੍ਹਿਆਂ ਤੋਂ
ਜਿਥੇ ਵੀ ਭੋਏਂ ਭਾਂਡਾ ਸਾਂਝਾ ਕਰਣ ਲਈ ਖ਼ਲਕਤ ਰਲੀ ਉ ਪੁਤਰਾ
ਲਾਲ਼ ਨਿਸ਼ਾਨ ਨਿਸ਼ਾਨੀ ਹੋਇਆ
ਮਜ਼ਦਕ ਖ਼ੁੱਰਮ ਕਖਰਮਤ।
ਚੜ੍ਹ ਮਨਸੂਰ ਨੂੰ ਇਹੋ ਅਨਲਹੱਕ ਹੋਇਆ ਈ
ਇਕ ਵਾਰੀ ਜਾਂਦਾ ਅੱਖ ਮਾਰ ਗਿਆ:
“ਤਰੈ ਪੌੜੀਆਂ ਨੀ ਓ ਲਲਾਰੀਆ ਵਿਚ ਸਰੋਵਰ ਲਹਿਣ ਦੀਆਂ
ਪਹਿਲੀ ਸਾਵੀ
ਦੂਜੀ ਪੀਲੀ
ਤਰੀਜੀ ਸੂਹੀ ਪੌੜੀ ਨਹੀਓਂ ਤਖ਼ਤਾ ਤਖ਼ਤ ਈ
ਨਾਨਕ ਲਾਲੋ ਲਾਲ਼ ਹੈ---”
ਪ੍ਰੋਫ਼ੈਸਰ ਮੇਰੇ
ਇਹ ਮੈਨੂੰ ਸਮਝ ਨਹੀਓਂ ਆਈ ਹੁਣ ਤਾਈਂ
ਰੰਗ ਸੂਫਿਆਨਾ ਕੀ ਏ ਘੇਸ ਭੇਸਲਾ
ਇਹ ਸੂਫ਼ੀ ਸੁਫ਼ਿਆਨੇ ਕੌਣ ਨੇਂ
ਮਾਮੇ ਜਿਹੜੇ ਮਨਸੂਰ ਦੇ ਨੇਂ
ਕਰਾ ਰਿਸਰਚ ਕਿਸੇ ਮੁੰਡੇ ਕੁੜੀ ਕੋਲੋਂ
‘ਭਾਈ ਜੀ ਸ਼ੇਡ ਜ਼ਰਾ ਸੁਫਿਆਨਾ ਰਖਿਓ’
ਪੁਰਾਣਾ ਸੁਣਦੇ ਆਏ ਆਂ
ਪਿਓ ਮੇਰੇ ਪੁਛੋ ਤਾਂ ਇਹੋ ਆਖਣਾ:

“ਸੂਫ਼ੀ ਸੁਲ੍ਹਾ ਸਫ਼ਾਈ ਰਖਦਾ ਏ ਕਾਕਾ
ਰੰਗ ਦੀ ਕਾਟ ਮਾਰਦਾ ਏ
ਸ਼ੋਖ਼ਾ ਜੋ ਰੱਬ ਨੂੰ ਭਾਉਂਦਾ ਨਾ ਹੋਇਆ”
“ਤੇ ਮਾਧੋ ਲਾਲ਼ ਹੁਸੈਨ ਕਿਵੇਂ ਫੇਰ ਲਾਲ਼ੋ ਹੋ ਗਿਆ?

ਅਖੇ "ਸਿਰੋਂ ਪੈਰੋਂ ਉਹ ਲਾਹ ਕਲੰਦਰ ਹੋਇਆ ਏ, ਸੁਦਾਈਆ
ਸੂਫ਼ੀ ਕਦੋਂ ਹੋਇਆ ਈ।"
ਹੁਣ ਕਿਹੜਾ ਗ੍ਰੇਡ ਕਲੰਦਰ ਕਿਹੜਾ ਸੂਫ਼ੀ
ਕਰ ਕਲਾਸੀਫ਼ਾਈ ਪ੍ਰੋਫ਼ੈਸਰ ਮੇਰੇ
ਛੱਡ, ਦਫ਼ਾ ਕਰ
ਡਰਾਈਕਲੀਨ ਕਰਾ ਕੋਟ ਤੇ ਪਾ, ਕੀ ਦੱਸੀਏ ਤੈਨੂੰ

*********

# ਕਿਤਾਬ: ਨੇਂਹ ਨਿਰਵਾਰ
(2017 ਸ. 98)

**ਜਪੁ ਪੰਜਾ.ਲੀ**

ਅੰਨ ਪਾਣੀ ਢੋ
ਡਾਹਿਆ ਅਸਾਂ ਕਿਹਨਾਂ ਨੂੰ
ਇਹ ਸੰਸਾਰ ਸਿੰਗਾਂ ਤੇ ਚਾਅ ਕੇ
ਨਾਨਕ ਜਿਹਾਂ ਕਣੋਂ ਦਈਆ ਦਾ ਪੁਤ ਅਖਵਾਇਆ
ਵਿਕਣ ਚਲੇ ਹਾਂ ਬੱਕਰ ਮੰਡੀ
ਮੈਂ ਤੇ ਗਾਈਆਂ ਮਾਈਆਂ
ਧੰਨ ਜਿਹੜੀਆਂ ਜਗਤ ਦਾ ਆਹੀਆਂ
ਮਿਲ ਮਿ.ਲ ਹੱਥਲ ਹੱਥਾਂ ਨੂੰ

*******

# ਕਿਤਾਬ: ਨੇਂਹ ਨਿਰਵਾਰ

(2017 ਸ. 99-119)

**ਝੋਕ ਜਗਤ**

(ਮਹਿਬੂਬ ਸ਼ਾਹ ਦੀ ਨਜ਼ਰ)
ਘਿੜੀ ਘੜੋ ਹੱਥ ਕਰ ਬਹੂੰ ਨਿਹਾਰੇ ਬੰਗ
"ਸਰ ਦਰ ਕਦਮੇ ਯਾਰ ਫ਼ਿਦਾ" ਵਸਲ ਇਹੋਈ ਵੰਗ
"ਈਂ ਬਾਰ-ਏ-ਗਰਾਂ ਬੂਦ ਅਦਾ" ਆਜੋ ਥੀਓ ਸਭ ਅੰਗ
ਰਾਤ ਜਨੀ ਜੋ ਰੰਗ ਆਰਾਂ ਸੇ ਉਕਾਰਈਂ
ਘੜਾ ਉਹ ਹੱਥ ਕਰ ਠਿੱਲੀ
ਬਹੂੰ ਜਾਚਿਓਸੁ ਅਵਸਰ
ਸਿਰ ਯਾਰ ਦੇ ਕਦਮੀਂ ਫ਼ਿਦਾ ਹੋਇਆ
ਇਹ ਵੰਗ ਹੀ ਵਸਲ ਹੈ
ਇਹ ਘਣਾ ਭਾਰ ਹਾ ਅਦਾ ਹੋਇਆ
ਸਭ ਦੇਹ ਆਜ਼ਾਦ ਥਈ
ਰਾਤ ਜਿਹਨਾਂ ਦਾ ਰੰਗ ਹੈ ਉਨ੍ਹਾਂ ਨੂੰ
ਉਰਾਰ ਈ ਪਾਰ ਉਤਾਰ ਦੇਂਦੀ ਹੈ ਕੁਦਰਤ

ਸ਼ਾਹ ਲਤੀਫ਼ ਦੀ ਲਿਖਤ ਹੈ ਸੁਰ ਸੋਹਣੀ। ਲੋਕ ਰੀਤ਼ਲ ਲਿਖਤਾਂ ਗਾ ਕੇ ਸੁਣਾਈਆਂ ਵੈਂਦੀਆਂ ਨੇਂ। ਸੰਗੀਤ ਉਨ੍ਹਾਂ ਨੂੰ ਲੋਕਾਈ ਤਾਈਂ ਪੁਜਾਵਣ ਦਾ ਵਸੀਲਾ ਤਾਂ ਹੈ ਈ, ਉਨ੍ਹਾਂ ਦੀ ਬਣਤਰ ਦਾ ਅੰਗ ਵੀ ਹੈ। ਸੋ ਲਿਖਤ ਦਾ ਸੋਮ੍ਹਣ ਸੰਮ੍ਹਾਲਣ ਵੀ ਸੁਰਾਂ ਰਾਹੀਂ ਹੈ। ਲਿਖਤ ਦੀ ਬਾਬ ਬੰਦੀ ਵੀ।

ਸੁਰ ਸੋਹਣੀ ਵਿਚ ਸੋਹਣੀ ਦਾ ਕਿੱਸਾ ਨਹੀਂ ਕੀਤਾ ਸ਼ਾਹ ਲਤੀਫ਼। ਕੀ ਹੈ ਕਿੱਸਾ? ਸੋਹਣੀ ਕੁੰਭਾਰ ਦੀ ਧੀ ਏ, ਸੌਖੇ ਪੀਰ ਕਾਰੀਗਰ ਦੀ।ਜਿਹਦਾ ਮਾਲ ਉਚੇਰਿਆਂ ਘਰਾਂ ਵਿਚ ਜਾਂਦਾ ਏ। ਮਹੀਂਵਾਲ ਮੁਢੋਂ ਚਾਕ ਪੁਤਰ ਨਹੀਂ।ਬਲਖ਼ ਬੁਖ਼ਾਰੇ ਦਾ ਉਚ ਸੌਦਾਗਰ ਏ। ਦਿਲਿਓਂ ਚੋਖਾ ਧਨ ਕਮਾ ਦੇਸ ਪਰਤਦਿਆਂ ਸੋਹਣੀ ਨੂੰ ਡਿਠਾਸੁ ਗੁਜਰਾਤੇ। ਤੇ ਉਹਦੀ ਤਕ ਲਈ ਵੰਜਾਉਸ ਕੁਲ ਕਮਾਇਆ ਧਨ। ਪਰ ਸੋਹਣੀ ਵੀ ਤਦੋਂ ਈ ਉਹਦੇ ਵੱਲ ਧਿਆਨ ਕੀਤਾ ਏ ਜਦਾਂ ਉਹ ਧਨ ਹੀਣ ਹੋ ਆਪਣੀ ਪੁਰਾਣੀ ਹਸਤੀ ਛੋੜ ਖਲੋਤਾ ਏ। ਸੋਹਣੀ ਦਾ ਮਹੀਂਵਾਲ ਨਾ਼ਲ ਲਾਗ ਪਿਓ ਨੂੰ ਰੜਕਿਆ ਏ। ਸੋਹਣੀ ਨੂੰ ਝਬਦੇ ਵਿਆਹ ਟੋਰਿਉਸੁ ਬਰਾਦਰੀ ਵਿਚ। ਮਹੀਂਵਾਲ ਵੀ

ਕਢੀਜਾ ਏ ਕੁੰਭਾਰ ਘਰੋਂ ਤੇ ਫ਼ਕੀਰ ਹੋ ਚਨਾਂਹ ਦੀ ਕੰਧੀ ਵੰਜ ਬੈਠਾ ਏ। ਰੋਜ਼ ਰਾਤ ਤਰ ਕੇ ਸੋਹਣੀ ਨੂੰ ਮਿਲਣ ਵੈਂਦਾ ਏ।

ਮੱਛੀ ਭੁੰਨ ਨਾ਼ਲ ਖੜਦਾ ਏ। ਹਿਕ ਰਾਤ ਮੱਛੀ ਨਾਹਸੁ ਮਿਲੀ। ਪੱਟ ਚੀਰ ਕਬਾਬ ਕੇਤੋਸ। ਸੋਹਣੀ ਆਖਿਆ ਤੁਧ ਹੁਣ ਏਸ ਪਾਰ ਨਹੀਓਂ ਆਵਣਾ। ਮੈਂ ਆਵਸਾਂ ਉਸ ਪਾਰ। ਉਹ ਘੜੇ ਤੇ ਤਰ ਕੇ ਰੋਜ਼ ਪਾਰ ਪਈ ਪੁਜੀ। ਨਨਾਣ ਨੂੰ ਸ਼ੱਕ ਏ ਸੋਹਣੀ ਤੇ। ਸ਼ੱਕ ਪੱਕ ਥੀਆ ਤਾਂ ਪੱਕੇ ਘੜੇ ਦੀ ਥਾਵੇਂ ਕੱਚਾ ਚਾ ਧਰਿਓਸੁ। ਸੋਹਣੀ ਘੜੇ ਦਾ ਕੱਚ ਜਾਚਿਆ ਤਾਂ ਸਹੀ ਪਰ ਆਪਣੇ ਇਸ਼ਕ ਦੇ ਪੱਕ ਸਿਰ ਠਿੱਲ ਪਈ।

ਸ਼ਾਹ ਲਤੀਫ਼ ਇਥਾਓਂ ਝੋਤਾ ਹੈ ਆਪਣਾ ਸੁਰ।ਇਹ ਕਿੱਸਾ ਤੇ ਲੋਕ ਚਿਰੋਕਣਾ ਸੁਣੀ ਆਏ ਨੇਂ।ਕਿੱਸੇ ਦੀਆਂ ਰਮਜ਼ਾਂ ਵੀ ਚਿਰੋਕਣੀਆਂ ਲੋਕ ਵਰਤੀ ਵਿਚ ਲੱਥੀਆਂ ਤੇ ਲੋਕ ਰੀਤ ਦਾ ਅੰਗ ਬਣੀਆਂ।ਪਰ ਹਰ ਸਾਵਦਾਨ ਲਿਖਿਆਰ ਆਪਣੇ ਵੇਲੇ ਨਾ਼ਲ ਜੋੜ ਨਵੀਆਂ ਕਰੇਂਦਾ ਏ ਇਹ ਰੀਤ਼ਲ ਰਮਜ਼ਾਂ।ਇਹ ਲੋਕਾਈ ਦਿਤਾ ਕੰਮ ਏ ਉਹਦੇ ਲਈ।ਸੋ ਸ਼ਾਹ ਲਤੀਫ਼ ਸੋਹਣੀ ਦੀ ਕਰਨੀ ਵਿਚਾਰਣ ਬੈਠੇ ਨੇਂ ਖ਼ਲਕਤ ਨਾ਼ਲ। ਸੋਹਣੀ ਚਨਾਂਹ ਵਿਚ ਠਿੱਲ ਪਈ ਏ ਕੱਚੇ ਘੜੇ ਤੇ, ਪਾਰ ਪੁਜਣਾ ਸੁ। ਚਨਾਂਹ ਚੜ੍ਹੀ ਹੋਈ ਏ। ਕੱਪਰ ਏ ਘਣਾ।ਸ਼ਾਹ ਜੀ ਨੈਂ ਦੀ ਚੜ੍ਹਤ ਵਿਚ ਸੋਹਣੀ ਦੀ ਘਾਲ ਵਿਖਾਲਦੇ ਨੇਂ। ਸੋਹਣੀ ਨਾ਼ਲ ਗੱਲ ਵੀ ਕੀਤੀ ਆਉਂਦੇ ਨੇਂ ਨਾਲੋ ਨਾ਼ਲ।ਨਹੀਂ।ਜਾਪਦਾ ਏ ਸੋਹਣੀ ਦੀ ਘਾਲ ਆਪ ਗੱਲ ਪਈ ਕਰੇਂਦੀ ਏ ਖ਼ਲਕ ਨਾ਼ਲ।

ਸੋਹਣੀ ਦੀ ਨਨਾਣ ਚਾਲੂ ਵਿਹਾਰ ਦੀ ਮਹਾਂਦਰ[1] ਏ। ਵਿਆਹ ਚਾਲੂ ਵਿਹਾਰ ਦੀ ਕਲਾ ਦਾ ਅੰਗ ਹੋਇਆ। ਨਨਾਣ ਨੂੰ ਵਾਰੇ ਨਹੀਂ ਜੋ ਸੋਹਣੀ ਏਸ ਅੰਗ ਨੂੰ ਭੰਨੇ ਤੇ ਵਿਹਾਰ ਦੀ ਕਲਾ ਈ ਖੋਚਲੀ ਹੋ ਵੰਜੇ। ਦਰਿਆ ਅਸਲੋਂ ਤੇ ਹੈ ਕੁਦਰਤ ਦੀ ਕਾਰ। ਜੀਵਨ ਵਸੀਲਾ। ਪਰ ਜੀਵਨ ਵਸੀਲੇ ਕੁਦਰਤੋਂ ਵਿਜੋਗੇ ਮੇਲ ਬੰਦ ਵਿਹਾਰ ਦੇ ਢਹਾਏ ਚੜ੍ਹੇ ਹੋਏ ਨੇਂ। ਸੋ ਕੁਦਰਤ ਆਪ ਇਨ੍ਹਾਂ ਵਸੀਲਿਆਂ ਦੇ ਅੰਦਰ ਲਹਿੰਦੀ ਏ ਤੇ ਖ਼ਲਕ ਨੂੰ ਭਛੈਂਦੀ ਏ ਮੇਲ ਬੰਦ ਵਿਹਾਰ ਦਾ ਤਰੋੜ ਕਰਣ ਲਈ।

ਸੋਹਣੀ ਸੁਣਿਆ ਹੈ ਕੁਦਰਤ ਦਾ ਸੱਦ। ਇਸ ਜਾਚਿਆ ਹੈ ਘੜੇ ਦਾ ਕੱਚ। ਘੜਾ ਕੁੰਭਾਰ ਦੇ ਹੱਥ ਦੀ ਕਾਰ ਏ ਪਰ ਕੁੰਭਾਰ ਦੇ ਹੱਥ ਹੁਣ ਮੇਲ ਬੰਦ ਵਿਹਾਰ ਦੇ ਲੇਖੇ ਲਗ ਗਏ ਹੋਏ ਨੇਂ।ਸੋਹਣੀ ਨੂੰ ਸਾਰ ਥਈ ਏ ਜੋ ਹੁਣ ਘੜਾ ਉਹਦਾ ਸਹਾਈ ਨਹੀਂ।ਵਿਹਾਰ ਦਾ ਰੱਛ ਏ। ਏਸ ਸਾਰ ਨੇ ਹੀ ਪੂਰੀ ਵਿਹਾਰ ਨਾਬਰ ਸਘ [2] ਸੋਹਣੀ ਦੇ ਲੂੰ ਲੂੰ ਵਿਚ ਢਾ਼ਲ ਦਿਤੀ ਏ ਤੇ ਉਹ ਠਿੱਲ ਪਈ ਏ। ਦਰਿਆ ਪਾਰ ਕਰਣ ਦਾ ਸਿਰੜ ਵਿਹਾਰੀ ਹਸਤੀ

ਦੀ ਮੌਤ ਏ। ਇਹ ਮੌਤ ਹੀ ਨਵਾਂ ਜੀਵਨ ਏ, ਇਕ ਹੋਵਣ ਹੈ ਪਰਲੇ ਪਾਰ ਦੀ ਫ਼ਕੀਰੀ ਨਾ.ਲ।ਫ਼ਕੀਰੀ ਨਵੀਂ ਹੋਂਦ ਏ।ਕੁਦਰਤ ਨਾ.ਲ ਜੁੜਤ ਏ।ਇਹਦਾ ਮਾਨਣ ਮਨਾਵਣ ਵਿਹਾਰ ਸਾਜੀ ਹੋਂਦ ਦਾ ਮੁਕਾਅ ਏ:

ਆ ਜੋ ਥੀਓ ਸਭ ਅੰਗ

(ਪੂਰੀ ਦੇਹ ਆਜ਼ਾਦ ਹੋਈ)

ਏਥੇ ਐਵੇਂ ਇਕ ਗਵੇੜ ਜਿਹਾ ਖੇਡਣ ਲਗ ਪਿਆ ਏ ਸਾਡੇ ਨਾ.ਲ। ''ਆ ਜੋ ਤੇ ''ਆਜ਼ਾਦ'' ਹਿਕਾ ਲਫ਼ਜ਼ ਈ ਨਹੀਂ ਸਿੰਧੀ ਤੇ ਫ਼ਾਰਸੀ ਵਿਚ ਦੋ ਰੂਪ ਕੀਤੀ ਬੈਠਾ? ਆ ਜੋ, ਆਇ ਜਾਇ, ਮੈਂ ਜਾਇਆ, ਆਇ ਜ਼ਾਦ? ਆਇ (ਮੈਂ) ਜਦ ਕੁਦਰਤ ਦੀ ਵਾਜ ਹੋਵੇ ਤਾਂ ਮੈਂ ਜਾਇਆ ਹੋਵਣ ਕੁਦਰਤ ਹੋਵਣ ਹੈ। ਪਰ ਜਦ ਮੈਂ ਕੁਦਰਤੋਂ ਟੁੱਟੇ ਵੱਖਰੇ ਵਿਜੋਗੇ ਜੀ ਦਾ ਭਰਮ ਬਣ ਜਾਵੇ ਤਾਂ ਉਹਦਾ ਜਾਇਆ ਭਰਮ ਜਾਇਆ ਹੈ। ਸੋਹਣੀ ਦੇ ਇਹ ਬੋਲ ਕੁਦਰਤ ਦੀ ਨਵੇਂ ਸਿਰਿਓਂ ਜਾਈ ਹਸਤੀ ਦੇ ਬੋਲ ਨੇਂ।(ਸਾਡੀ ਇਹ ਗੱਲ ਐਵੇਂ ਖੇਡ ਖਿਆਲ ਹੈ ਸਾਡੀਆਂ ਸਾਰੀਆਂ ਅਤਾਈ ਲਿਖਤਾਂ ਹਾਰ। ਉਲਮਾਵਾਂ ਨੂੰ ਬਾਂਹਾਂ ਟੁੰਗਣ ਦੀ ਖੇਚ.ਲ ਕਰਣ ਦੀ ਲੋੜ ਤੇ ਨਹੀਂ ਹੋਣੀ ਚਾਹੀਦੀ ਪਰ ਉਹ ਉਲਮਾਈ ਹੀ ਕੀ ਹੋਈ ਜਿਹੜੀ ਬਾਂਹਾਂ ਟੁੰਗਣ ਵਿਚ ਢਿੱਲ ਕਰੇ।)

ਰਾਤ ਸੋਹਣੀ ਜਿਹੀਆਂ ਦਾ ਲਾਇਆ ਰੰਗ ਹੈ। ਕਾ.ਲਾ। ਜਿਹਦੇ ਵਿਚ ਵਿਹਾਰ ਦਾ ਚਟਾਕ ਨਹੀਂ।ਇਹ ਰੰਗ ਖੇਡ ਖਿਆਲ ਹੈ ਜਿਹਨੂੰ ਖੇਡਣ ਨਾ.ਲ ਨਵੀਂ ਹੋਂਦ ਬਣੀ ਏ। ਤੇ ਉਰਾਰ ਹੀ ਪਾਰ ਥੀ ਗਿਆ ਏ। ਵੰਗ ਹੱਥਲ ਹੋਵਣ ਵੀ ਹੈ (ਫ਼ਾਰਸੀ) ਤੇ ਤਾਕਤ, ਇਖ਼ਤਿਆਰ ਵੀ। ਬੇ ਅਖ਼ਤਿਆਰੀ ਇਖ਼ਤਿਆਰ ਥਈ ਹੈ, ਇਹੋ ਵਸਲ ਹੈ। ਵਿਹਾਰੀ ਹੋਂਦ ਨੂੰ ਤਜ ਕੇ ਕੁਦਰਤ ਨਾ.ਲ ਇਕਾਈ।

ਸੋ ਸੋਹਣੀ ਦੀ ਕਰਨੀ ਮਲ ਵਿਹਾਰ ਨੂੰ ਉਲਥਣ ਦਾ ਨਿਸ਼ਾਨਾ ਧਰੇਂਦੀ ਏ ਖ਼ਲਕਤ ਮੂਹਰੇ। ਮਲ ਵਿਹਾਰ ਹੈ ਕੀ। ਕੰਮਾਂ ਦੀ ਵੰਡ ਨੇ ਬੰਦਿਆਂ ਨੂੰ ਦੋਂਹ ਮੇਲਾਂ ਵਿਚ ਵੰਡ ਦਿੱਤਾ। ਕਰਣਹਾਰ ਮੇਲ ਤੇ ਕਰਨੀ ਦਾ ਫਲ ਸਾਂਭਣਹਾਰ ਮੇਲ। ਸਾਂਭਣਹਾਰ ਹਾਕਮ ਹੋਏ ਤੇ ਕਰਣਹਾਰ ਅਧੀਨ। ਰਿਜ਼ਕ ਦੀ ਉਗਾਸ ਤੇ ਸਹੇੜ ਮਿਲਾਪ ਦਾ ਸੋਮਾ ਨਾ ਰਹੀ, ਵਿਜੋਗ ਦਾ ਭੋਗ ਬਣ ਗਈ। ਘਣੇ ਰੂਪ ਵਟਾਏ ਨੇਂ ਮਲ ਵਿਹਾਰ। ਪਰ ਇਹਦੇ ਤਰੋੜ ਦੀ ਆਸ ਪਿਆਸ ਵੀ ਖ਼ਲਕ ਦੇ ਅੰਦਰ ਤੁਲਦੀ ਧੜਕਦੀ ਆਈ ਏ ਮੁੱਢੋਂ ਨਵਿਓਂ ਨਵੀਂ ਉਥੱਲਵੀਂ ਸੁਰਤ ਸਾਰ ਦੇ ਐਰ ਉਲੀਕਦੀ। ਸੁਰ ਤੇ ਜੋੜ ਬਣ ਦਿਲਾਂ ਦੇ ਅੰਦਰ ਘਰ ਕਰੇਂਦੀ। ਵਿਹਰ ਬਣ ਪਿੜਾਂ ਵਿਚ ਲਹਿੰਦੀ। ਇਕ ਪਿੜ ਸ਼ਾਹ ਲਤੀਫ਼ ਦੇ ਵੇਖਦਿਆਂ ਵੀ ਲਗਾ। ਸ਼ਾਹ ਜੀ 1690 ਵਿਚ

ਜੰਮੇ।ਆਪ ਦੀ ਚੜ੍ਹਦੀ ਜਵਾਨੀ ਵੇਲੇ ਇਕ ਸੂਝਵਾਨ ਫ਼ਕੀਰ ਸੂਫ਼ੀ ਸ਼ਾਹ ਇਨਾਇਤ ਤੇ ਉਨ੍ਹਾਂ ਦਿਆਂ ਸੰਗੀਆਂ ਭੋਏਂ ਭਾਂਡਾ ਸਾਂਝਾ ਚਾ ਕੀਤਾ। ਵੱਖੋ ਵੱਖ ਮਾਲਕੀ ਵਾਲਾ ਵਰਤਾਰਾ ਮੁਕਾ ਵਾਹੀ ਸਾਂਝੀ ਕਰ ਲਈ। ਇਹ ਨਵੀਂ ਵਰਤ ਥਾਉਂ ਥਾਈਂ ਹੁਲਣ ਲਗੀ। ਸ਼ਾਹ ਇਨਾਇਤ ਦੀ ਝੋਕੋਂ ਬਾਹਰ ਵੀ ਰਾਹਕਾਂ ਵਾਹਕਾਂ ਦਾ ਉਲਾਰ ਇਹਦੇ ਵੱਲ ਹੋਵਣ ਲਗਾ ਤਾਂ ਮਾਲਿਕ ਵਡੇਰਿਆਂ ਵਿਚ ਘਣੀ ਚਿੰਤਾ ਧੁਖ ਪਈ। ਉਨ੍ਹਾਂ ਰਲ ਲਸ਼ਕਰ ਜੋੜਿਆ। ਮੁਗ਼ਲ ਬਾਦਸ਼ਾਹ ਫ਼ਰੁਖ਼ਸਿਅਰ ਨੂੰ ਵੰਗਾਰਿਓ ਨੇ । ਸੂਬੇਦਾਰ ਦਿਲਿਓਂ ਹੁਕਮ ਘਿਦਾ ਤੇ ਮਾਲਿਕ ਵਡੇਰ ਲਸ਼ਕਰ ਨਾਲ਼ ਰਲ਼ ਝੋਕ ਨੂੰ ਘੇਰਾ ਘੱਤਿਓਸ। ਝੋਕ ਵਾਲਿਆਂ ਦੁਆਲੇ ਖਾਈ ਖੱਟ ਲਈ ਆਹੀ। ਉਨ੍ਹਾਂ ਰਾਤੀਂ ਨਿਕਲ਼ ਵਡੇਰ ਫ਼ੌਜ ਨੂੰ ਸੱਟ ਫੱਟ ਲਾ ਛਾਈਂ ਮਾਈਂ ਹੋ ਵੈਣਾ। ਕਈਂ ਮਹੀਨੇ ਲੰਘੇ। ਅੱਕ ਥੱਕ ਵਡੇਰਿਆਂ ਛੱਲ ਖੇਡਿਆ। ਕੁਰਆਨ ਦਾ ਝੰਡਾ ਚਾ ਸ਼ਾਹ ਇਨਾਇਤ ਨੂੰ ਸੁਲ੍ਹਾ ਕੀਤੇ ਆਪਣੇ ਡੇਰੇ ਸਦੀਉ ਨੇਂ । ਓਥੋਂ ਹੱਥਕੜੀ ਲਾ ਠੱਠੇ ਬੰਦੀਖ਼ਾਨੇ ਚਾ ਸਟਿਓ ਨੇਂ।ਟਿੱਲ ਲਾਇਓ ਨੇਂ ਸ਼ਾਹ ਇਨਾਇਤ ਨੂੰ ਲਹਿਰ ਠੱਪ ਦੇਣ ਤੇ ਰਾਜ਼ੀ ਕਰਣ ਲਈ। ਉਹ ਨਾ ਮੰਨੇ ਤਾਂ 7 ਜਨਵਰੀ 1718 ਨੂੰ ਉਨ੍ਹਾਂ ਨੂੰ ਕਤਲ ਚਾ ਕੀਤੋ ਨੇਂ ਤੇ ਝੋਕ ਵਿਚ ਕਤਲਾਮ।

ਸ਼ਾਹ ਲਤੀਫ਼ ਜਾਂ ਸੋਹਣੀ ਨੂੰ ਦਰਿਆ ਵਿਚ ਠਿੱਲਦਿਆਂ ਵਖਾਇਆ ਤਾਂ ਸਿੰਧੀ ਜੋੜ ਵਿਚ ਇਕ ਫ਼ਾਰਸੀ ਸ਼ਿਅਰ ਵੀ ਬੋਲ ਪਿਆ ਏ। ਪੂਰਾ ਸ਼ਿਅਰ ਇਹ ਹੈ।

ਸਰ ਦਰ ਕਦਮੇ ਯਾਰ ਫ਼ਿਦਾ ਸ਼ੁਦ ਚਿ ਬਜਾ ਸ਼ੁਦ
ਈਂ ਬਾਰ ਗਿਰਾਂ ਬੂਦ ਅਦਾ ਸ਼ੁਦ ਚਿ ਬਜਾ ਸ਼ੁਦ
(ਸਿਰ ਯਾਰ ਦੇ ਕਦਮੀਂ ਫ਼ਿਦਾ ਥੀਆ ਭਲਾ ਹੋਇਆ
ਇਹ ਘਣਾ ਭਾਰ ਹਾ ਅਦਾ ਥੀਆ ਭਲਾ ਹੋਇਆ)

ਰੀਤ ਹੈ ਜੋ ਇਹ ਫ਼ਾਰਸੀ ਸ਼ਿਅਰ ਸ਼ਾਹ ਇਨਾਇਤ ਦਾ ਹੈ। ਸ਼ਹੀਦੀ ਵੇਲੇ ਉਨ੍ਹਾਂ ਦੀ ਜ਼ਬਾਨ ਤੇ ਏਹਾ ਸ਼ਿਅਰ ਹਾ। ਏਸ ਸੈਂਤਰ ਰਾਹੀਂ ਸ਼ਾਹ ਲਤੀਫ਼ ਸੋਹਣੀ ਦੀ ਕਰਨੀ ਨੂੰ ਵਿਹਾਰ ਨਾਬਰ ਆਸ਼ਕੀ ਦੀ ਰਮਜ਼ ਬਣਾਇਆ ਹੈ। ਝੋਕ ਵਾਣ ਆਸ਼ਿਕ ਨੇਂ। ਉਨ੍ਹਾਂ ਭੋਏਂ ਭਾਂਡਾ ਸਾਂਝਾ ਕਰ ਕੁਲ ਨਾਲ਼ ਇਕ ਹੋਵਣ ਦੇ ਰਾਹੇ ਪੈਰ ਪਾਇਆ ਹੈ। ਉਹ ਮਲ ਵਿਹਾਰਾ ਕੱਪਰ ਝਾਗ ਆਪਣੇ ਤੱਤ ਸਤ ਵਿਚ ਲੀਨ ਹੋ ਮਰ ਜੀਵੇ ਨੇਂ।ਆਪਣੀ ਕਰਨੀ ਦੀ ਪੋਹ[3] ਈ ਉਨ੍ਹਾਂ ਦੀ ਸਾਰ ਬਣੀ ਏ। ਆਪਣੀ ਸਾਰ ਦਾ ਮਾਨਣ ਹੀ ਮਹਿਬੂਬ ਨਾਲ਼, ਕੁਲ ਨਾਲ਼, ਇਕ ਹੋਵਣ ਦਾ ਰਾਹ ਥੀਆ ਏ।

ਕੁਲ ਇਕਾਈ ਵਾਲੀ ਵਿਚਾਰ ਲੀਹ ਜਿਹਨੂੰ ਸ਼ਾਹ ਇਨਾਇਤ ਕਰਨੀ ਵਿਚ ਢਾਲਿਆ ਏ, ਦਸੇਂਦੀ ਏ ਜੋ ਹਰ ਹੋਂਦ ਦੂਜੀ ਨਾਲ਼ ਇਕ ਤੱਤ ਹੈ ਅਸਲੋਂ।ਦੂਜ ਅਸਲ ਦੀ ਨਹੀਂ ਸੂਰਤ ਦੀ ਏ।ਇਹ ਦੂਜ ਵਸੀਲਾ ਹੈ ਹੋਂਦਾਂ ਵਿਚ ਅੰਦਰਲੀ ਇਕਾਈ ਨੂੰ ਮਾਨਣ ਦੀ ਅਰੋਕ ਤਾਂਘ ਜਗਾਵਣ ਦਾ।ਦੂਜ ਵਖਰੇਪ ਦੀ ਨਹੀਂ ਮਿਲਾਪ ਦੀ ਸਰਦਲ ਹੈ, ਇਹ ਸੁਰਤ ਸਾਰ ਬੰਦਾ ਜੂਨ ਨੇ ਆਪਣੀ ਵਾਰ ਵਿਚੋਂ ਲਧੀ ਹੈ। ਵਾਰ ਨੇ ਇਕ ਹੱਥ ਨਾਲ਼ ਕੰਮ ਵੰਡ ਸਿਰ ਉਸਰੀ ਮੇਲ਼ਬੰਦੀ ਰਾਹੀਂ ਵਖਰੇਪ ਦਾ ਭਰਮ ਭੁਲਾਵਾ ਧੁਮਾਇਆ ਤੇ ਦੂਜੇ ਹੱਥ ਨਾਲ਼ ਉਸ ਭਰਮ ਭੁਲਾਵੇ ਦੇ ਤਰੋੜ ਦੀ ਸੂਝ ਜਗਾਈ। ਹੀਰ ਸੋਹਣੀ ਤੇ ਸੱਸੀ ਦੀਆਂ ਕਹਾਣੀਆਂ ਰਮਜ਼ ਬਣੀਆਂ ਏਸ ਸੂਝ ਦੇ ਜਾਗਣ ਦੀ। ਸੂਝ ਨੂੰ ਕਰਨੀ ਬਣਾਵਣ ਦੀ।

ਸ਼ਾਹ ਇਨਾਇਤ ਦੀ ਝੋਕ ਦਾ ਵਿਹਾਰ ਕੋਈ ਨਵੇਕਲੀ ਵਾਪਰ ਨਾ ਆਹੀ। ਇਹ ਕੁਝ ਉਭਰਿਆ ਵਿਖਾਲ਼ਾ ਹਾ ਬੰਦੇ ਦੇ ਅੰਦਰ ਚਿਰਾਂ ਤੋਂ ਸਰਦੀ ਪਲਦੀ ਰੀਝ ਦਾ। ਮਲ ਵਿਹਾਰ ਨੂੰ ਇਹ ਰੀਝ ਅਸਲੋਂ ਵਾਰੇ ਨਹੀਂ। ਇਹਦਾ ਉਭਰ ਕੇ ਵਰਤਣ ਬਣ ਵੰਜਣ ਮਲ ਵਿਹਾਰ ਦੀ ਮੌਤ ਏ। ਸੋ ਟਿੱਲ ਲਾਉਂਦਾ ਹੈ ਮਲ ਵਿਹਾਰ ਏਸ ਰੀਝ ਨੂੰ ਕੁਝ ਹੋਰ ਬਣਾ ਵਿਖਾਵਣ ਲਈ। ਅਸਲੇ ਦੇ ਉਲਟਾਅ ਵਿਚ ਢਾਲਣ ਲਈ। ਮਲ ਵਿਹਾਰ ਦੀ ਸਾਰੀ ਰਹਿਰੀਤ ਇਹੋ ਟਿੱਲ ਹੈ।ਪਰ ਦੱਬਦੀ ਝੌਂਦੀ ਇਹ ਰੀਝ ਅਚੇਤੀ ਉਭਰ ਵੀ ਖਲੋਂਦੀ ਏ। ਝੋਕ ਵੀ ਅਜਿਹਾ ਉਭਾਰ ਹੈ। ਇਹ ਅਗੋਂ ਨਵੀਂ ਕਿਰਤ ਦੀ ਆਸ ਭਰਵਾਸ ਬਣ ਸਿੰਧ ਦੀ ਫ਼ਕਰ ਸ਼ਿਅਰ ਰੀਤ ਵਿਚ ਰਸ ਗਿਆ। ਤੇ ਇਹਦਾ ਚੇਤਾ ਫ਼ਕੀਰੀ ਜੋੜਕਾਰਾਂ ਦੀ ਚਿਤਾਰ[4] ਬਣ ਖ਼ਲਕਤ ਨੂੰ ਬੋਹੜਿਆ।ਝੋਕ ਗੁਜ਼ਰ ਨਹੀਂ ਗਈ ਨਿੱਤ ਹਾਜ਼ਰ ਹੈ।ਸਿੰਧੀ ਫ਼ਕਰ ਜੋੜ ਰੀਤ ਵਿਚ ਕਿਧਰੇ ਤੇ ਝੋਕ ਦੀ ਸਿੱਧੀ ਗੇਣ ਹੈ ਜਿਵੇਂ ਬੇਦਿਲ ਫ਼ਕੀਰ ਵਿਚ:

ਪੁਰਜੇ ਮਾਮ ਕੂੰ ਸੂਫ਼ੀ ਬੇ ਸਰ ਸ਼ਾਹੀ ਤਬਲ ਵਜਾਵਣ ਦੀ ਤੇ ਕਿਧਰੇ ਝੋਕ ਰਮਜ਼ ਰਸ ਵਿਚ ਰਚ ਸੈਂਤਰਾਂ ਪਈ ਕਰੇਂਦੀ ਏ ਜਿਵੇਂ ਸੁਰ ਸੋਹਣੀ ਵਿਚ। ਝੋਕ ਦੀ ਚਿਤਾਰ ਸ਼ਾਇਰਾਂ ਤੇ ਸੁਣੀਅਰਾਂ ਨੂੰ ਉਲੇਰਦੀ ਏ। ਆਪਣੇ ਆਲੇ-ਦੁਆਲੇ, ਦੂਰ ਨੇੜੇ ਹੋਰ ਅਜਿਹੇ ਉਭਾਰਾਂ ਦੀ ਸੂਹ ਰੱਖੋ। ਰਾਵੀ ਦੇ ਕਿਨਾਰੇ ਵੀ ਐਨ ਉਸੇ ਵੇਲੇ ਇਕ ਝੋਕ ਉਭਰੀ। ਇਹ ਰਾਵੀ ਦੇ ਕਿਨਾਰੋਂ ਵਰਤੀਜੀ ਨਾਨਕੀ ਇਕਾਈ ਲਹਿਰ ਦਾ ਉਭਾਰ ਹਾ। ਹਾਜ਼ਰ ਵਿਹਾਰ ਦੇ ਰਾਜ ਰਜਵਾੜਿਆਂ ਨੇ ਅਤੇ ਉਪਰ ਤਣੀ ਮੁਗ਼ਲ ਸ਼ਾਹੀ ਨੇ ਦੋ ਸਦੀਆਂ ਦਾਅ ਧਾਵਿਆਂ ਨਾਲ਼ ਏਸ ਉਭਾਰ ਨੂੰ ਦਬਾਈ ਰੱਖਣ ਦਾ ਆਹਰ ਕੀਤਾ। ਪਰ ਇਹ ਉਭਾਰ ਨਾ ਟੱਲਿਆ। ਸਤਾਰ੍ਹਵੀਂ ਸਦੀ ਦੇ ਅਖ਼ੀਰਲੇ ਪੜਾਅ ਗੋਬਿੰਦ ਸਿੰਘ ਨਾਨਕੀ ਲਹਿਰ ਦੇ ਅਗਵਾਣ ਆਹੇ। 1708 ਵਿਚ

(ਸ਼ਾਹ ਇਨਾਇਤ ਤੋਂ ਦਾਹ ਵਰ੍ਹੇ ਪਹਿਲੋਂ) ਉਹ ਤੇ ਵਿਹਾਰੀ ਹਾਕਮੀ ਦੇ ਦਾਅ ਧਾਵਿਆਂ ਪਾਰੋਂ ਜਹਾਨੋਂ ਟੁਰ ਗਏ ਪਰ ਉਨ੍ਹਾਂ ਦੀ ਅਗਵਾਈ ਵਿਚ ਆਏ ਲਹਿਰ ਉਭਾਰ ਨੇ ਰਾਹਕਾਂ ਕਮੇਰਾਂ ਨੂੰ ਇਕ ਉਥਲ ਕਾਰ ਜੁੜਤ ਵਿਚ ਜੋੜ ਖਲ੍ਹਾਰਿਆ। ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਲਹਿਰ ਦੀ ਸ਼ਕਲ ਕਿਵੇਂ ਵਟੀ ਤੇ ਇਹ ਆਪ ਆਪਣਾ ਤਰੋੜ ਕਿਵੇਂ ਬਣ ਗਈ। ਇਹ ਵੱਖਰੀ ਕਹਾਣੀ ਏ। ਇਥੇ ਅਸਾਂ ਏਸ ਲਹਿਰ ਦੇ ਗੋਬਿੰਦ ਸੰਘੀ ਉਭਾਰ ਦੇ ਝੋਕ ਉਭਾਰ ਨਾਲ਼ ਜੋੜ ਦੀ ਗੱਲ ਕਰਨੀ ਏ ਥੋੜ੍ਹੀ ਜਿਹੀ।ਸ਼ਾਹ ਲਤੀਫ਼ ਦਾ ਪੂਰਾ ਕਲਾਮ ਜੁੜਿਆ ਹੈ ਸ਼ਾਹ ਦੇ ਰਸਾਲੇ (ਸ਼ਾਹ ਜੋ ਰਿਸਾਲੋ) ਵਿਚ।ਡਾਕਟਰ ਨਬੀ ਬਖ਼ਸ਼ ਬਲੋਚ ਦੇ ਸੋਧੇ ਰਸਾਲੇ ਦੇ ਅੰਤ ਵਿਚ ਕੁਝ ਸ਼ਾਇਰੀ ਸਰਾਈਕੀ ਵਿਚ ਵੀ ਹੈ।ਕੁਝ ਹਿੰਦੀ ਵਿਚ ਵੀ।ਸੁਰ ਬੈਰਾਗ ਹਿੰਦੀ ਵਿਚ ਦੋ ਦੋਹੜੇ ਗੁਰੂ ਗੋਬਿੰਦ ਨੂੰ ਚਿਤਾਰਦੇ ਨੇਂ:

ਗੁਰੂ ਗੋਬਿੰਦ ਦੋਨੋਂ ਖੜੇ ਮੈਂ ਕਿਸ ਕੇ ਲਾਗੂੰ ਪਾਉਂ
ਹਮ ਬਲਿਹਾਰੀ ਉਸ ਗੁਰੂ ਕੇ ਜਿਸ ਗੋਬਿੰਦ ਬਤਾਇਆ ਨਾਉਂ
ਗੁਰੂ ਗੋਬਿੰਦ ਦੋਹੇਂ ਖੜੇ ਪਾਗੀਂ ਲਗਾਂ ਮੈਂ ਕਾਂਹ
ਮੈਂ ਵਾਰੀ ਤਿਸ ਗੁਰੂ ਕੇ ਜਿਸ ਗੋਬਿੰਦ ਮਿਲਾਇਆ ਮਾਂਹ

ਸੋਧਕਾਰ ਦੀ ਪਰਚੋਲ ਇਹ ਹੈ ਜੋ ਸਿਰਾਈਕੀ ਤੇ ਹਿੰਦੀ ਕਲਾਮ ਸ਼ਾਹ ਲਤੀਫ਼ ਦਾ ਨਹੀਂ।(ਸੋਧਕਾਰ ਇਹਨੂੰ ਰਸਾਲੇ ਦਾ ਕਲਾਮ ਆਖਿਆ ਹੈ।ਨਾ ਸਹੀ।ਪਰ ਰਸਾਲੇ ਵਿਚ ਇਨ੍ਹਾਂ ਦੋਹੜਿਆਂ ਦਾ ਆਵਣ ਇਹ ਤਾਂ ਦਸੇਂਦਾ ਹੈ ਜੋ ਰਸਾਲਾ ਜੋੜਨ ਵੇਲੇ ਗੁਰੂ ਗੋਬਿੰਦ ਦਾ ਨਾਂ ਸ਼ਾਹ ਲਤੀਫ਼ ਦੇ ਕੰਮ ਵਿਚ ਰੱਖਣ ਕੋਈ ਓਪਰੀ ਗੱਲ ਨਾ ਆਹੀ ਜੋੜਨ ਵਾਲਿਆਂ ਤੇ ਸੁਣੀਅਰਾਂ ਲਈ।

ਸ਼ਾਹ ਲਤੀਫ਼ 1752 ਵਿਚ ਗੁਜ਼ਰ ਗਏ। ਸਚਲ ਸਰਮਸਤ (1739–1827) ਨੇ ਆਪਣੇ ਸ਼ਾਗਿਰਦ ਸ਼ਾਇਰ ਯੂਸੁਫ਼ ਦਾ ਨਾਂ ਨਾਨਕ ਯੂਸੁਫ਼ ਕਰ ਦਿਤਾ, ਉਹਦਾ ਇਲਮ ਅਮਲ ਤੇ ਗੁਣ ਵੇਖ ਕੇ। ਨਾਨਕ ਯੂਸੁਫ਼ ਵੀ ਆਪਣੀਆਂ ਕਾਫ਼ੀਆਂ ਵਿਚ ਗੁਰੂ ਗੋਬਿੰਦ ਨੂੰ ਚਿਤਾਰਦੇ ਨੇਂ।

ਗੁਰੂ ਗੋਬਿੰਦ ਤੋਂ ਬਲਿਹਾਰੀ ਬਸ ਗਿਆਨ ਬਤਾਊ ਵਾਹ ਵਾ
ਗੁਰ ਕਾ ਜਾਮਾ ਰੰਗ ਰੰਗ ਨਾਮਾ
ਆਂਦਾ ਪੋਸ਼ ਨਵਾਂ ਨੂਰਾਮਾ
ਪਾਈ ਗੁਰਮੁਖ ਪਰਖ ਉਤਾਰੀ
ਮੇਰੋ ਮਨ ਪਰਚਾਓ ਵਾਹ ਵਾ

ਇਹ ਵੀ ਠੀਕ ਏ ਜੋ ਨਾਨਕ ਯੂਸੁਫ਼ ਦੇ ਗੁਰੂ ਗੋਬਿੰਦ ਸਚਲ ਈ ਨੇਂ।ਪਰ ਆਪਣੇ ਮੁਰਸ਼ਦ ਨੂੰ ਗੁਰੂ ਗੋਬਿੰਦ ਦਾ ਨਾਂ ਦੇਵਣ ਹੀ ਉਹ ਗਲ ਹੈ ਜਿਹਦੇ ਵਲ ਅਸਾਂ ਧਿਆਨ ਪਏ ਕਰਵਾਨੇ ਆਂ।

ਸਚਲ ਹੋਰਾਂ ਆਪਣੇ ਕਲਾਮ ਵਿਚ ਕਈਂ ਵਾਰੀ ਰਾਵੀ ਵਲ ਸੈਂਤਰ ਕੀਤੀ ਏ।

ਰਹਿਣਾ ਰਾਵੀ ਦੇ ਕਿਨਾਰ, ਰਾਂਝੂ ਨਾਲ਼ ਬਹਿਣਾ

ਮੁਲਤਾਨ ਨਾਲੋਂ ਵੀ ਲੰਘੀ ਏ ਰਾਵੀ ਕਈਂ ਸਦੀਆਂ, ਲੱਗਦੀ ਹੱਟਦੀ ਜਿਵੇਂ ਸਭਾ ਹਾਨਈਂ ਦਾ ਜਦੋਂ ਆਜ਼ਾਦ ਆਹੀਆਂ। ਤਾਂ ਈ ਗੰਜ ਬਖ਼ਸ਼ ਹਜਵੇਰੀ ਲਾਹੌਰ ਨੂੰ ਮੁਲਤਾਨੀ ਮੁਜ਼ਾਫ਼ਾਤ ਵਿਚ ਗਿਣਿਆ ਨੇਂ।ਔਰੰਗਜ਼ੇਬ ਦੇ ਵੇਲੇ ਗਜ਼ਟੀਅਰ ਦੱਸਦਾ ਏ ਦੋ ਤਰੈ ਮੀਲ ਤੇ ਆਹੀ ਰਾਵੀ ਮੁਲਤਾਨੋਂ।ਸੋ ਰਾਵੀ ਦਾ ਕਿਨਾਰ ਮੁਲਤਾਨ ਤੇ ਹੋਇਆ ਈ।ਪਰ ਸਚਲ ਦੀ ਸੈਂੱਤਰ ਵਿਚ ਕੋਈ ਹੋਰ ਗੱਲ ਪਈ ਦਿੱਸਦੀ ਏ। ਹੀਰ ਨੂੰ ਚਨਾਂਹ ਦੀ ਰਾਠਾ ਚਾਰ ਵਸੋਂ ਛੋੜ ਰਾਵੀ ਦੇ ਕਿਨਾਰੇ ਉਭਰਦੀ ਨਵੀਂ ਉੱਥਲ ਲਹਿਰ ਵਿਚ ਰਲਣ ਦੀ ਤਾਂਘ ਹੈ। ਉਹਦੇ ਲਈ ਇਹੋ ਰਾਂਝੂ ਨਾਲ਼ ਬਹਿਣ ਹੈ। ਨਾਨਕ ਯੂਸੁਫ਼ ਵੀ ਥਾਉਂ ਥਾਏਂ ਰਾਵੀ ਵਾਲੀ ਰਮਜ਼ ਅਲੇਂਦੇ ਨੇਂ:

--ਵੰਜ ਕੇ ਰਹਸੂੰ ਰਾਜ ਮਾਹੀ ਦੇ ਲੰਘ ਕੇ ਰਾਵੀ ਦੇ ਕਿਨਾਰੇ
--ਚਲੋ ਚਲੋ ਸਈਆਂ ਰਾਂਝਣ ਯਾਰ ਵੇਖੋ ਆਇਆ ਰਾਵੀ ਕਣੋਂ ਕਰ ਵਤ ਹਾਲ ਕੇਹਾ
--ਸ਼ਾਹੀ ਛੋੜ ਤਖ਼ਤ ਹਜ਼ਾਰਾ ਆ ਕਰ ਮੱਲਿਓਸੁ ਰਾਵੀ ਦਾ ਕਿਨਾਰਾ

ਨਾਨਕੀ ਲਹਿਰ ਨਾਲ਼ ਸਿੰਧ ਵਸੇਂਦੇ ਇਨ੍ਹਾਂ ਜੋੜਕਾਰਾਂ ਦਾ ਜੋੜ ਏਸ ਪਾਰੋਂ ਹੈ ਜੋ ਨਾਨਕੀ ਲਹਿਰ ਤੇ ਝੋਕ ਲਹਿਰ ਦਾ ਤੱਤ ਇਕੋ ਹੈ। ਮੇਲ ਵੰਡਦਾ ਮੁਕਾਅ ਤੇ ਸਾਂਝ ਵਰਤਣ ਰਾਹੀਂ ਕੁੱਲ ਇਕਾਈ ਦਾ ਮਾਨਣ 1521 ਵਿਚ ਨਾਨਕ ਨੇ ਰਾਵੀ ਦੀ ਸਜੀ ਕੰਧੀ ਉਤੇ ਇਕ ਝੋਕ ਉਸਾਰੀ ਕਰਤਾਰਪੁਰ। ਰਹਿੰਦਾ ਜੀਵਨ ਉਨ੍ਹਾਂ ਏਸ ਝੋਕ ਨੂੰ ਸਾਂਝ ਵਰਤਣ ਦਾ ਸੋਮਾ ਬਣਾਵਣ ਵਿਚ ਲਾਇਆ। ਨਾਨਕ ਦਾ ਲੰਗਰ ਰਿਜ਼ਕ ਦੀ ਸਾਂਝ ਦਾ ਨਿਸ਼ਾਨ ਏ, ਉਪਜ ਤੇ ਵੰਡ ਦੀ ਸਾਂਝ ਦਾ।

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ

ਹੋਸੀ ਭੀ ਸਚੁ ॥(ਪੰਨਾ-੧)

ਆਦਿ ਹੈ ਮੁੱਢ, ਪੌਂਦ। ਜੁਗਾਦਿ ਹੈ ਜਗ ਦੀ ਝੋਤ[5] ਵੇਲੇ ਦੀ।ਪਰ ਆਦ ਤੇ ਲੈਣ ਏ, ਦਿਤਾ ਘਿਨਣ।ਆਦ ਖਾਵਣ ਵੀ ਏ, ਖ਼ੁਰਾਕ, ਰਿਜ਼ਕ। ਆਦ ਆਹਰ ਵਿਢਣ ਵੀ ਹੈ, ਬੋਲਣ ਲੱਗ ਪੌਣ ਵੀ।ਤੇ ਜੁਗ ਹੋਇਆ ਜੋੜੀ ਬਣਨ।ਸੋ ਜੁਗਾਦਿ ਹੋਇਆ ਘਿਨਣ ਲਈ ਜੁੜਨ, ਦਿੱਤਾ ਘਿਨਣ ਲਈ ਬਾਂਹੀਂ ਜੋੜਨ।ਰਿਜ਼ਕ ਭਾਲਣ ਉਪਜਾਵਣ ਲਈ ਇੱਕਸੁਰ ਥੀਵਣ।ਨਹੀਂ? ਨਾਲ਼ ਈ ਉਲਮਾਵਾਂ ਦੀ ਟੋਕ ਆਈ ਏ।"ਹੋਸ਼ ਕਰੋ ਓਏ। ਡਿਕਸ਼ਨਰੀ ਨਹੀਂ ਕੋਲ਼ ਤੇ ਮੰਗ ਲਓ ਕਿਸੇ ਕੋਲੋਂ।ਜ਼ੇਰ ਜ਼ਬਰ ਦਾ ਫ਼ਰਕ ਨਹੀਂ ਪਿਆ ਦਿੱਸਦਾ ਆਦਿ ਤੇ ਆਦ ਵਿਚ? ਜਾਓ ਨਜ਼ਰ ਟੈਸਟ ਕਰਵਾਉ।ਤੇ ਅਸਾਂ ਇਹੋ ਈ ਆਖ ਸਕੇ ਆਂ।ਸਰਕਾਰ ਮਿੱਟੀ ਪਾਉ ਐਵੇਂ ਖੇਡੇ ਲਗੇ ਹੋਏ ਆਂ।ਬਾਲ ਜੋ ਹੋਏ।ਉਲਮਾਅ ਮਿੱਟੀ ਤੇ ਪਾਵੰਦੇ ਨੇਂ ਪਰ ਕਿਸੇ ਗੱਲ ਨਾਲ਼ ਈ। ਉਹ ਗੱਲ ਕੀ ਏ। ਚਲੋ ਛਡੋ ਮਿੱਟੀ ਪਾਉ।

ਪਰ ਇਹ ਸਚੁ ਕੀ ਹੈ। ਸੰਸਕ੍ਰਿਤ ਦੇ ਆਲਮ ਡਾਕਟਰ ਸਾਹਿਬ ਸਿੰਘ ਗੁਰਬਾਣੀ ਦੀ ਸਮਝਾਵਣੀ ਲਿਖੀ। ਉਹ ਦਸੇਂਦੇ ਨੇਂ ਜੋ ਲਫ਼ਜ਼ ਸਚੁ ਦਾ ਮੂਲ ਹੈ "ਅਸ" "ਅਸ" ਹੋਵਣ ਹੈ, ਹੋਂਦ ਵਿਚ ਆਵਣ ਹੈ। ਤੇ "ਅਸ" ਹੱਥੋਂ ਛਡਣ ਵੀ ਏ, ਹੱਥ ਆਈ ਸ਼ੈ ਦਾਨ ਕਰਣ। ਸਾਹਿਬ ਸਿੰਘ ਹੋਰਾਂ ਜੋੜਿਆ ਨਹੀਂ ਦੋਹਾਂ "ਅਸਾਂ" ਨੂੰ।ਪਰ ਦੋਏ "ਅਸ" ਮਿਲ ਕੇ ਆਖਦੇ ਨੇਂ ਜੋ ਹੱਥ ਆਈ ਸ਼ੈ ਦਾ ਛੋੜਨ, ਦਾਨ ਕਰਣ ਈ ਹੋਂਦ ਵਿਚ ਆਵਣ ਹੈ। ਇਹੋ ਆਖਿਆ ਹੈ ਨਾਨਕ। ਇਹ ਮੁਢ ਹੈ ਨਾਨਕ ਦੀ ਆਖਣੀ ਦਾ। ਇਹ ਮੁੱਢ ਉਹਦੀ ਪੂਰੀ ਲਿਖਤ ਵਿਚ ਘੁਲ ਰਚ ਨਿਸੱਰਦਾ ਤੇ ਰੰਗ ਲਾਉਂਦਾ ਏ।

ਰਿਜ਼ਕ ਉਪਜਾਵਣ ਲਈ ਜੁੜਤ ਸਾਰਣ ਤੇ ਉਪਜਾਏ ਰਿਜ਼ਕ ਨੂੰ ਪੂਰੀ ਜੁੜਤ ਵਿਚ ਸਾਂਝਾ ਕਰਣ ਈ ਹੋਵਣ ਏ। ਦਾਨ ਵਰਤਣ ਈ[6] ਜੀਵਨ ਏ। ਇਹ ਵਰਤਣ ਵਰਤੀਜੇ ਤਾਂ ਈ ਹਯਾਤੀ ਟੁਰਦੀ ਏ।

ਜੇ ਆਦਿ ਜੁਗਾਦਿ ਸਚੁ ਨਹੀਂ, ਜੀਵਕਾ ਕਮਾਵਣ ਦਾ ਆਹਰ ਜੀਆਂ ਨੂੰ ਜੋੜੇਂਦਾ ਨਹੀਂ, ਵੱਖੋ ਵੱਖ ਕਰੇਂਦਾ ਏ। ਕਮਾਇਆ ਜੀਵਕਾ ਨਿਰੀ ਇੱਕ ਇਕੱਲੇ ਜੀ ਦੀ ਮਲ ਏ ਤਾਂ ਜੀਵਕਾ ਕਮਾਵਣ ਦਾ ਆਹਰ ਜੀਵਨ ਨਹੀਂ ਮੌਤ ਏ। ਹੋਵਣ ਨਹੀਂ ਅਨ-ਹੋਵਣ ਏ। ਦਾਨ ਵਰਤਣ ਈ ਜੀਵਨ ਹਾ ਤੇ ਹੈ ਤੇ ਹੋਸੀ ਵੀ।

ਡਾ. ਸਾਹਿਬ ਸਿੰਘ ਦਾ ਇਲਮ ਉਨ੍ਹਾਂ ਨੂੰ ਸੱਚ ਦੇ ਮੂਲ ਤਾਈਂ ਤੇ ਘਿਨ ਆਇਆ। ਪਰ ਅਗੇ ਬੰਨ੍ਹ ਹਾ ਰੀਤਲ ਧਰਮ ਦਾ। ਉਹ ਬੰਨ੍ਹ ਉਲੰਘਣ ਉਨ੍ਹਾਂ ਦੇ ਵਸ ਨਾ ਹਾ।ਨਾ ਹੋਰ ਆਲਮਾਂ ਦੇ (ਹੁਣ ਤੇ ਹਮਾਤੜ ਜਾਹਿਲਾਂ ਦੇ ਵਸ ਵੀ ਕੋਈ ਨਹੀਂ ਰਿਹਾ)। ਖ਼ਬਰੇ ਜੇ ਉਹ ਅਸ ਦੀ ਦੂਜ

ਮੁਕੇਂਦੇ ਤਾਂ ਆਦਿ ਜੁਗਾਦਿ ਦੀ ਜ਼ੇਰ ਜ਼ਬਰ ਦਾ ਭੇਤ ਵੀ ਖੋਲ ਵਖੇਂਦੇ।ਤੇ ਸੱਚ ਨੂੰ ਜੀਵਨ ਵਸਣ ਦੀ ਵਾਰ ਤੋਂ ਬਾਹਰਾ ਰੀਤਲ ਧਰਮੀ ਤੱਤ ਬਣਾਵਣ ਦੀ ਲੋੜ ਨਾ ਨੇਂ ਪੋਂਦੀ।ਖ਼ਬਰੇ।ਚਲੋ ਅਸੀਂ ਏਸ ਲੜੀ ਦੇ ਕੁਝ ਹੋਰ ਜੋੜ ਪੜ੍ਹੇਨੇ ਆਂ ।

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨਾ ਹੋਵਈ ਜੇ ਲਾਇ ਰਹਾ ਲਿਵ ਤਾਰ॥ (ਪੰਨਾ-੧)

ਸੋਚ ਏਥੇ ਵਿਚਾਰ ਨਹੀਂ ਪਾਕੀ ਏ ਇਸ਼ਨਾਨ। (ਇਹ ਵੀ ਸਾਹਿਬ ਸਿੰਘ ਹੋਰਾਂ ਦਾ ਈ ਦੱਸਿਆ ਹੈ) ਲੱਖ ਵਾਰੀ ਪਏ ਧਾਓ ਧੋਵੋ ਪਾਕ ਪਾਣੀਆਂ ਨਾਲ਼ ਪਾਕੀ ਨਹੀਂ ਆ ਸਕਦੀ। ਚੁਪ ਦਾ ਮੁਰਾਕਬਾ ਕੀਤੀਆਂ ਅੰਦਰ ਦਾ ਚੈਨ ਨਹੀਂ ਲੱਭਦਾ, ਮਨ ਦੀ ਮੂੰਝ ਤੇ ਚਿੰਤਾ ਨਹੀਂ ਮੁਕਦੀ।ਲਖ ਸਮਾਧੀਆਂ ਲਾਓ ਤੇ ਯੋਗ ਧਿਆਉ ਪਏ।ਦੇਹ ਦੀ ਪਾਕੀ ਤੇ ਮਨ ਦਾ ਸਹਿਜ ਜੀਵਕਾ[7] ਕਮਾਵਣ ਖਾਵਣ ਦੇ ਕਰਮ ਵਿਚੋਂ ਈ ਆ ਸਕਦੇ ਨੇਂ।ਜਿਹੜਾ ਖਾਵਣ ਦੂਜਿਆਂ ਨੂੰ ਭੁੱਖ ਨੰਗ ਦੀ ਮਜਬੂਰੀ ਦੇ ਕੇ ਮਿਲਦਾ ਏ ਉਹ ਆਪਣੇ ਨਾਲ਼ ਦੂਜਿਆਂ ਵੱਲੋਂ ਸ਼ੱਕ ਸਹਿੰਸਾ ਵੀ ਲਿਆਉਂਦਾ ਏ ਤੇ ਆਪਣੀ ਆਂਦੀ ਦੇ ਖੁੜਨ ਦਾ ਧੜਕੂ ਵੀ ਤੇ ਆਂਦੀ ਨੂੰ ਲਗਾਤਾਰ ਵਧਾਈ ਆਵਣ ਦੀ ਲੋੜ ਵੀ। ਉਹ ਮਨ ਵਿਚ ਦੋਸ਼ ਦੀ ਪਲੀਤੀ ਵਾਲਾ ਚੋਰ ਵੀ ਲਿਆ ਬਹਾਉਂਦਾ ਏ। ਸੋ ਪਲੀਤੀ ਤੇ ਬੇਚੈਨੀ ਮਲਵਾਨ ਸੁਰਤ ਦੇ ਅਨਿੱਖੜਵੇਂ ਅੰਗ ਬਣ ਵੈਂਦੇ ਨੇਂ।ਰੀਤਲ ਪੈਂਤਰਿਆਂ ਵਾਲੇ ਉਪਰਾਲੇ ਇਨ੍ਹਾਂ ਦਾ ਉਪਾਅ ਨਹੀਂ ਕਰ ਸਕਦੇ।

ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨਾ ਚਲੈ ਨਾਲਿ ॥
(ਪੰਨਾ-੧)

ਭੁਖ (ਲਾਲਚ) ਤੇ ਮੂਲ ਏ ਜੀਵਕੇ ਦੀ ਅਸਾਂਝ ਦਾ। ਰਿਜ਼ਕ ਦੀ ਅਪਧਰੀ ਵੰਡ ਲਾਲਚ ਪਾਰੋਂ ਈ ਤੇ ਹੈ ਤੇ ਲਾਲਚ ਉਹਦੇ ਪਾਰੋਂ । ਜਦ ਲਾਲਚ ਈ ਰਿਜ਼ਕ ਉਪਾਵਣ ਦੇ ਆਹਰ ਦੀ ਜੜ੍ਹ ਥੀ ਵੰਜੇ ਤਾਂ ਫਲ ਫੁਲ ਵੀ ਲਾਲਚ ਦਾ ਈ ਰੂਪ ਸਰੂਪ ਹੋਣੇ ਹੋਏ। ਤੇ ਇਹ ਰੂਪ ਸਰੂਪ ਈ ਲਾਲਚ ਦੇ ਬ੍ਰੇਅੰਤ ਪਸਾਰ ਦੇ ਬੀ ਬਣ ਤਨ ਮਨ ਵਿਚ ਗਡੀਵਣੇ ਹੋਏ। ਸਿਆਣਪਾਂ ਕੀ ਕਰਣ ਜਦ ਤਾਈਂ ਲਾਲਚ ਦੀ ਜੜ੍ਹ ਨਾ ਪਟੀਜੇ। ਸਿਆਣਪਾਂ ਸਗੋਂ ਆਪ ਭਰਮ ਬਣ ਵੈਂਦੀਆਂ ਨੇਂ ਅਣ੍ਵਰਤੀ ਚੰਗਿਆਈ ਦਾ। ਤੇ ਸਿਆਣਪਾਂ ਦੇ ਵਿਖਾਵੇ ਦਾ ਲਾਲਚ ਹੋਇਆ ਵੀ ਮੀਸਣਾ।

ਪੁਰੀਆ ਭਾਰ ਬੰਨ੍ਹਣ ਹੈ ਸਾਰੀ ਵਸੋਂ ਦੀ ਪੂਰੀ ਕੀਤੀ ਆਪਣੇ ਪੇਟੇ ਪਾਵਣ। ਮਲ ਦੀ ਜਾਈ ਸੁਰਤ ਰੋਗ ਦੇ ਵਧਾਅ ਨੂੰ ਈ ਉਪਾਅ ਬਣਾ ਵਖੇਂਦੀ ਏ। ਹੋਰ ਕਰੇ ਵੀ ਕੀ ਉਹ।

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਪੰਨਾ-੧)

ਸਚਿਆਰਾ ਸਚ ਆਲਿਆ ਹੈ ਸੱਚ ਦਾ ਘਰ (ਡਾ. ਸਾਹਿਬ ਸਿੰਘ ਦੀ ਦੱਸ)।ਜੀ ਸਚਿਆਰਾ ਤਾਂ ਈ ਹੋ ਸਕਦਾ ਜੇ ਪੂਰੀ ਵਰਤਣ ਸੱਚ ਦਾ ਘਰ ਹੋਵੇ। ਉਹ ਵਰਤਣ ਜਿਹਦਾ ਤੱਤ ਸਤ ਈ ਦਾਨ ਹੈ। ਹੱਥ ਵਿਚ ਫੜਨ ਹੈ ਈ ਹੱਥੋਂ ਛੱਡਣ ਲਈ।ਇਹੋ ਅਸਲ ਹੋਂਦ ਹੈ। ਪਰ ਏਸ ਵੇਲੇ ਅਹੋਂਦ ਹੋਂਦ ਬਣੀ ਬੈਠੀ ਏ। ਹੱਥ ਖੂਹ ਮੁਛ ਕੇ ਜਫਣ ਦਾ ਵਸੀਲਾ ਨੇਂ ਦਾਨ ਦਾ ਨਹੀਂ।ਮਲ ਪਾਲ਼ ਬਣੀ ਖਲੋਤੀ ਏ। ਪਾਲ਼ ਕੰਧ ਹੈ, ਪੜਦਾ (ਜਿਵੇਂ ਡਾ. ਸਾਹਿਬ ਸਿੰਘ ਦਸੀਂਦੇ ਨੇਂ) ਪਰ ਪਾਲ਼ ਕਤਾਰ ਵੀ ਏ, ਪ੍ਰਬੰਧ। ਪਾਲ਼ ਪਾਲਣ ਪਕਾਵਣ ਵੀ ਏ। ਏਸ ਕੂੜ ਪਾਲ਼ ਦਾ ਤਰੋੜਨ ਤੇ ਦਾਨ ਵਿਹਾਰ ਦਾ ਸਾਰਨ ਇਕੋ ਈ ਕੰਮ ਏ। ਏਸ ਕੰਮ ਤੇ ਲਗਣ ਕੁਦਰਤ ਦੇ ਹੁਕਮ ਤੇ ਚਲਣ ਹੈ। ਹੁਕਮ ਕੁਦਰਤ ਦਾ ਵਰਤਾਰਾ ਹੈ ਫ਼ਰਮਾਨ ਨਹੀਂ। "ਹੁਕਮੁ ਨ ਕਹਿਆ ਜਾਈ।" ਕੁਦਰਤ ਆਪ ਸਚਿਆਰਾ ਹੈ। ਘਿਨਣ ਤੇ ਦਾਨਣ ਈ ਕੁਦਰਤ ਦੀ ਹੋਂਦ ਏ। ਪਰ ਕੁਦਰਤ ਜੀਵਨ ਹੋਵਣ ਦੀ ਵਾਰ ਤੋਂ ਬਾਹਰਾ ਕੋਈ ਤੱਤ ਨਹੀਂ । ਉਹ ਜੀਵਨ ਦੀ ਵਾਰ ਦੇ ਵਿਚ ਏ। ਉਹ ਆਪ ਜੀਵਨ ਦੀ ਸਿਰਜਣਹਾਰ ਵੀ ਏ ਤੇ ਸਿਰਜਣਾ ਵੀ।

ਹੁਕਮ ਲਫ਼ਜ਼ ਜੁਗਾਂ ਤੋਂ ਮ਼ਲਵਾਨੀ ਦੇ ਧਰੋ ਨਾ਼ਲ ਜੁੜਿਆ ਆਇਆ ਏ। ਨਾਨਕ ਨੇ ਹੁਕਮ ਲਫ਼ਜ਼ ਨੂੰ ਉਹਦੇ ਚਾਲੂ ਅਰਥਾਂ ਦਾ ਉਲਟਾ ਬਣਾ ਦਿੱਤਾ ਏ।

ਸੋ ਰਾਵੀ ਦੇ ਕਿਨਾਰੇ ਵਰਤੀਂਦਾ ਲੰਗਰ ਕੋਈ ਰੀਤ਼ਲ ਸਖ਼ਾਵਤ ਨਹੀਂ।ਜਗਤ ਸਚਿਆਰਾ ਵਸਾਵਣ ਦਾ ਢੋ ਏ। (ਉਨ੍ਹੀਵੀਂ ਸਦੀ ਦੇ ਦੂਜੇ ਅੱਧੇ ਨਾਨਕੀ ਲਹਿਰ ਦੇ ਝੋਣ ਮਗਰੋਂ ਮਲ ਵਿਹਾਰੀ ਨੀਤੀ ਦੇ ਪਰਛਾਵੇਂ ਹੇਠ ਲੰਗਰ ਵਰਤਣ ਦਾ ਤੱਤ ਹੋਵਣ ਦੀ ਥਾਵੇਂ ਇਕ ਧਾਰਮਿਕ ਰਸਮ ਬਣ ਗਿਆ।) ਗੋਬਿੰਦ ਸਿੰਘ ਵੀ ਚਿੜੀਆਂ ਕੋਲੋਂ ਬਾਜ ਤੁੜਾਵਣ ਦੀ ਤੇ ਬਾਤਸ਼ਾਹੀ ਗ਼ਰੀਬਾਂ ਨੂੰ ਦੇਵਣ ਦੀ ਗੱਲ ਈ ਨਹੀਂ ਕੀਤੀ। ਪੂਰਾ ਜੀਵਨ ਏਸ ਗੱਲ ਨੂੰ ਵਰਤਾਰਾ ਬਣਾਵਣ ਦੇ ਜਤਨ ਨਾਵੇਂ ਲਾ ਦਿੱਤਾ।

ਰਾਵੀ ਦੇ ਕਿਨਾਰੇ ਵੀ ਉਸ ਵੇਲੇ ਇਕ ਸ਼ਾਹ ਇਨਾਇਤ ਹੈ ਨੇਂ। ਕੁਲ ਇਕਾਈ ਦੀ ਵਿਚਾਰ ਲੀਹ ਨੂੰ ਵਰਤਣ ਬਣਾਵਣ ਦੇ ਮਤੇ ਪਾਰੋਂ ਆਪਣੇ ਦੇਸ ਕਸੂਰੋਂ ਕਢੀਜੇ ਤੇ ਲਾਹੌਰ ਆ ਬੈਠੇ ਨੇਂ।ਉਨ੍ਹਾਂ ਦੇ ਮੁਰੀਦ ਬੁਲ੍ਹੇ ਸ਼ਾਹ (1680-1757) ਸ਼ਾਹ ਲਤੀਫ਼ ਦੇ ਹਾਣ ਆਹੇ। ਨਾਨਕ ਯੂਸੁਫ਼ ਦੇ ਬੋਲ ਨੇਂ

ਸ਼ਾਹ ਇਨਾਇਤ ਆਲੀ ਆਰਿਫ਼ ਬੁਲ੍ਹੇ ਸ਼ਾਹ ਦਾ ਵਾਲੀ
ਪਾਰਸ ਪਥਰ ਨਾਲ਼ ਘਿਸੇਂਦਾ

ਬੁਲ੍ਹੇ ਸ਼ਾਹ ਵੀ ਗੋਬਿੰਦ ਸਿੰਘੀ ਉਭਾਰ ਤੇ ਝੋਕ ਉਭਾਰ ਡਿੱਠਾ, ਇਨ੍ਹਾਂ ਉਭਾਰਾਂ ਨਾਲ਼ ਮੁਗ਼ਲ ਸ਼ਾਹੀ ਦਾ ਟਾਕਰਾ ਵੀ। ਆਪ ਆਪਣੀ ਲਿਖ ਕਰਨੀ ਤੇ ਕਰ ਲਿਖਣੀ ਨਾਲ਼ ਖ਼ਲਕ ਵੈਹਰ ਦੀ ਸਿਆਸਤ ਦੇ ਧੁਰ ਜਾ ਖਲੋਤੇ। ਬੁਲ੍ਹੇ ਸ਼ਾਹੀ ਕਾਫ਼ੀਆਂ ਵਿਚ ਨਾਨਕੀ ਲਹਿਰ ਦੇ ਗੋਬਿੰਦ ਸਿੰਘ ਤੋਂ ਪਹਿਲੇ ਅਗਵਾਣ ਤੇਗ਼ ਬਹਾਦਰ ਦੀ ਗੱਲ ਐਵੇਂ ਨਹੀਂ ਆਈ:

ਕਿਤੇ ਚੋਰ ਹੋ ਕਿਧਰੇ ਕਾਜ਼ੀ ਹੋ, ਕਿਤੇ ਮਿੰਬਰ ਤੇ ਬਹਿ ਵਾਇਜ਼ੀ ਹੋ
ਕਿਤੇ ਤੇਗ਼ ਬਹਾਦਰ ਗ਼ਾਜ਼ੀ ਹੋ, ਆਪੇ ਆਪਣਾ ਕਟਕ ਚੜ੍ਹਾਈ ਦਾ
ਹੁਣ ਕਿਸ ਥੀਂ ਆਪ ਛੁਪਾਈ ਦਾ
ਕਹੂੰ ਤੇਗ਼ ਬਹਾਦਰ ਗ਼ਾਜ਼ੀ ਹੋ, ਆਪ ਆਪਣਾ ਪੰਥ ਬਣਾਇਆ ਹੈ
ਪਾਇਆ ਹੈ ਕੁਝ ਪਾਇਆ ਹੈ, ਤੈਂ ਆਪ ਸਰੂਪ ਵਟਾਇਆ ਹੈ

ਤੇਗ਼ ਬਹਾਦਰ 1675 ਵਿਚ ਦਿਲੀ ਔਰੰਗਜ਼ੇਬ ਦੇ ਹੁਕਮ ਤੇ ਕਤਲ ਥਏ।

"ਤੈਂ" ਕੁਦਰਤ ਹੈ।ਬੇ ਨਾਂ ਬੇ ਸੂਰਤ। ਇਹ ਰਲਤ ਨਾਲ਼, ਸਾਂਝੇ ਕਾਰ ਨਾਲ਼, ਨਾਂ ਸੂਰਤ ਬਣ ਵੈਂਦੀ ਏ। ਰਲਤ ਨਾਲ਼ ਵਾਅ ਪਾਣੀ ਭੋਏਂ ਥੀਂਦੀ ਏ।ਜਨਾਵਰ ਜੂਨ ਥੀਂਦੀ ਏ। ਵਾਰ ਬਣਾਉਂਦੀ ਏ ਤੇ ਆਪ ਵੀ ਵਾਰ ਬਣ ਰੂਪ ਵਟੇਂਦੀ ਏ। ਕੁਲ ਇਕਾਈ ਵਿਚਾਰ ਲੀਹ ਵਾਲੇ ਸੂਝਵਾਨ ਵੰਡਿਆਂ ਰੂਪਾਂ ਨੂੰ ਗੋਖਦੇ ਨੇਂ ਉਨ੍ਹਾਂ ਦਾ ਆਪਸੀ ਲਾਗ ਪਰਖਦੇ ਨੇਂ । ਕਾਫ਼ੀਆਂ ਵਿਚ ਤੇਗ਼ ਬਹਾਦਰ ਹਾਜ਼ਰ ਵਾਰ ਵਿਚ ਕੁਦਰਤ ਦਾ ਸਰੂਪ ਹੈ। ਜਿਹਨੂੰ ਕਾਜ਼ੀਆਂ ਵਾਜ਼ਿਆਂ ਦਾ ਵਿਹਾਰੀ ਰੂਪ ਸਿਆਣਦਾ ਨਹੀਂ । ਬੁਲ੍ਹੇ ਸ਼ਾਹੀ ਕਾਫ਼ੀਆਂ ਦੀ ਬਣਤਰ ਰੰਗ ਹੈ। ਕੁਲ ਇਕਾਈ ਵਾਲੀ ਸੋਚ ਰੰਗ ਖੇਡ ਕੇ ਖ਼ਲਕਤ ਨੂੰ ਵਾਰ ਦਾ ਪੰਧ ਸੁਝਾਉਂਦੀ ਏ।

ਰਾਵੀ ਦੇ ਕਿਨਾਰੇ ਤੇ ਸਚਲ ਬੁਲ੍ਹੇ ਸ਼ਾਹ ਨੂੰ ਵੇਖਦੇ ਨੇਂ ਤੇ ਉਨ੍ਹਾਂ ਨੂੰ ਏਸ ਵਿਚਾਰ ਲੀਹ ਲੱਗ ਟੁਰੇ ਸ਼ਹੀਦਾਂ ਆਸ਼ਕਾਂ ਵਿਚ ਗਿਣਦੇ ਨੇਂ।ਮਨਸੂਰ ਸ਼ਮਸ ਅਤਾਰ ਦੀ ਲੜੀ ਵਿਚ। ਸਚਲ ਦੀ ਇਕ ਕਾਫ਼ੀ ਵਿਚ ਬੁਲ੍ਹੇ ਸ਼ਾਹ ਤੇ ਝੋਕ ਵਾਲੇ ਸ਼ਾਹ ਇਨਾਇਤ ਇਕੱਠੇ ਵੀ ਆਏ ਨੇਂ:

ਜੀਅ ਆਏਂ ਭਲੀ ਆਏਂ ਤੂੰ
ਕੇਂਹ ਮੰਜ਼ਿਲ ਮੂੰ ਪੁਹੰਚਾਈਂ ਤੂੰ
ਬੁਲ੍ਹੇ ਸ਼ਾਹ ਖੇ (ਨੂੰ) ਜ਼ਿਬ੍ਹਾ ਕਰਾਇਆ ਈ
ਇਨਾਇਤ ਮੈਂ (ਵਿਚ) ਮੈਦਾਨ ਮਰਾਇਆ ਈ

ਬੁਲ੍ਹੇ ਸ਼ਾਹ ਆਪਣੇ ਮੁਰਸ਼ਦ ਸ਼ਾਹ ਇਨਾਇਤ ਦੇ ਇਸ਼ਕ ਨੂੰ ਜਿਵੇਂ ਮਾਣਿਆ ਹੈ ਤੇ ਜਿਵੇਂ ਏਸ ਇਸ਼ਕ ਨੂੰ ਆਪਣੀ ਵਿਹਾਰ ਉਥਲਨੀ ਸੁਰਤ ਸਾਰਦਾ ਸੋਮਾ ਬਣਾਇਆ ਹੈ। ਇਸ ਤੋਂ ਰਾਵੀ ਤੇ ਸਿੰਧ ਵਾਲੇ ਇਨਾਇਤ ਇਕ ਹੋਏ ਜਾਪਦੇ ਨੇਂ।ਦੋ ਤੇ ਉਹ ਹੁਣ ਵੀ ਨਹੀਂ।

ਇਕ ਨੁਕਤਾ ਯਾਰ ਪੜ੍ਹਾਇਆ ਹੈ
ਐਨ ਗ਼ੈਨ ਦੀ ਹਿੱਕਾ ਸੂਰਤ
ਨੁਕਤੇ ਸ਼ੋਰ ਮਚਾਇਆ ਹੈ
ਬੁੱਲ੍ਹਾ ਸ਼ੋਹ ਦੀ ਜਾਤ ਨਾ ਕਾਈ
ਮੈਂ ਇਨਾਇਤ ਪਾਇਆ ਹੈ

ਸੋ ਰਾਵੀ ਦੇ ਕਿਨਾਰੇ ਦੀ ਜੋੜਕਾਰੀ ਤੇ ਸਿੰਧ ਦੇ ਕਿਨਾਰ ਦੀ ਜੋੜਕਾਰੀ ਕਿਵੇਂ ਸਿਰ ਤੇ ਸੁਰ ਜੋੜੇਂਦੀਆਂ ਨੇਂ ਤੇ ਕਿਉਂ। ਇਹ ਗੱਲ ਵਾਰਕਾਰਾਂ ਨਾ ਗੌਲੀ ਨਾ ਫਰੋਲੀ। ਬੋਲੀਆਂ ਜੂਹਾਂ ਜਾਤਾਂ ਨਸਲਾਂ ਮਜ਼ਹਬਾਂ ਦੇ ਮਲ ਵਿਹਾਰ ਸਾਜੇ ਸਮ੍ਹਾਲੇ ਪਾੜ ਕੁਲ ਇਕਾਈ ਵਾਲੀ ਲੋਕ ਰੀਤ ਦੇ ਵਿਹਾਰ ਨਾਬਰ ਜੋੜਕਾਰਾਂ ਸੂਝਵਾਨਾਂ ਨੂੰ ਬੰਨ੍ਹਦੇ ਸੁੰਗੇੜਦੇ ਨਹੀਂ।ਸਗੋਂ ਖੋਲ੍ਹਦੇ ਤੇ ਅਸਲੋਂ ਨੇੜੇ ਕਰੇਂਦੇ ਨੇਂ।ਵਾਰਕਾਰ ਜੇ ਇਹ ਖੁੱਲ੍ਹ ਨੇੜ ਗੋਲਣ, ਹਿੰਦ ਸਿੰਧ ਵਿਚ ਈ ਨਹੀਂ ਸਾਰੇ ਜਹਾਨ ਦੀ ਵਾਰ ਵਿਚ, ਤਾਂ ਮਤੇ ਵਾਰਕਾਰੀ ਦਾ ਰੰਗ ਵੀ ਵਟੇ ਤੇ ਵਾਰ ਦੀ ਪੜ੍ਹਤ ਦਾ ਵੀ। ਤੇ ਵਾਰ ਦੀ ਨਵਰੰਗੀ ਪੜ੍ਹਤ ਵਾਰ ਨੂੰ ਨਵਿਆਂ ਕਰਣ ਵਿਚ ਹੱਥ ਪਵਾਏ।

ਝੋਕ ਵਾਲੇ ਸ਼ਾਹ ਇਨਾਇਤ ਸੂਫ਼ੀ ਇਨਾਇਤ ਕਰ ਕੇ ਜਾਣੇ ਪਛਾਣੇ ਜਾਂਦੇ ਨੇਂ।ਬੇਦਲ ਉਨ੍ਹਾਂ ਨੂੰ ਸੂਫ਼ੀ ਬੇਸਰ ਆਖਿਆ ਏ:

ਪੁਰ ਝੇ ਮਾਮ ਕੂੰ ਸੂਫ਼ੀ ਬੇਸਰ ਸ਼ਾਹੀ ਤਬਲ ਵੰਜਾਵਣ ਦੀ

(ਸਾਂਝ ਵਰਤਣ ਵਾਲੇ ਲੋਕ ਰਾਜ ਦਾ ਤਬਲ ਵਜਾਵਣ ਦੀ ਮਾਮ (ਰਮਜ਼) ਨੂੰ ਸੂਫ਼ੀ ਬੇਸਰ ਸਮਝਦਾ ਏ। ਇਹ ਮਾਮ ਖ਼ਲਕਤ ਦੀ ਗੁਝੀ ਤਾਕਤ ਹੈ।)

“ਬੇਸਰ ਵਾਲੀ ਅੱਲ ਦੇ ਪਿਛੇ ਵੀ ਇੱਕ ਲੋਕ ਰੀਤ ਹੈ। ਸ਼ਾਹ ਇਨਾਇਤ ਦਾ ਕਤਲ 1718 ਵਿਚ ਹੋਇਆ। ਸਿਰ ਲਾਹ ਕੇ ਦਿੱਲੀ ਟੋਰਿਓ ਨੇਂ।ਲੋਕ ਰੀਤ ਹੁਲੀ ਜੋ ਲੱਥੇ ਸਿਰ ਵਿਚੋਂ ਸਾਰਾ ਰਾਹ ਇਸ਼ਕ ਕਲਾਮ ਪਿਆ ਬੋਲਿਆ ਏ। ਏਸ ਕਲਾਮ ਨੂੰ ਸਹੇੜ ਜੁੰਗ ਬਣਾਈ ਗਈ। ਮਸਨਵੀ ਬੇਸਰ ਉਹਦਾ ਨਾਂ ਪਿਆ।ਸੂਫ਼ੀ ਲਫ਼ਜ਼ ਵੀ ਜਦੋਂ ਵੀ ਜਿਥੋਂ ਵੀ ਟੁਰਿਆ, ਯੂਨਾਨੀ ਸੋਫ਼ਿਸਟਾਂ ਵਿਚੋਂ ਯਾਂ ਅਰਬੀ ਅਸਹਾਬਏ ਸੁਫ਼ਾ ਵਿਚੋਂ, ਇਹ ਕੁਲ ਇਕਾਈ ਦੀਆਂ ਵਿਚਾਰਵਾਨਾਂ ਦੇ ਨਾਂ ਨਾਲ਼ ਜੁੜਦਾ ਗਿਆ ਪਰ ਆਸ਼ਕਾਂ ਦੇ ਨਾਂ ਨਾਲ਼ ਵਿਰਲਾ ਈ ਲਗਾ। ਸ਼ਾਹ ਇਨਾਇਤ ਉਨ੍ਹਾਂ ਵਿਰਲਿਆਂ ਵਿਚੋਂ ਨੇਂ।ਆਮ ਤੇ ਆਸ਼ਿਕ ਉਲਮਾਈ ਬੰਦ ਸੂਫ਼ੀਆਂ ਨੂੰ ਮਲ਼ਵਾਣਿਆਂ ਪੰਡਤਾਂ ਵਿਚ ਈ ਰਖੀਂਦੇ ਆਏ ਨੇਂ।ਮਾਧੋ ਲਾਲ਼ ਹੁਸੈਨ ਦੇ ਬੋਲ“ਅਮਲਾਂ ਉਪਰ ਹੋਗ ਨਬੇੜਾ ਕਿਆ ਸੂਫ਼ੀ ਕਿਆ ਭੰਗੀ” ਵਿਚ ਇਹੋ ਈ ਸੈਂਤਰ ਏ।

ਹੋਇਆ ਇਹ ਏਸ ਪਾਰੋਂ ਜੋ ਕੁਲ ਇਕਾਈ ਦੀ ਵਿਚਾਰ ਲੀਹ ਸਿਲਸਿਲੇਬੰਦੀ ਵਿਚ ਬੱਝ ਕੇ ਨਿਰਾ ਕਿਤਾਬੀ ਇਲਮ ਬਣਦੀ ਗਈ, ਸਿਲਸਿਲੇ ਬੰਦ ਰਸਮ ਰੀਤ ਵਿਚ ਗੁੰਨ੍ਹ ਤਲ ਸੰਘਣਾ ਕੀਤਾ ਇਲਮ।ਕਰਨੀਓਂ ਵਜੋਗਿਆ।ਮਲ ਵਿਹਾਰੀ ਕਾਰ ਮਖ਼ਤਾਰਾਂ ਦਾ ਟਿੱਲ ਇਹੋ ਈ ਏ ਜੋ ਵਿਚਾਰ ਲੀਹ ਨੂੰ ਕਰਨੀ ਨਾ ਬਣਨ ਦਿੱਤਾ ਜਾਵੇ। ਸੂਫ਼ੀ ਆਲਮ ਸਰਕਾਰੀ ਦਰਬਾਰੀ ਥਾਪੜ ਨਾਲ਼ ਵੱਜਣ ਗੱਜਣ।ਕੁਲ ਇਕਾਈ ਵਾਲੀ ਸ਼ਾਇਰੀ ਦਾ ਮਸ਼ਗ਼ੂਲਾ ਪਿਆ ਹੋਵੇ ਘਰ ਘਰ। ਉਹਦੇ ਉਤੇ ਹਾਲ ਧਮਾਲਾਂ ਪੈਣ ਪਈਆਂ। ਨਵੇਂ ਸੋ ਨਵੇਂ ਸੂਫ਼ੀ ਬੈਂਡ ਵਜਣ ਤੇ ਜਵਾਨਾਂ ਨੂੰ ਅਮਰੀਕੀ ਹਾਲ ਖਡਾਵਣ। ਕੁਲ ਇਕਾਈ ਇਲਮ ਦੇ ਲਿਖਤ ਤੋਬਰੇ ਬਣਾਏ ਜਾਵਣ। ਖ਼ਲਕਤ ਜਿਸ ਵਿਹਾਰ ਵਿਚ ਜਿਉਂਦੀ ਮਰਦੀ ਏ ਪਈ ਉਹਨੂੰ ਕੁਲ ਇਕਾਈ ਵਾਲੀ ਪਰਚੋਲ ਅਗੇ ਧਰ ਕੇ ਉਥਲਣ ਦੀ ਤੇ ਉਹਦੀ ਜਾਈਂ ਕੁਲ ਇਕਾਈ ਸਿਰ ਉਸਾਰਿਆ ਨਵਾਂ ਵਿਹਾਰ ਆਨਣ ਦੀ ਗੱਲ ਈ ਗੁਆ ਦਿਤੀ ਜਾਵੇ। ਵਿਜੋਗ ਭਰੇ ਲਿਖਤ ਤੋਬਰੇ ਪੜ੍ਹਿਆਰਾਂ ਦੇ ਮੂੰਹ ਅਗੇ ਬਣਾ ਦਿੱਤੇ ਜਾਵਣ। ਇਨ੍ਹਾਂ ਨੂੰ ਬਣਾਵਣ ਬਨ੍ਹਾਵਣ ਵਾਲੇ ਵਲੀਆਂ ਦੀਆਂ ਟੋਪੀਆਂ ਪਾ ਸ਼ੇਖ਼ੀ ਮਸ਼ਾਇਖ਼ੀ ਦਿਆਂ ਤਖ਼ਤਾਂ ਅਤੇ ਚੜ੍ਹੀ ਆਵਣ ਤੇ ਡਾਕਟਰੀ ਦੇ ਜੁਬੇ ਪਾ ਯੂਨੀਵਰਸਿਟੀਆਂ ਵਿਚ ਵੜੀ ਆਵਣ। ਤੇ ਖ਼ਲਕਤ ਨੂੰ ਜੋਅ ਕੇ ਮਲ ਵਿਹਾਰ ਦਾ ਖੂਹ ਗਿੜਵਾਈ ਆਵਣ। ਕੁਲ ਇਕਾਈ ਦਾ ਵਿਚਾਰ ਸਰਦਾ ਈ ਤਾਂ ਏ ਜੇ ਉਹ ਰਿਜ਼ਕ ਵਿਹਾਰ ਬਣੇ, ਵਾਹ ਵਰਤਣ ਬਣੇ, ਰਹਿਰੀਤ ਬਣੇ। ਜਿਵੇਂ ਝੋਕਾਂ ਵਿਚ ਬਣਿਆ। ਪਰ ਬਣੇ ਕਿਵੇਂ ਜੇ ਰਿਜ਼ਕ ਵਸੀਲੇ ਇਕ ਮੇਲ ਦੇ ਕਬਜ਼ੇ ਵਿਚ ਹੋਵਣ। ਤੇ ਕਬਜ਼ੇ ਵਿਚੋਂ

ਨਿਕਲਣ ਕਿਵੇਂ ਜੇ ਖ਼ਲਕ ਏਸ ਕੰਮ ਲਈ ਜੁੜ ਕੇ ਉਠ ਨਾ ਖਲੋਵੇ ਜਿਵੇਂ ਝੋਕਾਂ ਵਿਚ ਉਠੀ।ਖ਼ਲਕ ਨੂੰ ਜੁੜ ਉਠਣ ਜੋਗਾ ਨਾ ਹੋਵਣ ਦੇਣ ਲਈ ਵਿਹਾਰੀ ਆਗੂ ਤੇ ਉਨ੍ਹਾਂ ਦੇ ਸੂਝਵਾਨ ਰੰਗਾ ਰੰਗ ਦੇ ਪਾੜ ਵਰਤੇਂਦੇ ਨੇਂ ਲੋਕਾਈ ਨੂੰ।ਰੰਗਾ ਰੰਗ ਦਿਆਂ ਬੰਦਿਆਂ। ਨਸਲ ਬੰਦੀ, ਜੂਅ ਬੰਦੀ, ਕੌਮ ਬੰਦੀ, ਬੋਲੀ ਬੰਦੀ ਤੇ ਹੋਰ ਘਣੀਆਂ।ਮਜ਼ਹਬ ਬਿੰਦੀ ਵੀ ਇਨ੍ਹਾਂ ਪਾੜਾਂ ਵਿਚੋਂ ਈ ਏ।ਜੇ ਇਹ ਭਖ ਭੜਕੇ ਤੇ ਇਹਦਾ ਸੇਕ ਮਲ ਵਿਹਾਰੀ ਹਾਕਮੀ ਨੂੰ ਲੱਗਣ ਲਗੇ ਤਾਂ ਵਿਹਾਰੀ ਸੂਝਵਾਨ ਸੂਫ਼ੀ ਕੋਕ ਦੀਆਂ ਗਲਾਸੀਆਂ ਤਿਆਰ ਕਰਵਾ ਕੇ ਬਜ਼ਾਰ ਵਿਚ ਰਖੀਂਦੇ ਨੇਂ।ਨਾਲ਼ ਈ ਇਹ ਸੂਝਵਾਨ ਆਪਣੇ ਲਾਹੇ ਦੇ ਡੰਡੇ ਉਤੇ ਵਿਜੋਗੇ ਸੋਫ਼ ਦੀ ਟਾਕੀ ਬੰਨ੍ਹ ਕੇ ਝੰਡਾ ਬਣੇਂਦੇ ਨੇਂ ਤੇ ਮਲ ਵਿਹਾਰ ਦੇ ਬਲਦੇ ਰੇਤੜ ਨੂੰ ਜਿਥੇ ਕਮੇਰ ਪੈਰ ਛਾਲਿਓ ਛਾਲੀ ਨੇਂ, ਵਿਜੋਗੇ ਸੋਫ਼ ਦੀ ਅਮਨ ਸ਼ਾਂਤੀ ਦਾ ਤਰੌਂਕਾ ਕਰ ਕੇ ਠੰਡੀ ਸੜਕ ਬਣਾ ਵਿਖਾਵਣ ਦਾ ਟਿੱਲ ਲਾਈ ਆਉਂਦੇ ਨੇਂ ।ਮਲ ਸੋਧੇ ਸੂਫ਼ੀਆਂ ਨੂੰ ਧੜਕਾ ਹੈ ਸੂਫ਼ੀ ਇਨਾਇਤ ਦੇ ਉਠ ਖਲੋਵਣ ਦਾ, ਬਾਹਰੋਂ ਵੀ ਤੇ ਆਪਣੇ ਅੰਦਰੋਂ ਵੀ।

ਜਰ ਤੜ ਤਿਖ ਤਵਾਰ ਵਣ ਟਨ ਵਾਈ ਹੇਕੜੀ
ਸਭੇ ਈ ਸ਼ੈ ਥੀਆ ਸੂਰੀ ਸਜ਼ਾਵਾਰ
ਹਮਾ ਮਨਸੂਰ ਹਜ਼ਾਰ ਕਿਹੜਾ ਚਾੜ੍ਹਿਉ ਚਾੜ੍ਹਈਂ

ਸਮੁੰਦਰਾਂ ਦਾ ਕੰਧਿਆਂ ਤੇ ਗੂੰਜਦਾ ਤਰਿਖਾ ਸੱਦ, ਰੁੱਖਾਂ ਤੇ ਟਹਿਣੀਆਂ ਵਿਚ ਗਵੀਂਦਾ ਗਾਵਣ ਇਕ ਸੁਰ ਨੇਂ । ਸੋ ਏਸ ਹਿਸਾਬ ਸਭ ਸ਼ੈ ਸੂਲੀ ਚਾੜ੍ਹਨ ਜੋਗੀ ਹੋਈ ਪਈ ਏ। ਹਜ਼ਾਰਾਂ ਮਨਸੂਰ ਉਠ ਖਲੇ ਨੇਂ, ਬੁਲਬੁਲਾਂ ਦੇ ਬੋਲਾਂ ਵਿਚੋਂ ਵੀ ਮਨਸੂਰੀ ਵਾਜ਼ ਪਿਆ ਆਉਂਦਾ ਏ।ਕਿਹਨੂੰ ਕਿਹਨੂੰ ਚੜ੍ਹਾਵਣਾ ਜੇ ਸੂਲੀ। ("ਹਜ਼ਾਰ ਦਾਹ ਸੌ ਵੀ ਏ ਤੇ ਬੁਲਬੁਲ ਵੀ।)

ਸਭਿਤ ਪਚਾਰ ਪਿਰੀਂ ਜੀ ਸਭਿਤ ਹੋਤ ਹਜ਼ੂਰ
ਮੁਲਕ ਮਿੜਿਓ ਈ ਮਨਸੂਰ ਕੁਹੀ ਕੁਹੰਦਾ ਏਂ ਕੇਤਰਾ

ਹਰ ਜਾ ਪ੍ਰੀਤਮ ਦੀ ਗੱਲ ਛਿੜੀ ਪਈ ਏ। ਸਭ ਹੋਤ ਹਜ਼ੂਰ ਨੇਂ।ਕੁਲ ਖ਼ਲਕਤ ਮਨਸੂਰ ਹੋ ਜੁੜ ਉਠੀ ਏ। ਕਿਤਨੇ ਕੁਹਸੋ ਤੁਸਾਂ।(ਹੋਤ ਪੁਨੂੰ ਤੇ ਹੈ ਈ ਜੋ ਸ਼ਾਹੀ ਛੋੜ ਕਮੇਰ ਮਹਿਬੂਬ ਨਾਲ਼ ਮਿਲਿਆ ਏ।ਹੋਤ ਹੋਵਣ ਵੀ ਏ, ਵਿਹਾਰੀ ਹਸਤੀ ਲਾਹ ਕੇ ਤੱਤ ਸਤ ਨਾਲ਼ ਇਕ ਹੋਵਣ 1) ਇਹ ਸ਼ਾਹ ਲਤੀਫ਼ ਦੇ ਬੋਲ ਨੇਂ ਸੁਰ ਸੋਹਣੀ ਵਿਚੋਂ।ਤੇ ਨਾਲ਼ ਉਨ੍ਹਾਂ ਨੂੰ ਸਮਝਣ ਦਾ ਤਰਲਾ ਜੋ ਸਾਥੋਂ ਸਰਿਆ।

ਲੇਖ ਵਿਚ ਆਏ ਕੁਝ ਲਫ਼ਜ਼:
ਜੋੜ: ਸ਼ਿਅਰ, ਸ਼ਾਇਰੀ।

ਜੋੜਕਾਰ: ਸ਼ਾਇਰ।
ਵਾਰ: ਤਾਰੀਖ਼, ਹਿਸਟਰੀ।
ਵਾਰਕਾਰ: ਮੁਅਰਖ਼, ਹਿਸਟੋਰੀਅਨ, ਤਾਰੀਖ਼ਦਾਨ।
ਮੇਲ਼: ਤਬਕਾ, ਕਲਾਸ।
ਕਮੇਰ: ਕਾਮਾ, ਵਰਕਰ।

=

**ਫ਼ੁੱਟ ਨੋਟ:**

1–ਮਹਾਂਦਰ: ਨੁਮਾਇੰਦਾ, ਰੀਪ੍ਰੀਜਨਟੇਟਿਵ੍ਹ, ਪਛਾਣ, ਮੋਹਰੀ।
2–ਸਘ: ਤਾਕਤ, ਸਕਤ।
3–ਪੋਹ: ਅਸਰ
4–ਚਿਤਾਰ: ਖ਼ਿਆਲ, ਤਖ਼ਈਉਲ, ਇਮੈਜੀਨੇਸ਼ਨ
5–ਝੋਤ: ਸ਼ੁਰੂ, ਆਗ਼ਾਜ਼
6–ਵਰਤਣ: ਰਿਜ਼ਕ ਵਿਹਾਰ, ਮਈਅਸ਼ਤ, ਇਕਾਨੁਮੀ
7–ਜੀਵਕਾ: ਰੋਜ਼ੀ, ਜੀਵਨ ਲਈ ਲੋੜੇਂਦਾ ਰਿਜ਼ਕ, ਸਸਟੇਨੰਸ

*******

## ਕਿਤਾਬ: ਜੋੜ ਬਾਝ ਕੀ ਜੂੜੀ

(2017 ਸ. 15-16 )

❖

ਕਿਹੜਾ ਸ਼ਹਿਰ ਹੈ ਇਹ
ਬਦਲਾਂ ਦੀ ਜੰਞ ਢੁਕੀ ਏ ਜਿਥਾਂ
ਕੂਲੀਆਂ ਉਂਗਲਾਂ ਵਾਅ ਦੀਆਂ
ਤਾਰ ਛੇੜ ਮਲਹਾਰ
ਸੜਦੇ ਹਾੜ ਵਿਚ ਸਾਵਣ ਦਾ ਲਾਰਾ ਲਾ ਗਈਆਂ ਨੇਂ
ਸ਼ਹਿਰ ਇਹ ਉਹਾ ਨਹੀਂ?
ਜ਼ਹਿਰ ਕਹਿਰ ਹਾ ਜਿਹੜਾ ਬਾਬੇ ਨਾਨਕ ਵੇਲੇ
ਖ਼ਬਰੇ,
ਸ਼ਹਿਰ ਤੇ ਸਾਰੇ ਜ਼ਹਿਰ ਕਹਿਰ ਨੇਂ ਮੁਢੋਂ
ਘਾਲ ਦਾ ਰਸ ਇਥੇ ਕੜ੍ਹ ਕੜ੍ਹ ਵਿਸ ਹੋ ਜਾਂਦਾ ਏ
ਨਾੜੀਂ ਫਿਰਦੀ ਵਿਸ ਨੂੰ ਸੁਕਾ ਕੇ
ਸੁਰਮਾ ਕਰਣ ਲਈ ਥਕੀਆਂ ਅਖੀਂ ਦਾ
ਘਰ ਘਰ ਦਿਲ ਸਿਲ਼ ਪਿਸਦੀ ਏ
ਹੈ ਅਚੰਭਾ
ਛਿਟ ਵਿਚ ਹੰਜ ਫ਼ਕਰ ਦੀ ਪੈ ਜਾਏ
ਵਿਸ ਰਸ ਹੋ ਚੜ੍ਹ ਵੈਂਦੀ ਏ
ਢਾ ਸ਼ਹਿਰਾਂ ਨੂੰ
ਜ਼ਹਿਰ ਕਹਿਰਾਂ ਨੂੰ
ਸਾਂਝੀ ਪੈਲ਼ੀ ਕਰਣ ਨਾਲ਼ ਨਹੀਂ ਲਹਿੰਦੀ
ਕੁਝ ਹੋਰ ਵੀ ਕਹਿੰਦੀ ਏ

********

# ਕਿਤਾਬ: ਜੋੜ ਬਾਝ ਕੀ ਜੂੜੀ

(2017 ਸ. 44–45)

❖

ਬਾਬਾ ਆਖੇ ਵੇਖ ਭਾਈ ਮਰਦਾਨਿਆ
ਲਗਣ ਲਗੀ ਹੁਣ ਸੱਚੀ ਸ਼ਬਦ ਟਕਸਾਲ
ਟਕਸਾਲਾਂ ਵਿਚ ਅਗੇ ਘੜੇਂਦੇ ਆਏ ਸਿੱਕੇ
ਟਕੇ ਅਸ਼ਰਫ਼ੀਆਂ,
ਕਿਰਤ ਹਲਾਂ ਬਲਦਾਂ ਦੀ
ਚਰਖ਼ਿਆਂ ਖਡੀਆਂ ਦੀ
ਥਣਾਂ ਚਾਟੀਆਂ ਸਿਲਾਂ ਦਿਲਾਂ ਦੀ
ਪੋਟਿਆਂ ਅੱਡੀਆਂ ਦੀ
ਠਗ ਹੇੜ ਕੇ ਭੋਰੇ ਭੰਡਾਰੇ ਅਸ਼ਰਾਫ਼ਾਂ ਨੇ ਧਰਨੀ
ਗਿਣ ਮਿਥ ਮਨ ਸਹੇੜ ਕੇ ਸ਼ਾਹਾਂ ਆੜ੍ਹਤ ਮੰਡੀ ਖੜਨੀ
ਸੋਨਾ ਰੁਪਾ ਤੋਲ ਨਿਸ਼ਾਨੀ
ਮੁਹਰ ਮਿਲਖ ਦੀ ਜੜਨੀ
ਨਾਮ ਖ਼ੁਦਾ ਦੀਆਂ ਲੈ ਕੇ ਲਾਵਾਂ
ਰੰਗ ਰੰਗ ਮੱਥੇ ਕਿਲੇ ਮੁਹੱਲੇ ਤਬਲ ਤਬੇਲੇ ਭਰਨੇ
ਬਾਬਾ ਆਖੇ ਵੇਖ ਭਾਈ ਮਰਦਾਨਿਆ
ਲਗਣ ਲਗੀ ਹੁਣ ਸਚੀ ਸ਼ਬਦ ਟਕਸਾਲ
ਸ਼ਬਦ ਸ਼ਰਮ[1] ਹੈ
ਧਰਮ ਘਾਲ ਹੈ ਗਿਆਨ ਕਰਮ ਹੈ
ਹੁਣ ਘਾੜ ਖ਼ਲਕ ਦੀ ਤਨ ਮਨ ਵਿਚ ਰਚਣੀ ਓ
ਨਹੀਂ ਰਹਿਣੀਆਂ ਹੁਣ ਕੋਈ ਸ਼ਾਹੀਆਂ
ਸ਼ਰਮ ਨੂੰ ਵਖਰ[2] ਕਰਣ ਜੋ
ਨਾ ਮੁਲਵਾਣੀਆਂ ਨਾ ਪੰਡਤਾਈਆਂ
ਸ਼ਬਦ ਨੂੰ ਅਖਰ ਕਰਣ ਜੋ
ਸ਼ਬਦ ਟੁੱਕਰ ਹੈ ਘਰ ਵਸਤਰ ਹੈ
ਟੋਹ ਰਬਾਬ ਮਰਦਾਨੇ ਗੰਵਿਆ
ਬੁਝੀ ਜੁਗਾਂ ਦੀ ਹੁਣ ਮਚਣੀ ਓ ਬਾਬਾ

=

1. ਸ਼ਰਮ=ਮਿਹਨਤ, ਮੁਸ਼ੱਕਤ, ਲੇਬਰ, ਘਾਲ।
2. ਵੱਖਰ= ਮੂੜੀ, ਸਰਮਾਇਆ, ਕੈਪੀਟਲ, ਰਾਸ।

*******

# ਕਿਤਾਬ: ਪੰਧ ਪੁਰਾਣਾ ਹੈ
(2017 ਸ. 99)

**ਨਾਨਕ ਕਰਤਾਰਪੁਰੋਂ**
ਨਹੀਂ ਲਗਣ ਲਗਾ ਕੋਈ ਇਥਾਂ ਈ ਅਜ ਲੰਗਰ ਪਿਆਰੇ
ਰਲ ਵੱਸੇ ਜਿਥਾਂ ਜੀ ਚਾਰ
ਉਥਾਈਂ
ਗੁਝਦਾ ਈ ਆਇਆ ਏ ਸਾਂਝ ਦਾ ਆਟਾ
ਵਿਸਰੇ ਸਚ ਖ਼ਮੀਰ ਦੀ ਲਗਦੀ ਆਈ ਏ ਜਾਗ ਪ੍ਰੀਤ ਪਰਾਤੀਂ
ਨਵੀਂ ਹੋ ਕਢਦੀ ਆਈ ਪੇੜੇ
ਰੀਤ ਪੁਰਾਤਣ ਪਾਲ਼ ਸੰਭਾਲ਼ਦੀ,
ਤੰਦੂਰੀ ਤਾਉਂਦਾ ਈ ਆਇਆ ਏ ਵਾਹੀ ਗਾਹੀ ਦਾ ਸੇਕ
ਛੰਡ ਵਿਰਾਣੀ ਰਿਜ਼ਕ ਉਦਾਸੀ
ਸਹਿਜ ਤਰਾਣ ਵਰਤਾਉਂਦਾ ਈ ਆਇਆ ਏ,
ਲਹਿੰਦੀ ਏ ਜਿਹੜੇ ਰਾਹੋਂ ਗਰਾਹੀ ਅੰਦਰ ਪਿਆਰੇ
ਨਾਹੀ[1] ਧਿਗਾਣ ਉਗਰਾਹੀ ਦੀ ਉਥਾਂ
ਵਿਹਰ ਪਨੀਰੀ ਗਡਦੀ ਆਈ ਏ
ਨਾਹੀ[1] ਨਫ਼ੀ, ਨਿਗੇਸ਼ਨ

*******

# ਕਿਤਾਬ: ਇਕ ਵਸਤ ਅਗੋਚਰ ਜੋਹਨੀ

(2017 ਸ. 9)

❖

ਜੋੜ[1] ਖ਼ਾਕ ਦਾ ਰਾਗ
ਖ਼ਾਕ ਉਪਾਵਣ ਹਾਰ
ਪੈਰਾਂ ਪਰਣ ਖਲ੍ਹਾਰਣ ਹਾਰ
ਮਲ ਪਾਪੋਸ਼ਾਂ ਹੇਠ ਦਲੀਂਦੀ
ਜੁਗ ਜੁਗ ਉਪਰ ਹੋਣੀ
ਜੋੜ[1] ਖ਼ਾਕ ਦੀ ਆਪ ਸਿਰਜਣਾ
ਤੱਤ ਸਤ ਦੀ ਜਾਗ
ਜੋੜ ਫ਼ਰੀਦੀ ਨਾਨਕੀ
ਜੋੜ ਹੁਸੈਨੀ
ਸਚਲ ਲਤੀਫ਼ੀ ਬੁਲ੍ਹੇ ਸ਼ਾਹੀ
ਖ਼ਾਕ ਹੋ ਉਸਰੇ ਨਾਮ ਹੋ ਨਿਸਰੇ
ਜੀਓ ਜੀ ਵਰਤਾਰੇ ਖ਼ਾਕ ਦੇ ਭਾਗ

=

1 ਜੋੜ=ਸ਼ਾਇਰੀ।

*******

# ਕਿਤਾਬ: ਕੱਲ੍ਹ ਭਲਕ ਅਜੋਕ

(2017 ਸ. 61-62)

❖

ਤੂੰ ਨੈਂ ਜਿਸ ਦਮ ਅੰਦਰ ਲੰਘਿਓਂ
ਸੋ ਪਲ ਹੋਇਆ ਅਹਾਥ
ਡੁਬ ਗਵਾਚ ਗਈ
ਧੰਨ ਘੜੀ ਤਨ ਮਨ ਦੀ
ਕਾਂਗਾਂ ਫ਼ਸਲ ਹੋਈਆਂ
ਲਹਿਰ ਲਹਿਰ ਸਤ ਸਿਟਾ
ਕੁਲ ਵੇਲ਼ਾ ਵਿਥ ਵਿਹਲ ਹੋ ਅੰਗ ਅੰਗ ਵਿਚ ਵਿਛਿਆ
ਨੀਂਦਰ ਜਾਤ ਗਲਕੜੀ ਲਿਟਦੀਆਂ
ਤਰੀਆਂ ਮਿਟੀ ਹੋ
ਆਪੇ ਸੁਖਪਤਿ ਆਪੇ ਤੁਰੀਆ[1]
ਉਚ ਝਿਕ ਨਰ ਨਾਰ ਦੇ ਘੁੰਮਰ[2] ਖੋਲ ਗਈਆਂ
ਖਿੰਡ ਵਰਤ ਗਿਆ
ਧਰਤੀ ਅੰਬਰ ਅਗਮ ਅਗੋਚਰ ਸਵਾਹਰ ਸਰੋਵਰ ਦਾਨ

=

1 ਆਪੇ ਸੁਖਪਤਿ ਆਪੇ ਤੁਰੀਆ = ਪੁਰਾਣੇ ਹਿੰਦੁਸਤਾਨੀ ਵਿਚਾਰ ਵਿਚ ਸੁਰਤ ਦੇ ਚਾਰ ਰੰਗ ਦਸੇ ਗਏ ਨੇਂ:

I) ਸੁਖਪਤਿ (ਗੂੜ੍ਹੀ ਨੀਂਦਰ ਜਿਹਦੇ ਵਿਚ ਸੁਪਨੇ ਨਹੀਂ ਹੁੰਦੇ)
II) ਸੁਪਨ (ਸੁਪਨਿਆਂ ਵਾਲੀ ਨੀਂਦਰ)
III) ਜਾਗ੍ਰਿਤ (ਜਾਗਰਤੀ, ਜਗਾਰਾ, ਜਾਗਣ)
Iv) ਤੁਰੀਆ (ਡੂੰਘੀ ਮੋਕਲੀ ਜਾਗ, ਕੁਲ ਕੁਦਰਤ ਨਾਲ਼ ਇਕ ਹੋਵਣ ਦਾ ਗਿਆਨ) ਸੁਰਤ ਦੇ ਇਹ ਚਾਰ ਰੰਗ ਮਲ ਵਿਹਾਰ ਨਾਲ਼ ਮਨੁਖ ਦੇ ਜੋੜ ਤੇ ਅਜੋੜ ਦੀਆਂ ਰਮਜ਼ਾਂ ਵੀ ਨੇਂ । ਸੁਪਨ ਮਲ ਵਿਹਾਰ ਦੀ ਬਾਂਧ ਹੈ, ਉਹਦੇ ਭਰਮ ਦੇ ਅੰਦਰ ਵਸਣ।

ਸੁਖਪਤ ਵਿਹਾਰੀ ਜੀਵਨ ਵੱਲੋਂ ਉਦਾਸੀ ਦੀ ਹਾਲਤ ਹੈ ਪਰ ਸਾਵਧਾਨੀ ਤੋਂ ਖ਼ਾਲੀ। ਜਾਗ੍ਰਿਤ ਵਿਚ ਸਾਵਧਾਨ ਹੋਵਣ ਦਾ ਉਪਰਾਲਾ ਹੈ। ਤੁਰੀਆ ਵਿਹਾਰ ਦੀ ਕੈਦ ਤੋਂ ਬਾਹਰ ਆਵਣ ਹੈ, ਨਵੀਂ ਕੁਲ ਇਕਾਈ ਵਾਲੇ ਜੀਵਨ ਵਿਚ ਢਲਣ।

ਸੂਝਵਾਨ ਜੋੜਕਾਂ ਇਨ੍ਹਾਂ ਸੁਰਤ ਰੰਗਾਂ ਦੀ ਖੇਡ ਦੇ ਕਈਂ ਰੂਪ ਖੇਡ ਵਿਖਾਏ ਨੇਂ। ਖ਼ਾਸ ਇਹ ਨਾਂ ਵੀ ਕਿਤੇ ਕਿਤੇ ਵਰਤੇ ਨੇਂ। ਜਿਵੇਂ ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥ (ਨਾਨਕ, ਆਸਾ) ਤੇ ਜਾਗ੍ਰਿਤ ਸੁਪਨ ਸੁਖਪਤਿ ਤੁਰੀਆ, ਤੈਡੀ ਸੈਰ ਦੇ ਸਾਂਗੇ ਜੁੜਿਆ। ਜਿੰਦਾ ਪੈਰ ਸੁੰਜਾਨੋ ਥੁੜਿਆ, ਫਿਰਸੀ ਥੀ ਚੋਗੋਠ ਅਵਾਰਾ (ਖ਼ੁਆਜਾ ਗ਼ੁਲਾਮ ਫ਼ਰੀਦ)।

2 ਘੁੰਮਰ=ਘੁੰਮਣ ਘੇਰੀ, ਗਰਦਾਬ, ਵਰਲਪੂਲ

*******

# ਕਿਤਾਬ: ਕੱਲ੍ਹ ਭਲਕ ਅਜੋਕ
(2017 ਸ. 106–111)

## ਕਰਮ ਕੀਰਤਨ
ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥
ਹਉ ਵਾਰੀ ਜਿਤੁ ਸੋਹਿਲੇ ਸਦਾ ਸੁਖੁ ਹੋਇ ॥੧॥ ਰਹਾਉ ॥
ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥
ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥
ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥
ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥

(ਪੰਨਾ–੧੨)

ਜਿਸ ਘਰ ਵਿਚ ਕੀਰਤ ਪਈ ਅਖੇਂਦੀ ਏ ਤੇ ਕਰਣਹਾਰ ਦਾ ਵਿਚਾਰ ਹੁੰਦਾ ਏ ਉਸ ਘਰ ਵਿਚ (ਯਾਂ ਉਸ ਘਰ ਦਾ) ਸੋਹਿਲਾ ਗਾਉ ਤੇ ਸਿਰਜਣਹਾਰ ਨੂੰ ਸਿਮਰੋ।
ਤੁਸੀਂ ਮੇਰੇ ਡਰਹੀਣ (ਸੱਜਣ) ਦਾ ਸੋਹਲਾ ਗਾਉ।
ਮੈਂ ਕੁਰਬਾਨ ਜਿਸ ਸੋਹਲੇ ਨਾਲ਼ ਸਦਾ ਸੁਖ ਹੋਵੇ।
ਹਮੇਸ਼ਾਂ, ਹਰ ਵੇਲੇ ਜੀਆਂ ਦੀ ਸਮਹਾਲ ਹੋਵੇ। ਦੇਵਣਹਾਰਿ ਦੇਖੇਗਾ
ਤੇਰੇ ਦਾਨ ਦਾ ਮੁਲ ਨਹੀਂ ਪੈ ਸਕਦਾ ਤੇ ਉਸ ਦਾਤੇ (ਯਾਂ ਉਹਦੀ) ਦਾਤ ਦਾ ਲੇਖਾ ਕੌਣ ਕਰ ਸਕਦਾ ਏ।
ਵੇਲ਼ਾ ਤੇ ਦਿਨ ਮਿਥਿਆ ਗਿਆ। ਮਿਲ਼ ਕੇ ਤੇਲ ਪਾਉ।
ਸਜਣੋ (ਯਾਂ, ਸਜਣ ਨੂੰ) ਦੁਆਵਾਂ ਦਿਓ। ਸਾਹਿਬ (ਮਾਲਿਕ, ਖਸਮ, ਸਾਥੀ) ਨਾਲ਼ ਮੇਲ ਦੇ ਦੇਂਹ ਆਵਣ।
ਘਰ ਘਰ ਇਹੋ ਸੁਨੇਹਾ ਅੱਪੜਦਾ ਏ। ਨਿਤ ਸੱਦੇ ਪਏ ਪੌਂਦੇ ਨੇਂ ਸੱਦਣਹਾਰ ਨੂੰ ਸਿਮਰਿਆ ਜਾਵੇ, ਨਾਨਕ, ਉਹ ਦੇਂਹ ਆਵਣ।

ਕੀ ਗੱਲ ਪਈ ਹੁੰਦੀ ਏ ਇਥੇ, ਉਹਦਾ ਪਤਾ ਕਰਨ ਲਈ ਆਓ ਉਸ ਰਮਜ਼ ਦਾ ਬੂਹਾ ਖੜਕਾਈਏ ਜਿਹਦੇ ਰਾਹੀਂ ਗੱਲ ਪਈ ਹੁੰਦੀ ਏ। ਰਮਜ਼ ਦੀਆਂ ਪਰਤਾਂ ਵੀ ਜਾਪਦੀਆਂ ਨੇਂ ਪਰ ਉਹ ਵੀ ਖੁਲਸਣ ਤਾਂ ਜੇ ਉਹਦੇ ਜ਼ਾਹਰਾ ਰੂਪ ਦੇ ਦਰਸ਼ਨ ਹੋ ਜਾਵਣ। ਉਹ ਰੂਪ ਹੈ ਵਿਆਹ। ਵੇਲ਼ਾ

ਮਿਥਿਆ ਗਿਆ ਏ ਤੇ ਗੰਢ ਫੇਰ ਦਿਤੀ ਗਈ ਏ।ਸਭ ਨੂੰ ਸੱਦਾ ਥੀ ਗਿਆ ਏ।ਵਿਆਹ ਜਿਹਦੇ ਨਾਲ਼ ਹੈ ਉਹ ਕਰਤਾ (ਕਰਣਹਾਰ) ਸਿਰਜਣਹਾਰ ਦੇਵਣਹਾਰ ਹੈ। ਸਦਣਹਾਰ ਵੀ ਉਹ ਆਪ ਈ ਹੈ।
ਵਿਆਹ ਰਾਹੀਂ ਮੇਲ਼ ਹੋਵਣਾ ਹੈ ਤੇ ਮੇਲ ਨੇ ਸਿਰਜਣਾ ਕਰਨੀ ਏ।ਜੀ ਜਵਾਲਣੇ ਨੇਂ ਤੇ ਉਨ੍ਹਾਂ ਦੀ ਸਮਹਾਲ ਕਰਨੀ ਏ।

ਇਹ ਸਿਰਜਣਾ ਕਰਨੀ ਤੇ ਕੁਦਰਤ ਨੇ ਹੈ ਪਰ ਹੋਣੀ ਉਸ ਜਣੀ ਵਿਚੋਂ ਹੈ ਜਿਹੜੀ ਕੁਦਰਤ ਦੀ ਬਣਾਈ ਹੋਈ ਏ ਤੇ ਜਿਸ ਕੁਦਰਤ ਨਾਲ਼ ਮੇਲ ਕਰ ਕੇ ਆਪ ਕੁਦਰਤ ਹੋ ਵੈਣਾ ਹੈ।

ਪਰ ਵਿਆਹ ਦੀ ਰਮਜ਼ ਪੌਂਦ ਈ ਨਹੀਂ ਖੋਰ ਦਿਤੀ ਗਈ ਸ਼ਬਦ ਦੇ ਵੈਹਣ ਵਿਚ। ਰਮਜ਼ ਦਾ ਰੰਗ ਉਘੜਿਆ ਹੈ "ਸੰਬਤਿ ਸਾਹਾ ਲਿਖਿਆ ਮਿਲਿ ਕਰ ਪਾਵਹੁ ਤੇਲੁ॥" ਵਾਲੀ ਸਤਰ ਵਿਚ। ਪੌਂਦ ਇਹਦੇ ਵੱਲ ਸੈਂਤਰ ਈ ਹੋਈ ਏ ਸੋਹਿਲਾ ਗਾਉ ਵਾਲੀ ਗੱਲ ਰਾਹੀਂ। ਸੋਹਿਲਾ ਸਿਫ਼ਤ ਸਲਾਹ ਹੈ। ਸੋਹਲੇ ਗਵੀਂਦੇ ਨੇਂ ਵਿਆਹ ਦੇ ਦਿਨ ਤੋਂ ਪਹਿਲਾਂ।ਜਣੀਆਂ ਰਲ਼ ਬਹਿ ਗਾਉਂਦੀਆਂ ਨੇਂ।ਕੁੜੀ ਨਾਲ਼ ਆਪਣੇ ਆਵਣੇ ਵਿਛੋੜੇ ਦਾ ਦੁਖ ਵੀ ਗਿਣਦੀਆਂ ਨੇਂ ਤੇ ਦੂਜੇ ਘਰ ਜਾ ਕੇ ਉਹਦੇ ਸੁਖ ਮਾਨਣ ਦੀ ਆਸ ਵੀ।

ਸੋਹਿਲਾ ਗਾਵਣ ਸੰਗੀਆਂ ਉਸ ਘਰ ਦਾ ਜਿਥੇ ਕੀਰਤ ਅਖੇਂਦੀ ਏ ਪਈ। ਕੀਰਤ ਕੀ ਏ ਤੇ ਇਹਦਾ ਵਿਆਹ ਦੀ ਰਮਜ਼ ਵਿਚ ਕੀ ਸੀਰ ਏ। ਕੀਰਤ ਦਾ ਅਰਥ ਅਰਥਾਲਿਆਂ ਵਿਚ ਬਿਆਨ ਕਰਣ, ਗੱਲ ਗਿਨਣ, ਕਥਨ, ਸਿਫ਼ਤ ਸੋਭਾ ਕਰਣ ਹੈ। ਕੀਰਤ ਤੋਂ ਈ ਕੀਰਤਨ ਹੈ। ਪਰ ਬਿਆਨ ਕਾਹਦਾ, ਸੋਭਾ ਕਥਾ ਕਾਹਦੀ। ਵਿਆਹ ਤੇ ਹੈ ਕੁਦਰਤ ਨਾਲ਼ ਮੇਲ ਤੇ ਉਸ ਮੇਲ ਰਾਹੀਂ ਜੀਵਨ ਉਪਾਵਣ, ਜੀ ਸਿਰਜਣ, ਸਿਰਜੀਆਂ ਦੀ ਸਮਹਾਲ ਕਰਣ। ਕੀ ਲਫ਼ਜ਼ ਕੀਰਤ ਨਿਰਾ ਬਿਆਨ ਈ ਹੈ ਕਿ ਇਹਦੀ ਬਣਤਰ ਵਿਚ ਸਿਰਜਣ ਉਪਾਵਨਣ ਦੇ ਆਹਰ ਦੀ ਕੋਈ ਛਿੱਟ ਵੀ ਹੈ। ਜੇ ਲਫ਼ਜ਼ ਦੀ ਬਣਤਰ ਗੌਲੋ ਤੇ ਵਿਚੋਂ ਕਿਰਤ ਤੇ ਕੀਰਨ ਵੀ ਸੁਣੀਂਦੇ ਨੇਂ । ਕਿਰਤ ਹੈ ਕਰਨੀ। ਕਿਰਤ ਸਿੱਧੀ ਕਰਤੇ ਨਾਲ਼ ਜੁੜੀ ਹੋਈ ਏ ਜਿਹਦਾ ਬੀਚਾਰ ਪਿਆਰ ਹੁੰਦਾ ਏ ਇਸ ਘਰ ਵਿਚ ਜਿਥੇ ਕੀਰਤ ਪਈ ਹੁੰਦੀ ਏ।

ਕੀਰਤ ਦੇ ਅੰਦਰ ਕਿਰਤ ਹੈ ਉਪਾਵਣ ਦੀ। ਉਪਾਵਣ ਦੀ ਕਿਰਤ ਬੀ ਪਾਵਣ ਨਾਲ਼ ਹੁੰਦੀ ਏ। ਕੀ ਕੀਰਤ ਦੀ ਬਣਤਰ ਵਿਚ ਕੀਰਨ ਵੀ ਹੈ। ਕੀਰਨ, ਖਿਲਾਰਣ ਪਸਾਰਣ। ਬੀ ਧਰਤੀ ਵਿਚ ਕੇਰੇ ਜਾਂਦੇ ਨੇਂ।ਅੱਜ ਵੀ ਭੋਏਂ ਵਿਚ ਬੀ ਪਾਵਣ ਦੇ ਕਰਮ ਨੂੰ ਕੇਰਾ ਆਖਦੇ ਨੇਂ।(ਛੱਟੇ ਤੇ ਪੋਰੇ ਤੋਂ ਅੱਡ)।

ਕੀ ਵਿਆਹ ਨਵੀਂ ਫ਼ਸਲ ਲਈ ਕੇਰੇ ਦੀ ਰਮਜ਼ ਹੈ ਕਿ ਨਵੀਂ ਫ਼ਸਲ ਲਈ ਕੇਰਾ ਵਿਆਹ ਦੀ। ਕਿ ਦੂਏ ਇਕੋ ਈ ਨੇਂ, ਜੀਵਨ ਸਿਰਜਣਾ ਤੇ ਜੀਵਨ ਸਮਹਾਲ।ਕੀ ਕੀਰਤਨ ਉਹ ਗਾਵਣ ਹੈ ਜਿਹੜਾ ਫ਼ਸਲ ਬੀਜਣ ਵੇਲੇ ਗਵੀਂਦਾ ਹਾ।ਜਿਹਦੇ ਵਿਚ ਕੁਦਰਤ ਦੀ ਸਿਰਜਣ ਸਕਤ ਦੀ ਸੋਭਾ ਹੁੰਦੀ ਆਹੀ ਤੇ ਵਾਹੀ ਵਾਣ ਦੀ ਕਿਰਤ ਸੋਭਾ ਰਾਹੀਂ ਆਸ ਰਾਹੀਂ ਕੁਦਰਤ ਦੀ ਕਿਰਤ ਬਣਾ ਦਿਤੀ ਜਾਂਦੀ ਆਹੀ। ਸੋ ਕੀਰਤਨ ਕੁਦਰਤ ਤੇ ਬੰਦੇ ਦੀ ਇਕਾਈ ਦਾ ਗਾਵਣ ਹਾ।

ਵਾਹੀ ਵਾਣ ਜਾਣਦੇ ਨੇਂ ਉਨ੍ਹਾਂ ਦੇ ਬੀਜੇ ਦੀ ਉਗਾਸ ਵਿਚ ਕੁਦਰਤ ਦਾ ਕਿਤਨਾ ਹੱਥ ਏ। ਆਪਣੀ ਕੀਤੀ ਨੂੰ ਕੁਦਰਤ ਦੇ ਲੇਖੇ ਲਾ ਕੇ ਉਹ ਆਪਣੀ ਸੌੜੀ ਮੈਂ ਤੋਂ ਬਾਹਰ ਹੋ ਵੈਂਦੇ ਨੇਂ ਤੇ ਆਪਣਾ ਬੂਹਾ ਇਕ ਵੱਡੀ ਪਸਾਰਵੀਂ ਖੁੱਲ੍ਹ ਤੇ ਸਕਤ ਲਈ ਖੋਲ੍ਹ ਦੇਂਦੇ ਨੇਂ।ਡਰ ਹੀਣ ਕੁਦਰਤ ਦੇ ਲੜ ਲਗ ਕੇ ਆਪ ਡਰ ਹੀਣ ਹੋ ਵੈਂਦੇ ਨੇਂ।ਉਨ੍ਹਾਂ ਦੀ ਕਿਰਤ ਇਕ ਦੂਜੇ ਨੂੰ ਦਾਨ ਹੈ। ਆਪਣੀ ਘਾਲ ਸਕਤ ਅਪਣਾ ਤੱਤ ਇਕ ਦੂਜੇ ਨਾ਼ਲ ਸਾਂਝਾ ਕਰਣ ਕੁਦਰਤ ਦੀ ਕਾਰ ਸਮਝ ਕੇ।

ਮੇਲ ਬੰਦ ਵਸੇਬ ਵਿਚ ਦਾਨ ਵੀ ਆਪਣੀ ਕੀਮਤ ਪਵਾਂਦਾ ਹੈ।“ਤੇਰੇ ਦਾਨੈ” ਵਿਚ ਇਹ ਸੈਂਤਰ ਤੇ ਹੈ ਪਰ ਨਾ਼ਲ ਈ ਇਸ ਸਾਂਝ ਵਿਹਾਰ ਵਿਚ ਹੁੰਦੀ ਘਾਲ ਦੀ ਗੱਲ ਵੀ ਏ ਜਿਹੜਾ ਖ਼ਬਰੇ ਕਦੀਂ ਵਸਦਾ ਹਾ ਯਾਂ ਜਿਹੜਾ ਅਜੇ ਵਸਣਾ ਏ। ਜਿਹਨੂੰ ਵਸਾਵਣ ਦਾ ਆਹਰ ਕਰਣ ਲਈ ਸ਼ਬਦ ਨੇ ਗੰਢ ਫੇਰੀ ਏ। ਮੇਲ ਬੰਦ ਵਿਹਾਰ ਵਿਚ ਵਿਆਹ ਕੁੜੀ ਨੂੰ ਵਿਹਾਰ ਦੀ ਬਣਤਰ ਦਾ ਪੁਰਜ਼ਾ ਬਣੇਂਦਾ ਹੈ। ਵਾਹੀਵਾਣ ਦੀ ਕਰਨੀ ਵੀ ਮੇਲਬੰਦੀ ਦੀ ਕਾਂਡੀ ਦਾ ਪਲਸਤਰ ਏ। ਪਰ ਸ਼ਬਦ ਨੇ ਵਿਹਾਰੀ ਰਸਮ ਰੀਤ ਨੂੰ ਰਮਜ਼ ਬਣਾਵਣ ਦੇ ਕਰਮ ਰਾਹੀਂ ਉਹਦਾ ਉਲਟਾਅ।ਸਾਹਮਣੇ ਲਿਆ ਖਲ੍ਹਾਰਿਆ ਏ।

ਲ਼ਫ਼ਜ਼ ਕੀਰਤ ਦੀ ਬਣਤਰ ਵਿਚੋਂ ਕੀਰ ਵੀ ਸੁਣੀਂਦਾ ਏ। ਕੀਰ ਮਤੇ ਮੁਢੋਂ ਕੀਰਣਹਾਰ ਈ ਹੋਵੇ, ਬੀ ਦਾ ਕੇਰਾ ਕਰਣਹਾਰ। ਹੁਣ ਤੇ ਕੀਰ ਹੀਣ ਹੈ ਕੰਗਾਲ, ਨੀਚ। ਕੇਰਣਹਾਰ ਨੂੰ ਵੇਲੇ ਨਾ਼ਲ ਹੋਈ ਮੇਲਬੰਦੀ ਨੇ ਹੀਣ ਤੇ ਨੀਚ ਕਰ ਦਿਤਾ। ਮਤੇ ਕੀਰ ਦੇ ਅਰਥ ਵਾਰ ਨੇ ਵਟਾਏ ਨੇਂ, (ਬਣਾਏ ਵੀ ਵਾਰ ਨੇ ਈ ਸਨ)। ਤੇ ਮਤੇ ਕੇਰਾਂ ਦੀ ਧਰੋਈ ਈ ਕੀਰਨਾ ਹੈ, ਉਚੀ ਰੋਵਣ ਵੈਣ ਪਾਵਨ ਵਰਲਾਪ ਕਰਣ।ਜਿਵੇਂ ਉਪਾਏ ਰਿਜ਼ਕ ਦੇ ਵੰਡੀਵਣ ਵੇਲੇ ਦਾ ਗਾਵਣ ਭਜਨ ਹਾ, ਵੰਡ ਨੂੰ ਸਹਿਜ ਸਵਾਹਰਾ ਰੱਖਣ, ਇਕੋ ਜਿਹਾ।ਹਰ ਇਕ ਨੂੰ ਲੋੜ ਸਿਰ ਦੇਵਣ। ਭਜਨ ਦੇ ਇਹ ਅਰਥ ਤੇ ਅਰਥਾਲੀਆਂ ਨੇ ਵੀ ਪਹਿਲੇ ਇਹ ਹੀ ਕੀਤੇ ਨੇਂ ਤੇ ਕੁਦਰਤ ਦੀ ਸਿਫ਼ਤ ਸਨਾ ਵਾਲੇ

ਮਗਰੋਂ।ਮਤੇ ਕੀਰਤਨ ਤੇ ਭਜਨ ਉਪਾਵਨ ਸਿਰਜਣ ਤੇ ਉਪਾਈ ਸਿਰਜੀ ਨੂੰ ਮਾਨਣ ਪੁਚਾਵਣ ਵਾਲੇ ਆਹਰ ਦੇ ਈ ਦੋ ਸਿਰੇ ਨੇਂ ।

ਸਾਨੂੰ ਪਤਾ ਏ ਉਲਮਾਵਾਂ ਗਿਆਨੀਆਂ ਨੂੰ ਇਹ ਗੱਲ ਅਸਲੋਂ ਵਾਰੇ ਨਹੀਂ ਹੋਣੀ।ਚਲੋ ਅਸੀਂ ਉਨ੍ਹਾਂ ਨੂੰ ਰੱਦਣ ਭੰਡਣ ਫਿਟਕਾਰਣ ਲਈ ਕੁਝ ਹੋਰ ਸੌਦਾ ਤੇ ਦਿਤਾ। (ਜਿਸ ਪਾਰੋਂ ਵਿਚੋਂ ਉਲਮਾਅ ਗਿਆਨੀ ਭਾਵੇਂ ਸੀਸਾਂ ਈ ਦੇਂਦੇ ਹੋਵਣ ਸਾਡੇ ਜਿਹਾਂ ਅੜ੍ਹਬ ਅਤਾਈਆਂ ਨੂੰ)।

ਵਿਆਹ ਦੀ ਤਿਆਰੀ ਵਿਚ ਕੁੜੀ ਨੂੰ ਮਾਈਏਂ ਬਹਾਇਆ ਵੈਂਦਾ ਏ। ਅਸਲੋਂ ਲੁਗੀ, ਆਪਣੀ ਵਿਹਾਰ ਦਿਤੀ ਹੋਂਦ ਨਾਲ਼ ਇਕੱਲੀ, ਮੈਲਿਆਂ ਕੱਪੜਿਆਂ ਵਿਚ। ਇਹ ਵੇਲ਼ਾ ਹੈ ਉਹਦੇ ਲਈ ਆਪਣੇ ਅੰਦਰ ਲੁਕੀ ਦਬੀਜੀ ਹੋਂਦ ਨਾਲ਼ ਮਿਲਣ ਦਾ। ਜਦੋਂ ਕੁੜੀ ਮਾਇਯੋਂ ਬਾਹਰ ਆਉਂਦੀ ਏ ਤਾਂ ਉਹਦੇ ਨਵੇਂ ਕੱਪੜੇ ਉਹਦੀ ਨਵੀਂ ਕੀਤੀ ਹੋਂਦ ਨੂੰ ਰਮਜ਼ ਦੇ ਨੇਂ, ਜਿਹੜੀ ਉਸ ਆਪਣੀ ਸੁੰਨ ਵਿਚੋਂ ਭਾਲੀ ਏ। ਤੇ ਜਿਹਦੇ ਨਾਲ਼ ਉਹਨੇ ਨਵਾਂ ਸਾਥ ਵਾਲਾ ਜੀਵਨ ਜੀਵਣਾ ਹੈ। ਕੁੜੀ ਦੀ ਨਵੀਂ ਹੋਂਦ ਪੁਰਾਣੀ ਵਿਹਾਰ ਦਿਤੀ ਹੋਂਦ ਦਾ ਤਰੋੜ ਏ, ਉਹਦਾ ਤੱਜਣ ਏ। ਮਲ ਵਿਹਾਰ ਬੱਧੀ ਮਨੁਖ ਹੋਂਦ ਨੂੰ ਇਕ ਨਵੇਂ ਸਾਂਝ ਵਿਹਾਰੀ ਜੂਨੇ ਜਿਵਾਲਣ ਲਈ ਮਾਇਯੋਂ ਪਿਆ ਬਹਾਉਂਦਾ ਏ ਸ਼ਬਦ।

ਏਸ ਨਵੀਂ ਹੋਂਦ ਨੂੰ ਤੇਲ ਪਾਵਣ ਸਾਰਿਆਂ ਦਾ ਮਿਲ ਕੇ ਇਹਨੂੰ ਆਪਣੇ ਅੰਦਰ ਲਿਆਵਣ ਹੈ। ਤੇਲ ਚੋਵਣ ਨਵੀਂ ਹਸਤੀ ਨੂੰ ਅੰਦਰ ਲਿਆਵਣ ਦੀ ਰਸਮ ਹੈ। ਜਿਹੜੀ “ਤੇਲ ਪਾਵਣ” (ਸਿਰ ਵਿਚ ਤੇਲ ਪਾਵਣ) ਦੇ ਪਿੱਛੇ ਖਲੋ ਪਈ ਵੇਖਦੀ ਏ।

=

******

# ਕਿਤਾਬ: ਤੇਰ ਮੇਰ ਦਾ ਭਾਂਡਾ ਚੁਕੀਵੇ

(2018 ਸ. 102)

❖

ਸਰੋਵਰ ਨਹੀਂ ਸੁੱਕਦੇ,
ਉਪਰ ਪਹਾੜਾਂ ਜਰੀ ਦਾ ਪਘਰ ਸਹੇੜ
ਨਈਂ ਜਾਂ ਢਲਦੀਆਂ ਨੇਂ
ਵਿਚ ਕਰ ਕਰ ਆਪਾ ਦਾਨ ਢਲਾਨਾਂ ਰਲਦੀਆਂ ਨੇਂ
ਹੋ ਨਵੀਆਂ ਪਲੋ ਪਲ ਨਈਂ
ਥੀਵਣ ਆਪ ਸਰੋਵਰ
ਬਣ ਕੰਣੀਆਂ ਵਰ੍ਹ ਸੇਵਣ ਧਰਤੀ
ਨਿਸਰ ਨਿਸਰ ਹੋ ਅਗੰਮ[1] ਤਰੋਵਰ[2]
ਜੀਆ ਜੂਨ ਕੂੰ ਦੇਵਣ ਪੰਖ[3] ਨਵੇਲੇ

=

1. ਅਗੰਮ: ਅੱਗੋਂ ਹੋਵਣ ਵਾਲਾ, ਕਾਈਮ, ਪੱਕਾ, ਅਡੋਲ, ਅਹਿਲ
2. ਤਰੋਵਰ: ਰੁਖ
3. ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ (ਨਾਨਕ)

******

# ਕਿਤਾਬ: ਦੇਂਹ ਵਿਚ ਦੀਵਾ ਰੈਣ

(2018 ਸ. 39 )

❖

ਸਿੰਬਲ ਪਿਆ ਉੜ ਟਾਲ੍ਹੀ ਨੂੰ ਆਖੇ
ਭੰਡ ਗਿਆ ਏ ਨਾ ਮੈਨੂੰ ਬਾਬਾ[1]
"ਫੁਲ ਫੁਲ ਮਚ ਘਨੇਰ ਮਚੇਂਦਾ
ਫਲ ਇਹ ਕਿਹੜਾ ਪੱਕਾ ਖਵੇਂਦਾ ਏ
ਕੀ ਕਰਨੀ ਏ ਖ਼ਲਕਤ ਲਾਲੀ ਇਹਦੀ ਖ਼ਿਆਲੀ,"
ਮੈਨੂੰ ਖ਼ਬਰੇ ਤੈਂਡਾ ਧਿਆਣ ਕਿਉਂ ਆਉਂਦਾ ਏ?
ਕੁਰਸੀ ਮੇਜ਼ ਕਰਾਂ ਅੰਗ ਤੈਂਡੇ
ਚੜ੍ਹ ਚੜ੍ਹ ਬੈਠੇ ਥੋਥੇ ਗੈਂਡੇ,
ਛਤ ਛਤੀਰ ਧੁਰਾ ਮਹਿਲੀਂ ਵੜ ਵੜ ਬੈਠੇ,
ਮੈਂ ਤੇ ਹੋਇਆ ਝਕ ਝਕੌਲਾ
ਰੌਲਾ ਕੁਸੰਬੜਾ ਲਾਲੀ ਦਾ,
ਬੇ ਨਿਸ਼ਾਨ ਸੁਗੰਧ ਤੈਂਡੀ ਦਾ ਸੀਰ
ਸਾਹੀਂ ਜਗਤ ਦੇ ਰਸਿਆ ਕਿਉਂ ਨਾ

=

1. ਬਾਬਾ= ਬਾਬਾ ਨਾਨਕ

*******

# ਕਿਤਾਬ: ਅਨਾਵੀਂ

(2018 ਸ. 16)

## ਵੀਰੋ ਫੁਲੇਰਨ ਦੀ

ਅਸਾਂ ਜਦੋਕੀ ਸਰਦਲ ਛੋਹੀ ਏ ਰਜਨੀ[1] ਦੀ
ਦੇਂਹ ਦੀਂਹਵੀਂ
ਵਿਚ ਨੈਣਾਂ ਸਮਝੌਤੀ[2]
ਉਹ ਕਈਂ ਵਾਰੀਂ ਆਈ ਏ:
"ਲੁਕਣਮੀਟੀ ਕਿਉਂ ਖੇਡ ਨਾ ਬੁਝਈਏ
ਸਿਰ ਕਿਉਂ ਚੜ੍ਹਾਈਏ ਜਿਹੜੀ ਬਾਬੇ ਪਾਈ ਏ

1.ਰਜਨੀ: ਰਾਤ।2. ਸਮਝੌਤੀ: ਰਮਜ਼, ਸੈਂਤਰ। ਜੇ ਕੋਈ ਬੁਝਾਰਤ ਪਾਵੇ ਤੇ ਬੁਝੀ ਨੀ ਜਾ ਸਕੇ ਤੇ ਆਖੀਦਾ ਏ ਸਿਰ ਚੜ੍ਹੀ ਤਾਂ ਪਾਵਣ ਹਾਰ ਬੁਝਾਰਤ ਦਾ ਮਤਲਬ ਦਸੇਂਦੀ ਏ। ਬਾਬੇ ਨਾਨਕ (ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥)

*******

# ਕਿਤਾਬ: ਅਨਾਵੀਂ

(2018 ਸ. 42-50)

## ਇਕ ਨੀਤਗ[1] ਕਮੇਰ[2] ਦੀ ਹੱਡ ਵਰਤੀ

ਛਤੀ ਗਲੀ ਵਿਚ ਬੈਠਕ ਹੈ ਸਾਈਂ ਤਾਜ ਦੀ
ਬੈਠਕ ਹੀ ਅਖਵਾਂਦੀ ਏ ਘਰ ਵੀ ਉਹਾ ਈ ਏ,
ਛਤੀ ਗਲੀ ਜਿਥੇ ਮੁਕਦੀ ਏ
ਓਥੇ ਮੈਦਾਨ ਏ ਨਿੱਕਾ ਜਿਹਾ
ਚੁਗਾਨ ਉਹਨੂੰ ਆਹੰਦੇ ਨੇਂ,
ਵੱਡੇ ਵੱਡੇ ਮਕਾਨ ਦੁਆਲੇ,
ਫ਼ਰਸ਼ ਚੁਗਾਨ ਦਾ ਨਾਨਕਸ਼ਾਹੀ ਇਟਾਂ
ਵਖੀ ਪਰਨੇ ਗਡੀਆਂ,
ਚੁਗਾਨ ਚੌਂਕ ਵੀ ਏ
ਤਿੰਨ ਹੋਰ ਵੀ ਗਲੀਆਂ ਇਹਦੇ ਵਿਚ ਖੁਲ੍ਹਦੀਆਂ ਨੇਂ,
ਇਹ ਮਸ਼ਹੂਰ ਏ ਏਸ ਚੁਗਾਨ ਦੇ ਪਿਛੇ ਗੱਲ ਹੈ ਕੋਈ
ਸਾਈਂ ਤਾਜ ਨੂੰ ਪਤਾ ਏ
ਦੱਸਦੇ ਕਿਸੇ ਨੂੰ ਨਹੀਂ,
ਵੱਡਿਆਂ ਇਨ੍ਹਾਂ ਦਿਆਂ ਇਹ ਪਾਇਆ ਚੁਗਾਨ ਚੁ਼ਗੱਤਿਆਂ ਵੇਲੇ
ਯਾਂ ਚੁ਼ਗੱਤਿਆਂ ਪਵਾਇਆ ਇਨ੍ਹਾਂ ਦਿਆਂ ਵੱਡਿਆਂ ਕੋਲੋਂ,
ਚੁਗਾਨ ਤੇ ਖੇਡ ਆਹੀ
ਜਿਹਨੂੰ ਹੁਣ ਪੋਲੋ ਆਖਦੇ ਨੇਂ
ਸ਼ਾਹੀ ਅਸਵਾਰ ਖਡੇਂਦੇ ਆਹੇ ਖੁਲ੍ਹਿਆਂ ਮੈਦਾਨਾਂ ਅੰਦਰ
'ਕੁਤਬੁੱਦੀਨ ਐਬਕ ਵੀ ਖੇਡਦਾ ਉਹੋ ਲਾਹੌਰ ਵਿਚ ਮੋਇਆ',
ਸੌਖਾ ਘਰ ਸੀ ਸਾਡਾ
ਅੱਬੇ ਮੇਰੇ ਦਾ ਕਾਰੋਬਾਰ ਸੀ ਚੰਗਾ
ਬੈਠਕੀ ਉਹ ਵੀ ਸੀ
ਨਿੱਕਾ ਜਿਹਾ ਸਾਂ ਨਾ਼ਲ ਮੈਨੂੰ ਉਹਨੇ ਲੈ ਜਾਣਾ,
ਗੱਲ ਮੈਂ ਜਿਹੜੇ ਵੇਲੇ ਦੀ ਕਰਣ ਲਗਾ ਤਦੋਂ ਐਮ ਏ ਵਿਚ ਸਾਂ ਕਾਲਜ
ਨਾ਼ਲ ਤਿਆਰੀ ਸਿਵਲ ਸਰਵਿਸ ਦੇ ਇਮਤਿਹਾਨ ਦੀ

ਮੁਕਾਬਲੇ ਦਾ ਇਮਤਿਹਾਨ ਤਦੋਂ ਕਹਿੰਦੇ ਸਨ
ਪਿਓ, ਭਰਾਵਾਂ, ਚਾਚਿਆਂ, ਮਾਮਿਆਂ ਇਹੋ ਨਿਸ਼ਾਨਾ ਦਿਤਾ ਹੋਇਆ ਸੀ
ਮੈਨੂੰ ਆਪ ਤੇ ਸਾਰੇ ਕਾਰੋਬਾਰੀ ਸਨ,
ਹਾਂ ਜੀ ਗੱਲ ਚੁਗਾਨ ਦੀ:
ਲਓ ਜੀ ਪੁੱਛਿਆ ਮੈਂ ਇਕ ਦਿਨ ਸਾਈਂ ਤਾਜ ਨੂੰ
"ਸਾਈਂ ਇਹ ਕੀ ਭੇਤ ਏ ਲੋਕ ਜੋ ਗੱਲਾਂ ਕਰਦੇ ਨੇਂ
ਹੂੰ ਹਾਂ ਕਰਦੇ ਉਠ ਕੇ ਉਹ ਟੁਰ ਗਏ
ਮੈਂ ਸ਼ਾਮੀ ਮੁੜ ਪੁੱਛਿਆ
"ਸਵੇਰੇ ਸਹੀ ਯਾਰ ਉਹ ਟਾਲ਼ ਗਏ,
ਛੱਡਣਾ ਤੇ ਮੈਂ ਵੀ ਨਹੀਂ ਸੀ
ਸਵੇਰੇ ਮੁੜ ਜਾ ਪੁੱਛਿਆ
ਪੈ ਨਾ ਗਏ ਮੈਨੂੰ ਅੱਗੋਂ:
ਦਫ਼ਾ ਹੋ ਜਾ ਓਏ
ਸ਼ਕਲ ਨਾ ਮੁੜ ਇਹ ਵੇਖਾਂ ਮੈਂ ਏਥੇ",
ਮੈਂ ਬੈਠਾ ਰਿਹਾ ਸਿਰ ਸੁੱਟ ਉਹ ਉਠ ਕੇ ਅੰਦਰ ਟੁਰ ਗਏ
ਬੰਦੂਕ ਪੁਰਾਣੀ ਮੁਗ਼ਲ ਵਾਰੇ ਦੀ ਕੱਢ ਨਾ ਲਿਆਏ,
ਸੋਚਾਂ ਚਲ ਤੇ ਇਹ ਸਕਦੀ ਨਹੀਂ
ਸਿਰ ਮੇਰੇ ਵਿਚ ਕੱਢ ਨਾ ਮਾਰਣ
ਹਿਨ ਤੇ ਤਗੜੇ ਅਜੇ ਵੀ
ਜੂਨ ਚੌਰਾਸੀ ਭਾਵੇਂ ਚਿਰੋਕਣੇ ਟੱਪ ਗਏ ਹੋਏ ਨੇਂ,
"ਮੈਂ ਤੈਨੂੰ ਮਾਰਣ ਲਈ ਨਹੀਓਂ ਆਂਦੀ
ਵਾਅਦਾ ਲੈਣ ਤੇਰੇ ਕੋਲੋਂ ਆਇਆਂ
ਮਰਾਂ ਜਦੋਂ ਮੈਂ
ਕਿੱਲ੍ਹੇ ਅਜਾਇਬ ਘਰ ਏ ਜਿਹੜਾ ਓਥੇ ਇਹ ਰਖਵਾਣੀ ਏ ਤੂਹੀਓਂ"
"ਮਾਲ ਰੋਡ ਵਾਲੇ ਵੱਡੇ ਅਜਾਇਬ ਘਰ ਵਿਚ ਕਿਉਂ ਨਹੀਂ ਸਾਈਂ"
"ਕਿਉਂ ਉਹ ਬੇਬੇ ਤੇਰੀ ਦੇ ਯਾਰ ਦਾ ਏ
ਦਿਲ ਵਿਚ ਆਈ ਆਖਾਂ
ਕਿੱਲ੍ਹੇ ਵਾਲਾ ਕਿਹਦੀ ਬੇਬੇ ਦੇ ਯਾਰ ਦਾ ਏ,
ਹਾਸਾ ਰੋਕ ਮੈਂ ਬੈਠਾ ਹੋਇਆਂ
ਵੇਖ ਮੇਰੇ ਵੱਲ ਆਂਹਦੇ ਨੇਂ "ਪੁੱਛਦਾ ਕਿਉਂ ਨਹੀਂ
ਪੁੱਛ ਓਏ, ਕਿੱਲੇ ਵਾਲੇ ਵਿਚ ਰਹਿੰਦਾ ਸੀ ਕੋਈ ਯਾਰ ਤਾਜ ਦੀ ਬੇਬੇ ਦਾ
ਜਿਹਦੀ ਬੰਦੂਕ ਦਾ ਉਹਦੇ ਪਿੱਛੇ ਠੁਕਣ ਜ਼ਰੂਰੀ ਹੋਇਆ ਏ?

ਓਏ ਪੁੱਛਣ ਤੇਰਾ ਏਸ ਗਸ਼ਤੀ ਨੂੰ ਬੰਦਾ ਈ”
‘ਕਿੰਨੇ ਮਾਰੇ ਨੀ
ਕਿਹਦੇ ਕਿਹਦੇ ਕੋਲੋਂ ਵੱਜਦੀ ਆਈ ਐਂ ਭੈਣੇ ਮੇਰੀਏ
ਇਹ ਬੈਠਕ ਕੋਠੀ ਖ਼ਾਨਾ ਕਦੋਕਾ ਪਾ ਬੈਠੀ ਏਂ
ਤਾਜੂ ਇਹ ਦੱਲਾ ਤੇਰਾ ਏ ਜੱਦੀ?
ਵਡਕੇ ਇਹਦੇ ਤੇਰੀ ਕਮਾਈ ਖਾਂਦੇ ਝੁੱਡੂ ਚੰਦਰਬੰਸੀ ਹੋਏ
ਇਹ ਬਤਊਵਾ ਤੇਰਾ ਸਾਈਂ ਹੁਣ ਹੋਇਆ ਈ ਚੰਦਰਾ’
ਹਾਸਾ ਰੁਕੇ ਨਾ ਮੇਰਾ,
ਲੋਕੀਂ ਹੋਰ ਵੀ ਆ ਗਏ
ਚੰਡ ਕਿਸੇ ਨੂੰ ਚੁੰਮੀ ਕਿਸੇ ਨੂੰ
ਜੱਫੀ ਧਫੱਹਾ ਝਿੜਕ ਦਿਲਾਸਾ ਸਭ ਕੁਝ ਰਲਿਆ ਘੁੱਲਿਆ
ਹੇਠੋ ਹੇਠ ਇਕ ਡੋਰੀ ਕੂਲੀ
ਗਾਲ੍ਹ ਗੋਟ ਦੇ ਉਪਰੋਂ ਖੁੱਲ੍ਹਦੀ
ਓਪਰਿਆਂ ਨੂੰ ਵਿਚ ਅਪਨੀਅਤ ਪਰੋਂਦੀ ਆਵੇ,
ਕੁਝ ਚਿਰ ਬਹਿ ਕੇ ਕਰ ਸਲਾਮ ਮੈਂ ਉਠਿਆਂ
“ਜਾ ਦਫ਼ਾ ਹੋ
ਵੜ ਜਿਹੜੀ ਰੁਡ ਵਿਚੋਂ ਨਿਕਲ਼ ਕੇ ਆਇਆ ਐਂ ਓਥੇ”
ਅਗਲੇ ਦਿਨ ਮੈਂ ਵੇਲ਼ਾ ਤਾੜ ਕੇ ਗਿਆਂ ਬੈਠਕ ਵਿਚ
ਕੱਲੇ ਈ ਸਨ ਅਜੇ
“ਓਏ ਆ ਗਿਆ ਏਂ ਭੇਡੂਆ
ਸਿੰਗ ਪੂਛਲ ਵਿਚ ਲੁਕਾਈ ਫਿਰਨਾ ਏਂ,
ਚਲ ਪਹਿਲੇ ਗਾਵਣ ਸੁਣਾ ਕੋਈ ਸੱਟੇ ਕਵਾਲ ਦੀਏ”
“ਕਾਫ਼ੀ ਸੁਣਾਵਾਂ ਮਾਧੋ ਲਾਲ਼ ਹੁਸੈਨ ਦੀ”
“ਪਿਆ ਦੇ ਕਾਫ਼ੀ
ਤੇਰੇ ਹੱਥੋਂ ਸ਼ਰਾਬ ਤੇ ਨਾ ਮੈਂ ਪੀਤੀ ਖੁਸਰਿਆ
ਕਾਲਜ ਵਿਚ ਇਨਾਮ ਏਸੇ ਤੇ ਲਿਆ ਸਾਈ?”
“ਨਹੀਂ ਗ਼ਜ਼ਲ ਸੀ ਉਹ ਇਕਬਾਲ ਦੀ”
ਖਿੜ ਖਿੜ ਹੱਸੇ
“ਪੁੱਜ ਮੀਸਣਾ ਕਾਰੀਗਰ ਜੇ ਬਈ” ”
ਮੈਂ ਕਾਫ਼ੀ ਸੁਣਾਈ:
ਦਿਨ ਚਾਰ ਚੌਗਾਨ ਮੈਂ ਖੇਲ ਖੜੀ
ਵੇਖਾਂ ਕੌਣ ਜਿੱਤੇ ਬਾਜ਼ੀ ਕੌਣ ਹਾਰੇ

ਘੋੜਾ ਕੌਣ ਕਾ ਚਾਕ ਚਾਲਾਕ ਚਾਲੇ
ਵੇਖਾਂ ਹਾਥ ਹਿੰਮਤ ਕਰ ਕੌਣ ਡਾਰੇ
ਏਸ ਜੀਵ ਪਰ ਬਾਜ਼ੀਆਂ ਆਣ ਪੜੇਂ
ਵੇਖਾਂ ਗੋਅ ਮੈਦਾਨ ਮੈਂ ਕੌਣ ਮਾਰੇ
ਹਾਏ ਹਾਏ ਜਹਾਨ ਪੁਕਾਰਤਾ ਹੈ
ਸਮਝ ਖੇਲ ਬਾਜ਼ੀ ਸ਼ਾਹ ਹੁਸੈਨ ਪਿਆਰੇ,
ਸੁਣ ਕੇ ਰੋਵਣ ਹਾਕੇ ਜਿਹੇ ਹੋਏ ਸਾਈਂ ਕੁਝ ਚਿਰ,
ਫੇਰ ਹੱਸ ਕੇ ਆਹੰਦੇ ਨੇਂ:
"ਤੈਨੂੰ ਚੁਗਾਨ ਨਹੀਂ ਛੱਡਦਾ ਸ਼ਾਹੀਨਾ
ਝਪਟ ਪਲ਼ਟਨਾ ਪਲਟ ਝਪਟਨਾ,
ਚੌੜ ਚਪੱਟ ਗੱਲਾਂ ਨੂੰ ਭੇਤ ਬਣਾ ਕੇ
ਖ਼ਲਕ ਦੀ ਮੱਤ ਨਾ ਮਾਰੇ ਇਹ ਦੁਨੀਆ
ਤੇ ਆਪਣੀ ਮੌਤ ਸਹੇੜੇ?
ਚੁਗਾਨ ਉਹ ਸ਼ਾਹਾਂ ਦੇ
ਪੱਕੇ ਫ਼ਰਸ਼ ਕਰਾ ਕੇ ਹੱਟ ਬਜ਼ਾਰ ਹੋਏ,
ਆਖ ਨਾ ਪਿਓ ਨੂੰ ਚਾਬਕ ਸਵਾਰ ਚਾਲਾਕ ਆਪਣੇ ਨੂੰ
ਘੋੜਾ ਛੱਡਿਆ ਏ ਜਿਹਨੇ ਚੁਗਾਨੇ ਪੁੱਤਰ ਦਾ
ਟਰਾਫ਼ੀ ਲੈਣ ਲਈ
ਵੇਖੇ ਇਹਨੂੰ ਜਹਾਨ ਤੇ ਹਾਏ ਹਾਏ ਪੁਕਾਰੇ,
ਭੇਤ ਪਤਾ ਕਰ ਹਾਏ ਹਾਏ ਦਾ
ਇਹ ਵਾਹ ਵਾਹ ਹੁੰਦੀ ਸਾਈ
ਸ਼ਹਨਸ਼ਾਹਾਂ ਦੇ ਵੇਲੇ ਚੁਗਾਨਾਂ ਅੰਦਰ,
ਕੀ ਸੁਣੀ ਪੁਕਾਰ ਜਹਾਨ ਦੀ ਲਾਲ਼ ਹੁਸੈਨ ਨੇ ਇਹਦੇ ਵਿਚੋਂ?
ਆਖ ਪਿਓ ਨੂੰ ਸੁਣੇ
ਤੈਨੂੰ ਸੁਣਵਾਏ,
ਦਿੱਸੇ ਅਨ ਛੱਤੀ ਗਲੀ ਉਹ ਤੈਨੂੰ
ਨਿਕਲ ਚੁਗਾਨਾਂ ਇਨ੍ਹਾਂ ਵਿਚੋਂ ਪ੍ਰੇਮ ਨਗਰ ਕੇ ਸ਼ਹਿਰ ਨੂੰ ਜਿਹੜੀ ਜਾਂਦੀ ਏ,"
ਉੱਠ ਖਲੋਤੇ ਤਾਜ ਸਾਈਂ
ਅਜਬ ਰੰਗ ਦੀ ਸਹਿਜ ਧਮਾਲ ਉਹ ਪਾਵਣ ਲੱਗ ਪਏ
ਹੌਲੀ ਹੌਲੀ ਪੈਰ ਚਾਵਣ
ਹੌਲੀ ਹੌਲੀ ਲਾਵਣ ਜ਼ਿਵੀਂ ਤੇ
ਸਹਿਜੇ ਲਿਫ਼ ਉਸਰਣ

ਸਹਿਜੇ ਬਾਂਹ ਉਲਾਰ ਨਿਵਾਵਣ
ਨਾਲ਼ ਏਨਾ ਈ ਗਾਵਣ ਹੌਲੀ ਹੌਲੀ
‘ਅਬ ਹਮ ਗੁੰਮ ਹੁਏ
ਹਾਏ
ਅਬ ਹਮ ਗੁੰਮ ਹੁਏ,
ਜਿਵੇਂ ਸਵੇਰ ਪਈ ਹੋਵੇ
ਆਵੇ ਰਾਤ ਪਈ,
ਮੈਂ ਤਕਨਾ ਖਲਾ
ਸਹਿਜ ਸਭਾਈਂ ਰਲਿਆਂ
ਬਢੜਾ ਨਿੱਕੜਾ ਜਿਹੜਾ ਆਇਆ ਏ ਰਲਦਾ ਗਿਆ ਏ,
ਲਹਿਰ ਜਿਹੀ ਕੋਈ ਅੰਦਰੋਂ ਉਠੀ
ਤਾਨ ਮੈਂ ਲਾਈ’,
‘ਆਪਣੇ ਆਪ ਨੂੰ ਸੋਧ ਰਿਹਾ ਹੂੰ’
ਵਾਜ਼ ਸਾਈਂ ਦੀ ਆਈ:
ਨਾ ਸਿਰ ਹਾਥ ਨਾ ਪੈਰ,
ਰਲ਼ ਪਏ ਸਾਰੇ
ਅਬ ਹਮ ਅਬ ਹਮ ਪ੍ਰੇਮ ਨਗਰ ਕੇ ਸ਼ਹਿਰ,
ਲਹਿਰ ਉਹ ਬੋਹੜੀ
‘ਖ਼ੁਦੀ ਖੋਈ ਆਪਣਾ ਪਦ ਚੀਨਾ’
ਸਾਈਂ ਰਲੇ ਮੁੜ ’ਤਬ ਹੋਈ ਕੁਲ ਖ਼ੈਰ’
‘ਅਬ ਹਮ ਅਬ ਹਮ’
‘ਬੁੱਲ੍ਹਾ ਸ਼ੋਹ ਹੈ ਦੋਹੀਂ ਜਹਾਨੀਂ
ਕੋਈ ਨਾ ਦਿੱਸਦਾ ਗ਼ੈਰ’
ਅਬ ਹਮ ਅਬ ਹਮ ਗੁੰਮ ਹੁਏ ਪ੍ਰੇਮ ਨਗਰ ਕੇ ਸ਼ਹਿਰ’
ਬੈਠਕ ਬੈਠਕ ਨਾ ਰਹੀ
ਤਾਜ ਸਾਈਂ ਜੋ ਆਹੇ ਸੋ ਆਹੇ
ਅਸਾਂ ਹੋਰ ਦੇ ਹੋਰ ਹੋਏ
ਸਿਵਲ ਸਰਵਿਸ ਤੇ ਪਿੱਛੇ ਰਹਿ ਗਈ
ਬਣੀਆਂ ਪਾਰਟੀਆਂ
ਬਣ ਬਣ ਟੁੱਟਦੀਆਂ ਆਈਆਂ
ਲਗੀ ਲੋਅ ਜਿਹੜੀ ਉਸ ਘੜੀ
ਅੱਖੀਆਂ ਧੋਂਦੀ ਆਈ

ਮੈਲ਼ੀ ਆਪ ਜਾਂ ਹੁੰਦੀ ਜਾਪੀ
ਓਸੇ ਘੜੀ ਧੁਆਈ

=

1 ਨੀਤਗ=ਸਿਆਸੀ। 2 ਕਮੇਰ = ਕਾਮਾ, ਵਰਕਰ।

*******

# ਕਿਤਾਬ: ਰਾਹ ਵਸਾਹ

(2019 ਸ. 18-19)

## ਸ਼ੱਪੇ ਦੇ ਥੜੇ ਦੀ

ਕੌਣ ਸੀ ਭਾਅ ਇਹ ਟੱਪਰੀ ਵਾਸਣ
ਉਠ ਜਿਹੜੀ ਚਲੀ ਗਈ ਏ
"ਇਹ ਸ਼ਰਮੋ ਈ ਬੀਨੀਏ ਫੀਨੀਏ
ਕਦੇ ਕਦਾਰ ਈ ਆਉਂਦੀ ਏ ਹੁਣ ਵਿਹਲ ਹੋਵੇ ਤਾਂ
ਜਾਣੂ ਪੁਰਾਣੀ ਹੋਈ
ਇਕ ਦਿਨ ਮੈਂ ਪੁੱਛਿਆ:
'ਆਏ ਗਏ ਦੀ ਸ਼ਰਮੋ ਸੌ ਤੋਂ ਸੁਣਨੀ ਏਂ ਆਪ ਧਿਆਨੇ
ਕਦੇ ਜਵਾਬ ਨਹੀਓਂ ਦੇਂਦੀ,
ਹੱਸ ਕੇ ਆਹੰਦੀ ਏ ਸੱਪ ਸੱਪ ਜੀ
ਨਹੀਂ ਚੜ੍ਹ ਕੋਠੇ ਮੰਦੇ ਅਸਾਂ ਪਰਤਾਵਣੀਆਂ
ਮੰਦੇ ਭਲਾ ਸਾਨੂੰ ਕਿਉਂ ਤਪਾਵਣ
ਅਸਾਂ ਹਾਂ ਆਵੀ ਤਾਵਣੀਆਂ
ਆਵੀ ਅਸਾਡੀ ਵਿਚ ਸ਼ਹਿਰ ਦੇ ਸ਼ਹਿਰੋਂ ਬਾਹਰੀ
ਪਲ ਛਿਣ ਪੱਕ ਪੱਕ ਜਿਥਾਂ ਲਹਿੰਦੇ
ਹੋ ਕੇ ਨਾਨਕਸ਼ਾਹੀ
ਇਸ਼ਕ ਦੁਆਰੇ ਜਿਹਨਾਂ ਉਸਾਰੇ
ਢਾ ਝਰੋਕ ਚੁਬਾਰੇ',
"ਸ਼ਰਮ ਤੇ ਭਾਅ ਕੋਈ ਅੱਖੀਆਂ ਉਹਦੀਆਂ ਵਿਚ ਅਸਾਨੂੰ ਦਿੱਸੀ ਨਹੀਓਂ
"ਇਹ ਸ਼ਰਮ ਹੋਰ ਉਹ ਸ਼ਰਮ ਹੋਰ
ਸਾਈਂ ਰੱਖਾ ਤੁਹਾਨੂੰ ਇਹ ਲੁਹਾ ਕੇ ਉਹ ਪਵਾਂਦਾਏ, ਨਹੀਂ?
ਬਾਕੀ ਡਿਕਸ਼ਨਰੀਆਂ ਦੀਆਂ ਤੁਸਾਂ ਕਨਸਤਰਾਂ ਹੋਈਆਂ
ਦਸਿਉ ਫੋਲ ਕੇ ਭੇਤ ਮੈਨੂੰ ਵੀ"

=

1 ਹੋਕੇ = ਐਲਾਨ (ਜਮ੍ਹਾਂ)। 2 ਸ਼ਰਮ =ਲੱਜ, ਝਿਜਕ। 3 ਸ਼ਰਮ = ਘਾਲ, ਮਿਹਨਤ, ਉਦਮ

******

# ਕਿਤਾਬ: ਰਾਹ ਵਸਾਹ

(2019 ਸ. 91-106)

**ਭੜਥ ਪਹਾੜਾ**

(ਸ਼ਹਿਰ ਵਿਚ ਕਮੇਟੀ ਦਾ ਹਾਈ ਸਕੂਲ ਏ। ਪੰਜਵੀਂ ਤੋਂ ਦਸਵੀਂ ਤੀਕਰ ਪੜ੍ਹਾਈ ਉਥਾਈਂ ਥੀਂਦੀ ਏ। ਪਹਿਲੀਆਂ ਚਾਰ ਜਮਾਤਾਂ ਪੜ੍ਹਾਵਣ ਲਈ ਵੱਖ ਵੱਖ ਮੁਹੱਲਿਆਂ ਵਿਚ ਬ੍ਰਾਂਚਾਂ ਨੇਂ।ਸ਼ਹਿਰ ਦੀ ਫ਼ਸੀਲ ਦੁਆਲੇ ਫਿਰਦੀ ਗੋਲ ਸੜਕ ਉਤੇ ਵੀ ਹੈ ਇਕ ਜਿਹੜੀ ਮੇਨ ਬ੍ਰਾਂਚ ਅਖਵੇਂਦੀ ਏ। ਗੋਲ ਸੜਕ ਤੋਂ ਅੱਗੇ ਪਿੰਡ ਨੇਂ।ਬਹੁਤੇ ਛੋਹਰ ਇਥੇ ਪਿੰਡਾਂ ਤੋਂ ਈ ਆਉਂਦੇ ਨੇਂ ਕੱਚੇ ਪਾਹੇ ਲੰਘ ਕੇ। ਤਿੰਨ ਕਮਰੇ ਨੇਂ ਤੇ ਵਿਚਕਾਰ ਵੇਹੜਾ। ਕਿਸੇ ਛੋਟੇ ਸਰਕਾਰੀ ਅਫ਼ਸਰ ਦੀ ਪੁਰਾਣੀ ਕੋਠੀ ਏ ਇਹ। ਕਮੇਟੀ ਨੇ ਕਿਰਾਏ ਤੇ ਲਈ ਹੋਈ ਏ। ਕੱਚੀ ਪੱਕੀ ਪਿਛਲੇ ਬਰਾਂਡੇ ਵਿਚ ਨੇਂ ਵਿਦੂਜੀ ਦਾ ਮਾਸਟਰ ਦੀਨ ਏ। ਪੂਰਾ ਨਾਂ ਖ਼ਬਰੇ ਕੀ ਸੂ, ਮਾਸਟਰ ਦੀਨ ਈ ਉਹਨੂੰ ਆਖਦੇ ਨੇਂ ਸਭ। ਵੱਡੇ ਸਕੂਲ ਵਿਚ ਬੈਂਡ ਮਾਸਟਰ ਏ। ਅੱਜ ਕੱਲ੍ਹ ਬੈਂਡ ਕਿਸੇ ਵਜ੍ਹਾ ਤੋਂ ਬੰਦ ਏ ਤੇ ਮਾਸਟਰ ਦੀਨ ਇਥੇ ਆ ਗਿਆ ਏ। ਵੀਹ ਛੋਹਰ ਨੇਂ ਕੱਚੇ ਫ਼ਰਸ਼ ਤੇ। ਪਤਲਾ ਕਾਲ਼ਾ ਮਾਸਟਰ ਦੀਨ, ਪਤਲੂਨ ਕੋਟ ਵਿਚ। ਸਿਰ ਤੇ ਪੱਗ ਖ਼ਾਕੀ ਉਚੇ ਤੁੱਰੇ ਵਾਲੀ।

ਮਾਸਟਰ ਦੀਨ: ਕਿਉਂ ਵਾਈ ਜਵਾਨੋ ਕੀ ਸਲਾਹ ਏ ਅੱਜ।ਪਹਾੜਾ ਨਾ ਪੜ੍ਹ ਵੇਖੀਏ ਦੂਣੀ ਦਾ, ਹੈਂ? (ਮੁੰਡਿਆਂ ਸਿਰਿਆਂ ਹਿਲਾਈਆਂ ਨੇਂ)
ਲਓ ਜੀ, ਬਰਕਤ ਦੂਣੀ ਦੂਣੀ ਦੋ ਦੂਣੀ ਚਾਰ
(ਦੋਏ ਬਾਂਹਾਂ ਚਾ ਕੇ ਨਾਚ ਰੂਪ ਵਿਚ ਹਿੱਲ ਕੇ ਗੰਵਿਆ ਏ ਦੀਨ। ਸੈਂਤਰ ਨਾਲ਼ ਮੁੰਡਿਆਂ ਨੂੰ ਵੀ ਉਠਾਇਆ ਏ। ਸਾਰੇ ਹਿੱਲ ਨੱਚ ਕੇ ਗਾਵਣ ਵਿਚ ਰਲ਼ ਗਏ ਨੇਂ)।
ਛੋਹਰ: ਬਰਕਤ ਦੂਣੀ ਦੂਣੀ ਦੋ ਦੂਣੀ ਚਾਰ
ਦੀਨ: ਭੜਥਾ ਬਤਾਊਂ ਦਾ ਮੈਂ ਖਾਣਾ ਜੇ
ਨਹੀਂ ਧਰਨਾ ਮੈਂ ਰੋਟੀ ਤੇ ਅਚਾਰ
ਛੋਹਰ: (ਹੱਸ ਹੱਸ ਨੱਚਦੇ) ਨਹੀਂ ਧਰਨਾ ਮੈਂ ਰੋਟੀ ਤੇ ਅਚਾਰ
ਬਰਕਤ ਦੂਣੀ ਦੂਣੀ ਦੋ ਦੂਣੀ ਚਾਰ
ਦੀਨ: ਤਿੰਨ ਦੂਣੀ ਛੀ ਏ ਚਾਰ ਦੂਣੀ ਅੱਠ
ਛੋਹਰ: ਤਿੰਨ ਦੂਣੀ ਛੀ ਏ ਚਾਰ ਦੂਣੀ ਅੱਠ

ਦੀਨ: ਨਹੀਂ ਭੜਥਾ ਜਿਹਨੇ ਖਾਣਾ ਖਵਾਣਾ ਉਹ ਘਰ ਜਾਵੇ ਨੱਠ
ਛੋਹਰ: ਉਹ ਘਰ ਜਾਵੇ ਨੱਠ
ਤਿੰਨ ਦੂਣੀ ਛੀ ਏ ਚਾਰ ਦੂਣੀ ਅੱਠ
ਦੀਨ: ਪੰਜੋ ਦੂਣੀ ਦਸ ਛੀਓ ਦੂਣੀ ਬਾਰਾਂ
ਭੜਥਾ ਖਾਓ ਤੇ ਪੜ੍ਹੋ ਅਖ਼ਬਾਰਾਂ
ਛੋਹਰ: ਪੜ੍ਹੋ ਅਖ਼ਬਾਰਾਂ ਪੜ੍ਹੋ ਅਖ਼ਬਾਰਾਂ
ਪੰਜੋ ਦੂਣੀ ਦਸ ਛੀਓ ਦੂਣੀ ਬਾਰਾਂ
ਦੀਨ: ਸੱਤੋ ਦੂਣੀ ਚੌਦਾਂ ਅੱਠੋ ਦੂਣੀ ਸੋਲਾਂ
ਭੜਥਾ ਲੱਗੇ ਜੀਭ ਮੇਰੀ ਨੂੰ ਅਗਲੇ ਭੇਤ ਮੈਂ ਖੋਲ੍ਹਾਂ
ਛੋਹਰ: ਅਗਲੇ ਭੇਤ ਮੈਂ ਖੋਲ੍ਹਾਂ
ਸੱਤੋ ਦੂਣੀ ਚੌਦਾਂ ਉਠੋ ਦੂਣੀ ਸੋਲਾਂ
ਦੀਨ: ਨੌ ਦੂਣੀ ਅਠਾਰਾਂ ਦਸ ਦੂਣਾ ਵੀਹ ਏ
ਰਲ਼ ਪਛੂਏ ਹੁਣ ਇਕ ਦੂਜ ਨੂੰ ਭੜਥਾ ਹੁੰਦਾ ਕੀ ਏ
ਛੋਹਰ: ਭੜਥਾ ਹੁੰਦਾ ਕੀ ਏ ਦੱਸੋ ਭੜਥਾ ਹੁੰਦਾ ਕੀ ਏ
ਨੌਂ ਦੂਣੀ ਅਠਾਰਾਂ ਦਸ ਦੂਣਾ ਵੀਹ ਏ
ਦੀਨ: ਭੜਥਾ ਦੋਹਾਂ ਰਲ਼ ਖਾਣਾ ਏ
ਤਾਂ ਤਿੰਨ ਦਾ ਪਹਾੜਾ ਆਵਣਾ ਏ
ਛੋਹਰ: ਭੜਥਾ ਦੋਹਾਂ ਰਲ਼ ਖਾਣਾ ਏ ਆਹੋ ਭੜਥਾ ਦੋਹਾਂ ਰਲ਼ ਖਾਣਾ ਏ
ਤਾਂ ਤਿੰਨ ਦਾ ਪਹਾੜਾ ਆਣਾ ਏ
ਦੀਨ: ਬਰਕਤ ਦੂਣੀ ਦੂਣੀ ਦੋ ਦੂਣੀ ਚਾਰ
ਛੋਹਰ: ਬਰਕਤ ਦੂਣੀ ਦੂਣੀ ਦੋ ਦੂਣੀ ਚਾਰ
ਦੀਨ: ਬਹਿ ਜਾਈਏ ਹੁਣ। (ਛੋਹਰ ਆਪੋ ਆਪਣੀ ਥਾਂ ਤੇ ਬਹਿ ਗਏ ਨੇਂ)

ਸਾਰੇ ਬਤੂਨੇ ਰਲੀ ਬੈਠੇ ਆਂ । ਪਤਾ ਨਹੀਂ ਆਉਂਦਾ ਵੀ ਹੈ ਕਿਸੇ ਨੂੰ ਭੜਥਾ ਬਤਾਊਂ ਦਾ ਬਣਾਵਣਾ।
(ਇਕ ਛੋਹਰ ਅੱਠਾਂ ਦਸਾਂ ਦਾ, ਨਿੱਕੀ ਜਿਹੀ ਪੱਗ ਤੇ ਹੱਥ ਨਿੱਕਾ ਜਿਹਾ ਕੜਾ। ਉਠ ਕੇ ਅਗੇਰੇ ਹੋਇਆ ਏ)
ਛੋਹਰ: ਜੀ ਆਉਂਦਾ ਏ
ਦੀਨ: ਬੱਲੇ। ਨਾਂ ਤੇ ਦੱਸੋ।
ਛੋਹਰ: ਜੀ ਬੀਰ ਸਿੰਘ
ਦੀਨ: ਦੱਸੋ ਬੀਰ ਜੀ ਕਿਵੇਂ ਬਣਾਈਏ
ਬੀਰ ਛੋਹਰ: ਟੋਇਆ ਕੱਢਣੇ ਆਂ ਪਹਿਲੋਂ

ਦੀਨ: ਕਿੱਥੇ
ਬੀਰ: (ਥਾਂ ਵੇਖ ਕੇ) ਇਥੇ
ਦੀਨ: ਫੇਰ?
ਬੀਰ: ਫੇਰ ਇਥੇ ਅੱਗ ਬਾਲ ਲੈਨੇ ਆਂ।ਬਤਾਊਂ ਟੋਏ ਵਿਚ ਧਰਨੇ ਆਂ ਭੁੱਬਲ ਵਿਚ ਵਲ੍ਹੇਟ ਕੇ। ਬਤਾਊਂ ਪੱਕ
ਜਾਣਾ ਏ, ਅਸੀਂ ਕੱਢ ਕੇ ਫ਼ੇਹਿ ਲੈਣਾਏ, ਫ਼ੇਹਿ ਕੇ ਵਿਚ ਲੂਣ ਮਸਾਲਾ ਰਲ਼ਾ ਲੈਣਾ ਏ
ਦੀਨ: ਵਾਰੀ ਓਏ ਬੀਰਿਆ। ਚਲੋ ਵੇਖਨੇ ਆਂ ਬਤਾਊਂ ਕਿਧਰੋਂ ਆਉਂਦਾ ਏ
ਬੀਰ: ਮੇਰੇ ਨਾਲ਼ ਈ ਆਵਣਾ ਏ ਜੀ ਉਹਨੇ ਦੋ ਦੂਣੀ ਚਾਰ ਹੋ ਕੇ
(ਹੋਰ ਛੋਹਰ ਨੂਰ ਅਗੇਰੇ ਹੋਇਆ ਏ)
ਨੂਰ: ਮੈਂ ਆਂ ਜੀ ਨੂਰ। ਅਸੀਂ ਕੱਠੇ ਆਵਣਾ ਏ, ਇਕੋ ਪਿੰਡ ਏ। ਲੂਣ ਮਸਾਲਾ ਮੈਂ ਲਿਆਵਣਾ ਏ।
ਲਛਮਣ: ਰੰਬੀ ਵੀ ਆ ਜਾਸੀ ਟੋਏ ਕੀਤੇ
ਦੀਨ: ਉਸੇ ਪਿੰਡੋਂ?
ਲਛਮਣ: ਨਹੀਂ ਜੀ ਸਾਡਾ ਪਿੰਡ ਹੋਰ ਪਾਸੇ। ਪਰ ਰਾਹ ਮਿਲ ਜਾਂਦੇ ਨੇਂ ਅੱਗੋਂ।
ਬੀਰ: ਇਹ ਲਛਮਣ ਏ ਜੀ।
ਦੀਨ: ਲਓ ਜੀ ਨੂਰ ਬੀਰ ਤੇ ਲਛਮਣ ਰਾਜ। ਹੋ ਗਿਆ ਸਾਡਾ ਕਾਜ। ਤੀਲੀ ਹੈ ਮੇਰੇ ਕੋਲ਼।
ਸੋ ਭੜਥਾ ਕੱਲ੍ਹ ਤਿਆਰ। ਹੈਂ ਜੀ?
ਛੋਹਰ: ਭੜਥਾ ਕੱਲ੍ਹ ਤਿਆਰ ਆਹੋ ਜੀ ਭੜਥਾ ਕੱਲ੍ਹ ਤਿਆਰ। ਬਰਕਤ ਦੂਣੀ ਦੂਣੀ ਦੋ ਦੂਣੀ ਚਾਰ
(ਓਹਲਾ)
(ਬੀਰ ਸਿੰਘ ਦਾ ਘਰ।ਕੱਚਾ ਕੋਠਾ।ਕੱਚਾ ਵੇਹੜਾ।ਪੰਜੀਆਂ ਤ੍ਰੀਹਾਂ ਦੀ ਮਾਂ ਪ੍ਰੀਤੋ ਚੁੱਲ੍ਹੇ ਅੱਗੇ ਬੈਠੀ ਏ।ਬੀਰ ਸਿੰਘ ਆਇਆ। ਬਸਤਾ ਧਰਿਓਸੁ।)

ਬੀਰ: (ਨੱਚ ਕੇ) ਬਰਕਤ ਦੂਣੀ ਦੋ ਦੂਣੀ ਚਾਰ
(ਪ੍ਰੀਤੋ ਹੱਸਦੀ ਉਠ ਆ ਕੋਲ਼ ਖਲੋਤੀ ਏ)
ਬੀਰ: ਭੜਥਾ ਬਤਾਊਂ ਦਾ ਮੈਂ ਖਾਣਾ ਜੇ
ਨਹੀਂ ਧਰਨਾ ਮੈਂ ਰੋਟੀ ਤੇ ਅਚਾਰ
ਬਰਕਤ ਦੂਣੀ ਦੂਣੀ ਦੋ ਦੂਣੀ ਚਾਰ

ਪ੍ਰੀਤੋ: (ਹੱਸਦੀ ਏ ਨੱਚ ਕੇ) ਬਰਕਤ ਦੂਣੀ ਦੂਣੀ ਦੋ ਦੂਣੀ ਚਾਰ
ਬੀਰ: ਅੱਜ ਇਹ ਪਹਾੜਾ ਪੜ੍ਹਿਆ ਈ ਪ੍ਰੀਤੋ ਮਾਂ ਅਸੀਂ ਸਕੂਲੇ
ਪ੍ਰੀਤੋ: ਨੱਚ ਨੱਚ ਕੇ?
ਬੀਰ: ਆਹੋ
ਪ੍ਰੀਤੋ: ਮਾਸਟਰ ਕਿੱਥੇ ਸੀ
ਬੀਰ: ਉਸੇ ਤੇ ਪੜ੍ਹਾਇਆ ਏ। ਗੰਵਿਆ ਨੱਚਿਆ ਏ ਨਾਲ਼।
ਪ੍ਰੀਤੋ: ਚੰਗਾ ਮਾਸਟਰ ਏ। ਕੀ ਨਾਂ ਸੂ।
ਬੀਰ: ਦੀਨ
ਪ੍ਰੀਤੋ: ਤਾਂਹਿਓਂ
ਬੀਰ: ਕੌਣ ਹੁੰਦੇ ਨੇਂ ਪੀਤੋ ਮਾਂ ਇਹ ਦੀਨ
ਪ੍ਰੀਤੋ: ਕੱਖੋਂ ਹੋਲੇ, ਅਸਲੋਂ ਗ਼ਰੀਬ
ਬੀਰ: ਮਾਸਟਰ ਦੀਨ ਤੇ ਚੰਗਾ ਸੁਖਾ਼ਲਾ ਜਾਪਦਾ ਏ। ਕੋਟ ਪਤਲੂਨ ਉਤੇ ਪੱਗ, ਲੰਮਾ ਤੁਰਲਾ।
ਪ੍ਰੀਤੋ: ਅੰਦਰੋਂ ਦੀਨ ਈ ਬੀਰੂ

ਸੁਣੇ ਤੇ ਹੋਏ ਨੇਂ ਬੋਲ ਤੋਂ ਕਬੀਰ ਜੀ ਦੇ ਗੁਰੂ ਗ੍ਰੰਥ ਸਾਹਿਬ ਕੋਲੋਂ

ਬੀਰ: ਕਿਹੜੇ?
ਪ੍ਰੀਤੋ: ਓਹਾ (ਗਾਕੇ) "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥

ਬੀਰ: ਪਰ ਮਾਸਟਰ ਦੀਨ ਤੇ ਮੁਸਲਮਾਨ ਲੱਗਦਾ ਏ
ਪ੍ਰੀਤੋ: ਬਾਬੇ ਦੋ ਤੇ ਕੀਤੇ ਕੋਈ ਨਹੀਂ ਹਿੰਦੂ ਮੁਸਲਮਾਨ। ਪਹਿਲੀ ਗੱਲ ਈ ਇਹੋ ਆਖੀ ਹਈ:

"ਨਾ ਹਮ ਹਿੰਦੂ ਨਾ ਮੁਸਲਮਾਨ"

ਬੀਰ: ਠੀਕ ਏ ਹੰਮ ਤੇ ਸਿਖ ਹੋਏ ਕਿ
ਪ੍ਰੀਤੋ: ਆਹੋ। ਸਿਖ, ਸਿਖਿਆਰ
ਬੀਰ: ਸਿਖ ਸਿਖ ਦਾ ਯਾਰ
ਪ੍ਰੀਤੋ: ਸਿਖਿਆਰ ਸਿਖਣਹਾਰ
ਬੀਰ: ਗੱਲ ਹੋਈ ਨਾ। ਸਿਖਨੀ ਹਾਰ ਜਾਏ ਸਿਖ ਨਹੀਂ ਹਾਰਦਾ
ਪ੍ਰੀਤੋ: ਹਾਰਨਾ ਮੈਂ ਵੀ ਨਹੀਓਂ।ਸਿਖਣਹਾਰ, ਸਿਖਣ ਵਾਲਾ।ਤੁਸੀਂ ਸਾਰੇ ਜਮਾਤੀ ਸਿਖ ਈ ਓ ਕਿ।ਹਿੰਦੂ ਹੋਵੋ ਯਾ ਮੁਸਲਮਾਨ ਸਿਖਣ ਲਈ ਸਕੂਲੇ ਜੋ ਪਏ ਓ।
ਬੀਰ: (ਸੋਚੀ ਪਿਆ ਏ) ਪੀਤੋ ਮਾਂ ਇਹ ਭੋਏਂ ਵਿਚ ਕਿਉਂ ਗੱਡਣੇ ਪੈਂਦੇ ਨੇਂ ਟੋਇਆਂ ਕੱਢ ਕੇ ਬਤਾਊਂ ਭਿੜਥੇ ਲਈ।

ਪ੍ਰੀਤੂ: ਉਗ ਕੇ ਓਥੋਂ ਜੋ ਆਏ ਨੇ। ਭੋਏਂ ਕੋਲ਼ ਨਿੱਘ ਹੁੰਦਾ ਈ।ਸੇਵੰਦ ਓ ਬਤਾਊਆਂ ਨੂੰ। ਜਿਵੇਂ ਕੁਕੜੀ ਨਹੀਂ ਸਾਡੇ ਆਂਡੇ ਸੇਵੰਦੀ ਚੂਚੇ ਬਣਾਵਣ ਲਈ।
ਬੀਰ: ਪਹਾੜੇ ਤੇ ਪੜ੍ਹਦੀ ਹੋਈ ਇਹ ਭੋਏਂ ਏਸ ਕੰਮ ਲਈ। ਖ਼ਬਰੇ ਨੱਚਦੀ ਕਿਹੜੇ ਵੇਲੇ ਏ।
ਪ੍ਰੀਤੋ: ਹਰ ਵੇਲੇ (ਬੀਰ ਦੇ ਹੱਥ ਫੜ ਕਿੱਕਲੀ ਪਾਉਂਦੀ ਏ) ਬਰਕਤ ਦੂਣੀ ਦੂਣੀ ਦੋ ਦੂਣੀ ਚਾਰ।
ਬੀਰ: ਮਾਸਟਰ ਦੀਨ ਵੀ ਅਸਲੋਂ ਤੇਰੇ ਹਾਰ ਏ। ਪੱਗ ਹੋਵੇ ਨਾ ਸਿਰ ਤੇ ਤੇ ਸਮਝੋ ਤੂੰ ਈ ਪੜ੍ਹਾਵਣੀ ਪਈ ਏਂ

ਸਾਡੀ ਜਮਾਤ ਨੂੰ ।

(ਬੀਰ ਦਾ ਪਿਓ ਬਿਸ਼ਨ ਸਿੰਘ ਆਇਆ।ਪੰਜੀਆਂ ਤ੍ਰੀਹਾਂ ਦਾ ਏ ਉਹ ਵੀ॥)
ਬਿਸ਼ਨ: ਕਿਹਨੂੰ ਪੜਾਵਣ ਟੋਰਨੀ ਓ ਮਾਂ
ਬੀਰ: ਨਹੀਂ ਬਾਵਾ ਮੈਂ ਤੇ ਮਾਸਟਰ ਦੀਨ ਦੀ ਪਿਆ ਦੱਸਦਾ ਸਾਂ ਇਹਨੂੰ
ਬਿਸ਼ਨ: ਕੀ ਪੜ੍ਹ ਕੇ ਆਇਆ ਏਂ ਉਹਦੇ ਕੋਲੋਂ ਅੱਜ।
ਬੀਰ: ਪਹਾੜਾ ਦੂਣੀ ਦਾ।
ਬਿਸ਼ਨ: ਸੁਣਾ

(ਬੀਰ ਚੁੱਪ ਖਲੋਤਾ ਏ)

ਪ੍ਰੀਤੋ: ਸੁਣਾ ਨਾ ਬੀਰੂ ਜਿਵੇਂ ਮੈਨੂੰ ਸੁਣਾਇਆ ਈ।
ਬੀਰ: ਮੈਂ ਕੁੱਟ ਨਹੀਂ ਖਾਣੀ।
ਪ੍ਰੀਤੋ: ਚਲ ਤੇਰੇ ਵਾਰੇ ਦੀ ਮੈਂ ਖਾ ਲਊਂ । ਸੁਣਾ ਤੂੰ।
ਬੀਰ: ਨਾ। ਤੂੰ ਕਿਉਂ ਖਾਵੇਂ
ਬਿਸ਼ਨ: ਸੁਣਾ ਸੁਣਾ ਬੀਰ ਸੰਘਾ, ਸਕੂਲੇ ਸਿਖਿਆ ਈ ਪਹਾੜਾ, ਠੀਕ ਏ ਤੇ ਕੁੱਟ ਕਾਹਦੀ।
ਬੀਰ: ਠੀਕ ਨਹੀਂ ਨਾ ਬਾਵਾ ਜੀ। ਸਕੂਲੇ ਹੋਰ ਮਾਸਟਰ ਇੰਝ ਤੇ ਨਹੀਂ ਨਾ ਪੜ੍ਹਾਉਂਦੇ ਪਹਾੜਾ।
ਬਿਸ਼ਨ: ਹੱਲਾ ਵਈ। ਫੇਰ ਤੇ ਅਸਾਂ ਸੁਣ ਕੇ ਛੱਡਣਾ ਈ ਬੀਰੇਆ।
ਬੀਰ: (ਨਚਿਆਏ) ਬਰਕਤ ਦੂਣੀ ਦੂਣੀ ਦੋ ਦੂਣੀ ਚਾਰ

ਭੜਥਾ ਬਤਾਊਂ ਦਾ ਮੈਂ ਖਾਣਾ ਜੇ
ਨਹੀਂ ਧਰਨਾ ਮੈਂ ਰੋਟੀ ਤੇ ਅਚਾਰ
ਬਰਕਤ ਦੂਣੀ ਦੂਣੀ ਦੋ ਦੂਣੀ ਚਾਰ

ਬਿਸ਼ਨ: (ਹਾਸਾ ਘੁਟਦਾ ਏ) ਲਓ ਜੀ। ਘਰ ਮਾਂ ਮਰਾਸਣ ਤੇ ਸਕੂਲੇ ਮਾਸਟਰ ਮਰਾਸੀ। ਪੁੱਤ ਮੇਰਿਆ ਤੂੰ ਤੇ ਹੱਲ ਵਾਹਣਾ ਏ। ਅੱਠ ਪੜ੍ਹ ਕੇ ਫ਼ੌਜ ਵਿਚ ਜਾਣਾ ਏ। ਵਰਦੀ ਪਾਵਣੀ ਏ, ਰਫ਼ਲ ਚਲਾਣੀ ਏ। ਜੰਗਾਂ ਲੜ ਕੇ ਅਫ਼ਸਰ ਹੋਣਾ ਏ। ਰਕਬੇ ਲੈ ਕੇ ਘਰ ਆਵਣਾ ਏ। ਮਾਸਟਰ ਤੇਰੇ ਨੂੰ ਤੇ ਭੜਥੂ ਪਿਆ ਹੋਇਆ ਏ ਭੜਥੇ ਦਾ। ਪੜ੍ਹਾਉਣਾ ਕੀ ਏ ਤੈਨੂੰ ਉਹਨੇ।

ਬੀਰ: ਬਾਵਾ ਜੀ ਅੱਗੇ ਵੀ ਹੈ ਪਹਾੜਾ

ਬਿਸ਼ਨ: ਸੁਣ ਲੈਨੇ ਆਂ ਉਹ ਵੀ। ਛੰਨਾ ਲੱਸੀ ਦਾ ਫੜਾ ਮੈਨੂੰ ।

ਪ੍ਰੀਤੋ: ਮੈਂ ਦੇਨੀ ਆਂ ਲੱਸੀ। ਤੂੰ ਸੁਣ ਬੀਰੂ ਦੀ। (ਬੀਰ ਨੂੰ ਸੈਂਤ)

ਬੀਰ: ਪੜ੍ਹਾਂ ਬਾਵਾ ਜੀ?

ਬਿਸ਼ਨ: ਚਲ ਮੁਕਾ ਯਾਰ।

ਬੀਰ: (ਨੱਚਿਆ ਏ) ਪੰਜੂ ਦੂਣੀ ਦਸ ਛੀਓ ਦੂਣੀ ਬਾਰਾਂ
ਭੜਥਾ ਖਾਓ ਤੇ ਪੜ੍ਹੋ ਅਖ਼ਬਾਰਾਂ

ਪ੍ਰੀਤੋ: (ਛੰਨਾ ਦੇ ਕੇ) ਲੱਸੀ ਪੀਓ ਤੇ ਲਓ ਬਹਾਰਾਂ

ਬੀਰ: ਲਓ ਬਹਾਰਾਂ ਲਓ ਬਹਾਰਾਂ,
ਪੰਜੂ ਦੂਣੀ ਦਸ ਛੀਓ ਦੂਣੀ ਬਾਰਾਂ

ਬਿਸ਼ਨ: (ਛੰਨਾ ਰੱਖ ਦਿੰਦਾ ਏ ਹੱਸਦਾ) ਵਾਹ ਵਾਹ ਬਰੀਕ ਸੁਰਤ ਜਾਪਦੀ ਏ ਵਾਈ ਮਾਸਟਰ ਤੇਰੇ ਦੀ। ਭੋਲ਼ਾ ਭੁੱਖਾ ਨਹੀਂ, ਭੜਥੇ ਵਿਚ ਕੁਝ ਹੋਰ ਖਵਾਓ ਏ। ਪ੍ਰੀਤੋ ਭੜਥਾ ਬਣਾ ਈ ਘਲ ਸਵੇਰੇ ਬੀਰੇ ਹੱਥ।

ਬੀਰ: ਮਾਸਟਰ ਜੀ ਨੇ ਤੇ ਜਮਾਤ ਵਿਚ ਭੜਥਾ ਬਣਵਾਣਾ ਏ ਸਾਥੋਂ ।

ਬਿਸ਼ਨ: ਜਮਾਤ ਵਿਚ? ਟੋਇਆ ਕਢਵਾਓ ਏ ਤੁਹਾਥੋਂ ਓਥੇ।ਹੂੰ।ਮਰਾਸੀ ਨਹੀਓਂ ਪ੍ਰੀਤੋ ਇਹ ਤੇ ਕੋਈ ਜੱਟ ਈ ਭੇਤਲਾ।

ਪ੍ਰੀਤੋ: ਭੇਤੀ ਜਾਪਦਾ ਏ ਤੇਰੇ ਭਾਂਗੜੇ ਦਾ

ਬਿਸ਼ਨ: ਸਾਡਾ ਭਾਂਗੜਾ ਤੇ ਮੇਲਿਆਂ ਜੋਗਾ ਈ ਏ।

ਪ੍ਰੀਤੋ: ਜੇ ਮੇਲ਼ਾ ਈ ਹੋਏ ਹਰ ਵੇਲੇ ਤਾਂ?

ਬਿਸ਼ਨ: ਹਰ ਵੇਲੇ। ਹਾਹ। ਉਹ ਵੇਲ਼ਾ।

ਪ੍ਰੀਤੋ: ਆ ਵੀ ਸਕਦਾ ਏ, ਬਿਸ਼ਨੋ।

ਬਿਸ਼ਨ: ਕਿੱਥੋਂ

ਪ੍ਰੀਤੋ: ਇਥਾਓਂ ਈ। ਜੇ ਪੁੱਤਰ ਪੜ੍ਹਾ ਤੁਸਾਂ ਜੰਗਾਂ ਲੜਨ ਤੇ ਨਾ ਲਾਈ ਜਾਓ।

ਬਿਸ਼ਨ: ਕਿਹੜੇ ਪਾਸੇ ਪਈ ਟੁਰਨੀ ਏਂ

ਪ੍ਰੀਤੋ: ਕਿਹੜੇ

ਬਿਸ਼ਨ: ਜੱਗ ਦਾ ਉਲਟਾਅ ਈ ਓਸ ਪਾਸੇ। ਨਵਾਂ ਉਸਾਰ ਵਸਾਵਣ ਜਿਵੇਂ ਦੱਸ ਗਏ ਨੇਂ ਅਗਲੇ ਨੱਚ ਗਾਉਂਦੇ

ਪ੍ਰੀਤੂ: ਤਾਂ ਟੁਰੋ ਨਾ ਪੁੱਤਰ ਓਸ ਪਾਸੇ

ਬਿਸ਼ਨ: ਕੀ ਕਰੀਏ। ਭੁਖ ਦੀ ਡੈਣ ਖਲੋਤੀ ਏ ਰਾਹ ਵਿਚ। ਕਈਂ ਪਏ ਉਸ ਪੰਧ। ਵਿਰਲਾ ਈ ਪਰਤਿਆ ਈ

ਸਗਵਾਂ।ਤੇ ਜੱਗ ਓਥੇ ਦਾ ਓਥੇ ਸਗੋਂ ਵਧੇਰੇ ਚੌੜ।

ਪ੍ਰੀਤੋ: ਜਿਊਂਦਾ ਤੇ ਓਹਾ ਈ ਏ ਜਿਹੜਾ ਇਸ ਰਾਹੇ ਪਿਆ। ਸਾਹ ਤੇ ਉਥਾਂ ਈ ਆਉਂਦਾ ਏ ਸੁੱਚਾ।

ਬਿਸ਼ਨ: ਆਹਨੀ ਤੇ ਸੱਚ ਏਂ ਪਈ। ਵਿਹਨੇ ਆਂ ਪਏ ਉਤੋਂ ਭਰਤੀ ਦੇ ਬੋਰੇ ਪਏ ਭਰੇਂਦੇ ਨੇਂ, ਹੇਠੋਂ ਹੇਠ ਇਹ

ਗ਼ਦਰੀ ਬਾਬੇ ਘਰ ਘਰ ਬੋਹੜ ਪਏ ਟੋਹੰਦੇ ਨੇਂ ਨਵਿਆਂ ਜੀਆਂ ਨੂੰ।ਢੇਰ ਵਲਾਏ ਨੀਂ ਮੇਰੇ ਜਿਹੀਆਂ।

ਫੜੇ ਟੰਗੇ ਵੀ ਗਏ ਨੇਂ, ਨਹੀਂ ਪਰ ਟਲਦੇ

ਪ੍ਰੀਤੋ: ਸੱਚ ਟੱਲ਼ ਜਾਵੇ ਤੇ ਨਾ ਆਦਿ ਨਾ ਜੁਗਾਦਿ

ਬਿਸ਼ਨ: ਤੇਰਾ ਤੇ ਮੂੰਹ ਰਿਹਾ ਈ ਓਸ ਪਾਸੇ। ਮੇਰਾ ਨਹੀਂ ਹੋਇਆ ਕਦੇ। ਪਰ ਅਜੀਬ ਗਲ ਏ। ਜਿੰਨਾ ਤੂੰ ਉਲਰਨੀ ਐਂ ਓਧਰ। ਓਨਾ ਈ ਮੇਰੇ ਦਿਲ ਤੇ ਹੱਥ ਵਧੇਰੇ ਪੈਂਦਾ ਈ ਤੇਰਾ।ਖ਼ਬਰੇ ਕਿਉਂ (ਬੀਰ ਵੱਲ ਹੋਇਆ ਏ)।

ਕਿੰਨੇ ਬਤਾਊਂ ਆਖੇ ਨੇਂ ਮਾਸਟਰ ਹੋਰਾਂ ਬੀਰੂ।

ਬੀਰ: ਚਾਰ

ਬਿਸ਼ਨ: ਕਿੰਨੇ ਜੀ ਓ ਜਮਾਤ ਵਿਚ ਤੁਸੀਂ

ਬੀਰ: ਵੀਹ

ਬਿਸ਼ਨ: ਅੱਠ ਲੈ ਜਾਈਂ

ਬੀਰ: ਮਾਸਟਰ ਜੀ ਵੀ ਆਖਿਆ ਸੀ ਸਮਾਨ ਨਾਲ਼ ਲਿਆਵੀਂ ਚਾਰ ਦੂਣੀ ਅੱਠ ਕਰ ਕੇ

ਬਿਸ਼ਨ: (ਭਾਂਗੜੇ ਦੇ ਰੰਗ ਵਿਚ)

ਆਹਾ। ਪੋਰ ਨਵੇਲਾ ਬੀ। ਜੀ ਓ ਜੱਟਾ ਜੀ, ਆਹਾ, ਜੀ ਓ ਜੱਟਾ ਜੀ।

ਪ੍ਰੀਤੋ: ਨਿਰਾ ਜੱਟ? ਕਿਵੇਂ ਗਾਉਂਦਾ ਏ ਪੁੱਤਰ ਤੇਰਾ ਜੇ ਅੰਦਰ ਨਹੀਂ ਮਰਦਾਨਾ ਇਹਦੇ

ਬਿਸ਼ਨ: ਤੇ ਫੇਰ ਕੌਣ ਹੋਏ ਅਸੀਂ

ਪ੍ਰੀਤੋ: ਜੋ ਸਾਰੇ ਨੇਂ

ਬਿਸ਼ਨ: ਇਕੋ ਕੁਝ ਤੇ ਨਹੀਂ ਨਾ ਸਾਰੇ
ਪ੍ਰੀਤੋ: ਹੋਵਣ ਇਕੋ ਕੁਝ ਤਾਂ ਪਤਾ ਲੱਗੇ ਨਾ ਕੌਣ ਆਂ ਅਸੀਂ
ਬਿਸ਼ਨ: ਓਸੇ ਪਾਸੇ ਪ੍ਰੀਤੋ, ਤੂੰ ਉਸੇ ਪਾਸੇ
(ਓਹਲਾ)
(ਸਕੂਲ। ਦੂਜੀ ਜਮਾਤ। ਮਾਸਟਰ ਦੀਨ ਆਇਆ ਏ। ਛੋਹਰਾਂ ਨੂੰ ਵੇਖਿਆ ਸੂ।)
ਦੀਨ: ਵਾਹ ਅੱਜ ਤੇ ਸਾਰੇ ਹਾਜ਼ਰ ਜਮਾਤ ਆਂ । ਆਵੇ ਪਹਾੜਾ?ਨਾ ਸੱਚ। ਅੱਜ ਤੇ ਤੁਹਾਡੀ ਵਾਰੀ ਏ ਮੈਨੂੰ ਪੜ੍ਹਾਵਣਾ ਏ ਤੁਸੀਂ ਕਿ।
ਪੜ੍ਹਾਵਣਾ ਏ ਤੁਸੀਂ ਕਿ।
ਸਾਰੇ (ਨੱਚ ਪਏ ਨੇਂ) ਬਰਕਤ ਦੂਣੀ ਦੂਣੀ ਦੋ ਦੂਣੀ ਚਾਰ।
ਬੀਰ: ਸਾਰਿਆਂ ਭੜਥਾ ਬਤਾਊਂ ਦਾ ਖਾਣਾ ਏ
ਕਿਸੇ ਨਹੀਂ ਧਰਨਾ ਰੋਟੀ ਅਚਾਰ
ਦੀਨ: (ਨੱਚਦਿਆਂ) ਜੀਓ ਓਏ ਬੀਰੂ ਕਿੱਥੇ ਬਤਾਊਂ ਨੀ ਸਾਡੇ ਯਾਰ
ਬੀਰ: ਚਾਰ ਦੂਣੀ ਉਹ ਅੱਠ ਹੋਏ ਨੇਂ
ਅਸਾਂ ਜੋ ਹੋਏ ਦੱਸ ਦੂਨਾ ਵੀਹ
ਵੀਹ ਇਕ ਇੱਕੀ ਅਸੀਂ ਤੁਸੀਂ
(ਨੱਚ ਕੇ) ਪਹਾੜਾ ਮੁੜ ਪੜ੍ਹੀਏ
ਕਢੀਏ ਟੋਏ ਦੋ, ਬਤਾਊਂ ਚਾਰ ਚਾਰ ਕਰ ਧਰੀਏ
ਦੀਨ: ਆਹਾ। ਰਲੋ ਓਏ ਨੂਰਿਆ, ਲਛਮਨਿਆ, ਸੱਦੋ ਰੰਬੀਆਂ
ਨੂਰ ਤੇ ਲਛਮਣ: ਆ ਗਈਆਂ ਜੀ ਆ ਗਈਆਂ
(ਦੋਏ ਟੋਏ ਕਢੀਂਦੇ ਨੇਂ।ਇਕ ਹੋਰ ਜੀ ਉਠ ਕੇ ਮਿੱਟੀ ਸਲ੍ਹਦਾ ਏ। ਇਕ ਹੋਰ ਪੱਤਰ ਤੀਲੇ ਧਰੇਂਦਾ ਏ।
ਦੀਨ ਤੀ.ਲੀ ਲਾਈ ਏ।
ਦੀਨ: (ਪੱਤਰ ਤੀਲੇ ਧਰਣ ਵਾਲੇ ਨੂੰ) ਫੜ ਤੂੰ ਜੀਤਿਆ ਇਹ ਧੇਲੀ। ਆਨੇ ਦੀਆਂ ਦੋ ਨੇਂ ਖਮੀਰੀਆਂ।ਪੰਜੂ ਦੂਣੀ ਦਸ ਲਵਾ ਬਾਬੇ ਸ਼ੀਫੇ ਦੇ ਤੰਦੂਰੋਂ।ਮੇਰਾ ਦੱਸੀਂ ਤੇ ਯਾਰ੍ਹਵੀਂ ਲਵਾ ਲਿਆਵੀਂ।
(ਜਿੱਤੇ ਧੇਲੀ ਫੜੀ ਏ ਟੁਰ ਗਿਆ ਏ॥)
ਦੀਨ: ਪੜ੍ਹਾਉ ਨਾ ਵਈ ਮੈਨੂੰ ।
ਸਾਰੇ: ਬਰਕਤ ਦੂਣੀ ਦੂਣੀ ਦੋ ਦੂਣੀ ਚਾਰ।
ਦੀਨ: ਬਰਕਤ ਦੂਣੀ ਦੂਣੀ ਦੋ ਦੂਣੀ ਚਾਰ।
ਇਕ ਜੀ: ਸਾਰੀਆਂ ਰ.ਲ ਕੇ ਭੜਥਾ ਬਣਾਇਆ ਏ, ਕਿਉਂ ਧਰੇ ਕੋਈ ਰੋਟੀ ਅਚਾਰ

ਦੀਨ: ਹਾਂ ਜੀ ਕਿਉਂ ਧਰੇ ਕੋਈ ਰੋਟੀ ਅਚਾਰ
ਸਾਰੇ: ਤਿੰਨ ਦੂਣੀ ਛੀ ਏ ਚਾਰ ਦੂਣੀ ਅੱਠ
ਬੀਰ: ਅੱਗ ਭੁਜਾ ਕੇ ਭੁਬੱਲ ਕਰੀਏ
ਅੱਠੇ ਬਤਾਊਂ ਵਲ੍ਹੇਟ ਕੇ ਧਰੀਏ
ਦੀਨ: ਆਹੋ ਯਾਰੋ ਭੁੱਭਲ ਧਰੀਏ
ਬੀਰ: ਗਰਮਾ ਗਰਮ ਲਵਾ ਖ਼ਮੀਰੀ ਜੀਤਿਆ ਆਵੀਂ ਨੱਠ
ਦੀਨ: ਭਲਾ ਓ ਜੀਤਿਆ ਆਵੀਂ ਨੱਠ
ਤਿੰਨ ਦੂਣੀ ਛੀ ਏ ਚਾਰ ਦੂਣੀ ਅੱਠ
(ਜੀਤਾ।ਰੋਟੀਆਂ ਚਾਈ ਆਇਆ ਏ।ਬਾਬਾ ਸ਼ੀਫਾ ਵੀ ਨਾਲ਼ ਏ। ਸਤਰਾਂ ਦੇ ਗੇੜ ਵਿਚ। ਚਿੱਟਾ ਤੇ ਲਾਲ਼।ਛੀਟਕਾ, ਮੂੰਹ ਮੁਸਕਾਨ। ਕਾਲ਼ੀ ਫ਼ਤੂਹੀ, ਲਾਲ਼ ਲਕਦੀ, ਸਿਰ ਤੇ ਨੀਲਾ ਪਟਕਾ। ਹੱਥ ਵਿਚ ਮਿੱਟੀ ਦੀ
ਹਾਂਡੀ, ਵਿਚ ਢੇਰ ਸਾਰੀ ਭੁੱਭਲ। ਦੀਨ ਹਾਂਡੀ ਫੜੀ ਏ, ਬਾਬੇ ਸ਼ੀਫੇ ਦੇ ਗੋਡੇ ਹੱਥ ਲਾਇਆ ਸੂ। ਤੇ ਭੁੱਭਲ
ਦੋਹਾਂ ਟੋਇਆਂ ਵਿਚ ਕੇਰ ਦਿਤੀ ਸੂ।
ਬਾਬਾ ਸ਼ੀਫਾ: ਰੋਟੀਆਂ ਗਿਣ ਲਓ ਮਾਸਟਰ ਜੀ ਯਾਰਾਂ । ਇਹ ਲਓ ਰੱਖੋ ਅਠਿਆਨੀ। ਫ਼ਤੂਹੀ ’ਚੋਂ ਕੱਢ ਕੇ॥
ਦੀਨ: (ਫੜ ਕੇ) ਨਹੀਂ ਭਾ ਸ਼ੀਫਿਆ ਅਸਾਂ ਤੇ ਮੁਫ਼ਤ ਦੀ ਨਹੀਓਂ ਖਾਣੀ। ਰੱਖ ਅਠਿਆਨੀ। ਢਾਈ ਆਨੇ ਸਾਨੂੰ ਮੋੜ ਦੇ।
ਬਾਬਾ ਸ਼ੀਫਾ: ਨਹੀਂ ਓ ਚੰਨਾ। ਛੋਹਰ ਤੇਰੇ ਜਿਵੇਂ ਪਹਾੜਾ ਪੜ੍ਹਿਆ ਏ ਤੰਦੂਰ ਤੇ ਜੀ ਬਹੁੰ ਰਾਜ਼ੀ ਹੋਇਆ ਈ।ਪੁੱਛਿਆ ਏ ਮੈਂ ਇਹ ਗਾਵਣ ਨੱਚਣ ਕਿਥੋਂ ਸਿੱਖ ਰਲਾਊ ਈ ਵਿਚ। ਅਖੇ ਮੈਂ ਕਲਾ ਤੇ ਨਹੀਂ ਬਾਬਾ।
ਮਾਸਟਰ ਜੀ ਐਵੇਂ ਈ ਪੜ੍ਹਾਇਆ ਏ। ਰਲ਼ ਪੜ੍ਹਿਆ ਏ ਅਸਾਂ ਸਾਰਿਆਂ। ਫੇਰ ਆਹੰਦਾ ਏ ਤੂੰ ਵੀ ਤੇ ਨਾਲ਼ ਐਂ ਬਾਬਾ ਸਾਡੇ, ਨੱਚ ਕੇ ਰੋਟੀ ਲਾਉਂਨਾ ਏਂ, ਵਿਚ ਤੰਦੂਰ ਦੇ ਢੋਲ ਵਜਾਉਂਨਾ ਏਂ। ਬਸ
ਮੁਲ ਮਿਲ਼ ਗਿਆਏ ਮੇਰੀ ਲਾਈ ਦਾ।।
ਸੱਚ ਨੱਚੋ ਤੇ ਰਲ਼ ਖਾਓ ਸਾਰੇ
(ਫੁੰਮਣੀ ਪਾਉਂਦਾ ਬਾਬਾ ਸ਼ੀਫਾ ਨਿਕਲ਼ ਗਿਆ ਏ। ਹਾਂਡੀ ਫੜ ਕੇ ਜੀਤਾ ਵੀ ਨੱਚਦਾ ਮਗਰ ਗਿਆ ਏ॥)
ਸਾਰੇ: ਪੰਜੂ ਦੂਣੀ ਦਸ ਛੀਓ ਦੂਣੀ ਬਾਰਾਂ
ਲਛਮਣ: ਕੱਢ ਸੱਚੀਆਂ ਅਸਾਂ ਪੜ੍ਹਨੀਆਂ ਨੇਂ ਅਖ਼ਬਾਰਾਂ
ਸਾਰੇ: ਪੜ੍ਹਨੀਆਂ ਨੇਂ ਸੱਚੀਆਂ । ਕਢਣੀਆਂ ਨੇਂ ਅਖ਼ਬਾਰਾਂ
(ਟੱਪਦਾ ਨੱਚਦਾ ਜੀਤਾ ਵੀ ਆ ਰਲਿਆ ਏ॥)

ਸਾਰੇ: ਸੱਤੋ ਦੂਣੀ ਚੌਦਾਂ ਅੱਠੋ ਦੂਣੀ ਸੋਲਾਂ
ਬੀਰ: ਰਲ਼ ਬਣਾਇਆ ਭੜਥਾ ਆਖੇ ਭੇਤ ਮੈਂ ਸਾਰੇ ਖੋਲਾਂ । ਅੱਗਾ ਪਿੱਛਾ ਫੋਲਾਂ
ਸਾਰੇ: ਭੇਤ ਮੈਂ ਸਾਰੇ ਖੋਲਾਂ
ਨੌਂ ਦੂਣੀ ਅਠਾਰਾਂ ਦਸ ਦੂਣਾ ਵੀਹ ਏ
ਜੀਤਾ: ਭੇਤ ਤੇ ਸਾਨੂੰ ਲੱਭ ਗਿਆ ਏ, ਅੱਗੋਂ ਕਰਨਾ ਕੀ ਏ
ਸਾਰੇ: ਅੱਗੋਂ ਕਰਨਾ ਕੀ ਏ ਆਹੋ, ਅੱਗੋਂ ਕਰਨਾ ਕੀ ਏ (ਓਹਲਾ)

*******

# ਕਿਤਾਬ: ਧਰਤ ਦੀ ਵਾਹੀ ਰੇਖ ਮਸਤਕ ਅੰਬਰ ਤੇ

(2019 ਸ. 8)

❖

ਦੁਖੀਆ ਤੇ ਸਭ ਸੰਸਾਰ ਹੈ
ਸੁਖੀਆ ਕਿਵੇਂ ਹੁਣ ਹੋਵੇ
ਬਾਬੇ[1] ਤੇ ਦੱਸਿਆ ਹੈ
ਮੁਠ ਖੋਲ ਦਿਓ,
ਅਸਾਂ ਇਹ ਗੱਲਾਂ ਸੁਣਦੇ ਕਰੇਂਦੇ ਆਏ ਆਂ
ਇਨ੍ਹਾਂ ਤੇ ਲਿਖ ਮਜ਼ਮੂਨ ਪੜ੍ਹੇਂਦੇਤ
ਛਾਪ ਕਿਤਾਬਾਂ
ਹੱਟੀਆਂ ਧਰੇਂਦੇ ਆਏ ਆਂ,
ਐਪਰ ਖ਼ਾਬ ਖ਼ਿਆਲ ਵੀ ਹੋਵੇ
ਮੁਠ ਘੁਟ ਰਖਨੇ ਆਂ
ਕਿਉਂ?
ਪਤਾ ਜੋ ਹੋਇਆ
ਖੁਲ ਮੁਠ ਗਈ ਤੇ ਮੈਂ ਕੁਠ ਗਈ

ਤ=

1. ਬਾਬੇ = ਬਾਬੇ ਨਾਨਕ

*******

## ਕਿਤਾਬ: ਧਰਤ ਦੀ ਵਾਹੀ ਰੇਖ ਮਸਤਕ ਅੰਬਰ ਤੇ

(2019 ਸ. 18)

❖

“ਵਾਅ ਲਾਹੌਰ ਦੀ ਸੁਣਿਆ ਏ ਹੋ ਗਈ ਏ ਹੁਣ ਜ਼ਹਿਰ ਕਹਿਰ
“ਆਹੋ ਜੀ
ਹੁਣ ਦਿੱਲੀ ਦਾ ਇਹ ਨੰਬਰ ’ਦੋ ਹੋਇਆ,
ਅੰਦਰ ਬਹੁ ਤੇ ਸਾਹ ਸੰਦੂਕ ਚੋਂ ਲਓ
ਨਿਕਲੇ ਬਾਹਰ ਤੇ ਹੋਏ ਬਿਮਾਰ ਸਮਝੋ,”
“ਆਹੋ ਜੀ
ਨੰਬਰ ਇਨ੍ਹਾਂ ਦੇ ਰਹਿਣੇ ਨੇਂ ਇੱਕ ਦੋ ਈ
ਅਕਬਰ ਆਇਆ ਲਾਹੌਰ ਨੰਬਰ ਇਕ ਹੋਇਆ
ਸ਼ਾਹ ਜਹਾਨ ਆਇਆ ਦਿੱਲੀ ਇਕ ਹੋਈ,
ਆਏ ਅੰਗਰੇਜ਼ ਗਏ
ਹੇਠ ਉਪਰ ਇਹ ਦੂਏ ਐਵੇਂ ਪਏ ਹੋਏ”
“ਧੂੰ ਧੁੰਦ ਧੁਆਂਖ ਤੇ ਕਾਰ ਦੀ ਏ””
“ਨਹੀਂ ਕਾਰ ਦੀ ਨਹੀਂ ਅਸਵਾਰ ਦੀ ਏ,
ਜਮ੍ਹਾਂ ਜਿੱਤਦੀ ਏ ਜੋ ਸੋ ਹਾਰਦੀ ਏ
ਹੋ ਤਫ਼ਰੀਕ ਨਿੱਤ ਵਿਚ ਬਜ਼ਾਰ ਸਮਝੋ”

=

*******

# ਕਿਤਾਬ: ਧਰਤ ਦੀ ਵਾਹੀ ਰੇਖ ਮਸਤਕ ਅੰਬਰ ਤੇ

(2019 ਸ. 19)

❖

ਹੋਈਆਂ ਜਦੋਕੀਆਂ ਅਸ ਮਰ ਜੀਵੜੀਆਂ
ਖ਼ੈਰ ਖ਼ਬਰ ਦੀ ਸਾਨੂੰ ਭੈਣਾ ਟੋਹ ਨਾਹੀਂ
ਵਾਧ ਘਾਟ ਦੀ ਨਾਹਿਓਂ ਛੋਹ,
ਕਿਥਾਂ ਅਗੇਰੇ ਹੁਣ ਅਸਾਂ ਵੈਣਾ
ਘੜੀ ਇਹ ਉਜੜੀ ਕਰਨੀ ਆਬਾਦ ਹੈ,
ਸੱਤ ਤੋਂ ਅੱਠ ਨਹੀਂ
ਸਤਿ ਤੋਂ ਸਤਿ ਹੀ ਥੀਆ ਸਫ਼ਰ,
ਵਰਤ ਇਹਾ ਵਰਤਾਇਆ ਬਾਬੇ
ਵਿਚੇ ਈ ਸਤਿ ਦੇ ਆਦਿ ਜੁਗਾਦਿ ਹੈ

=

ਬਾਬੇ = ਬਾਬੇ ਨਾਨਕ

*******

# ਕਿਤਾਬ: ਧਰਤ ਦੀ ਵਾਹੀ ਰੇਖ ਮਸਤਕ ਅੰਬਰ ਤੇ
(2019 ਸ. 50-53)

## ਮਾਈ ਸਪਕੁੰਜੋ ਦੀ ਵਾਰ
ਸੰਗਤਾਂ
ਗਾਵਣਾਂ ਦੀ ਦੱਸ ਪਾਈ ਨੇਂ ਮਾਈ ਸਪਕੁੰਜੋ ਦੇ
"ਸੁਣਨਾ ਏ ਤੁਸੀਂ ਤੇ ਘਰ ਲੈ ਆਵੀਏ
ਸੰਗਤ ਵਿਚ ਲੈ ਆਓ ਸਾਰੇ ਰਲ਼ ਸੁਣੀਏ,
ਲੈ ਆਈਆਂ ਨੇਂ,
ਪੰਜਾਹ ਸੱਠ ਦੇ ਵਿਚਕਾਰ ਈ ਹੋਸੀ
ਹੱਡ ਪਿੰਜਰ ਮੜ੍ਹੀ ਖੱਲ ਬਿਰਤੀ ਸੁੱਕੀ ਸਵੱਲੀ
ਅੱਖੀਆਂ ਵਿਚੇ ਕਿਤੇ ਨੀਂ ਖ਼ਬਰੇ ਬੰਦ ਕਿ ਖੁੱਲ੍ਹੀਆਂ,
ਸੁੱਥਣ ਕੁੜਤਾ ਚੱਦਰ ਬਦਰੰਗ
ਚੁੱਪ ਬਹਿ ਗਈ ਏ ਨਾਲ਼ ਜਿਹਨਾਂ ਹੈ ਆਂਦੀ,
ਮੈਂ ਇਕ ਕੁੜੀ ਨੂੰ ਪੁੱਛਨਾਂ
ਨਾਂ ਇਹਦਾ ਸਪਕੁੰਜੋ ਕੀਹਨੇ ਧਰਿਆਏ
ਆਹੰਦੀ ਏ ਖ਼ਬਰੇ
ਸੋ ਘਰਾਂ ਵਿਚ ਕੰਮ ਕਰਦੀ
ਹੁਣ ਸਾਡੇ ਵੱਲ ਆਈ ਏ
ਧਰਿਆ ਹੋਣਾ ਏ ਕਿਸੇ ਸੱਪਣੀ ਨੇ ਈ।
ਜਪ ਨਾਨਕ ਅਸਾਂ ਪੜ੍ਹਿਆ ਏ ਗੰਵਿਆ ਏ
ਗੱਲਬਾਤ ਵੀ ਹੋਈ ਏ:
ਜੋਗ ਰੀਤ ਨੂੰ ਕਿਵੇਂ ਬਾਬੇ ਖ਼ਲਕ ਉਧਾਰ ਦੀ ਰਮਜ਼ ਕਰ ਗੰਵਿਆ ਏ
ਨਾਲੇ ਦਸਾਇਆ ਏ
ਕਿਵੇਂ ਨਰ ਪ੍ਰਧਾਨ ਹਾਕਮੀ
ਜਣੀ ਖਣੀ ਨੂੰ ਕਰ ਧਰਤੀ ਨਿੱਤ ਵਾਹਿਆ ਏ
ਕਿਵੇਂ ਉਪਰ ਆਪ ਪਹਾੜ ਸ਼ਾਹੀ ਦਾ ਠੋਕ ਚੜ੍ਹੀ ਏ,
ਇਕ ਇਯਾਣ ਬਾਣੀ ਵਤ ਪੜ੍ਹੀ ਗੰਵੀ ਗਈ ਏ
'ਅੱਖੀਆਂ ਵਿਚ ਅਸਮਾਨ ਵਸੇ
ਪੈਰਾਂ ਹੇਠ ਜ਼ਮੀਨ,
ਨਵਾਂ ਜਹਾਨ ਵਸੇ
ਮਿਲਖ ਨਾ ਮਾਲਿਕ ਕੋਈ,

ਰਾਹ ਦਿਲਾਂ ਨੂੰ ਹੋਵੇ ਦਿਲਾਂ 'ਚੋਂ
ਖ਼ਲਕ ਜੋ ਖ਼ਾਲਿਕ ਸੋਈ,'
ਅੰਤ ਸੰਗਤਾਂ ਮਾਈ ਨੂੰ ਗਾਵਣ ਦਾ ਆਖਿਓ ਨੇਂ
ਕਿਥਾਉਂ ਅਚੇਤੀ ਵਾਜ਼ ਅਚਰਜ ਉਸ ਕੱਢ ਵਗਾਇਆ ਸੁਰ ਰਿੰਨ੍ਹਿਆ,
ਸਿੱਧੇ ਸਾਦੇ ਬੋਲ ਝੰਗੋਚੀ
ਗਾਵਣ ਰੰਗ ਅਚੰਭਾ,
ਚੇਤਿਓਂ ਅਚੇਤ ਦੇ ਪਾਹੇ ਪੌਂਦੀ
ਗਾਹੇ ਹਿੰਦ ਸਿੰਧ ਇਕ ਕਰੇਂਦੀ,
ਵਾਜ਼ ਦੇ ਅੰਦਰ ਵਲੀ ਗੁੰਜਾਰ[1] ਉਹਦੀ ਹੱਡ ਵਰਤੀ ਦੀ
ਰੀਤਲ ਅੱਖਰਾਂ ਉਹਲੇ ਖਲੋ ਪਈ ਅੱਥਰਾਂ ਨੂੰ ਟੋਹੇ,
ਗਾਉਂਦਿਆਂ ਉਸ ਚੂੰਢੀ ਖੰਡ ਦੀ ਮੰਗੀ ਏ
'ਉਠ ਇਕ ਸੰਗਤਣ
ਹਲਵਾ ਲੰਗਰ ਕੌਲੀ ਉਹਦੇ ਅੱਗੇ ਧਰੀ ਏ
'ਇਏ ਕਿਸ ਕਾਰੀ?
'ਚੂੰਢੀ ਖੰਡ ਮੈਂ ਮੰਗੀ ਏ',
ਹਲਵਾ ਚਮਚੀ ਮੂੰਹ ਧਰ ਗਾਵਣ ਵੱਲ ਪਰਤੀ ਏ,
ਜਾਪੇ ਹੇਠੋਂ ਹੇਠ ਗਾਵਣ ਦੇ
ਆਪਣੀ ਉਹਦੀ ਜੁਗਾਂ ਜਰੀ
ਹਾਠ[2] ਹੋ ਕੰਢੇ ਖਲੀਆਂ ਨੂੰ
ਸੱਦ ਠਿੱਲਣ ਦੇ ਪਈ ਵਰਤਾਵੇ,
ਗਾਵਣ ਮੁਕਾਇਆ ਏ
ਸਭਨਾਂ ਸਲਾਹਿਆ ਏ,
ਸਮਝੌਤੀ ਨਾਲ਼ ਮੈਨੂੰ ਕੋਲ਼ ਕਰ ਆਹੰਦੀ ਏ
''ਅਸਾਂ ਮਰ ਮੁੱਕੇ ਆਂ
ਦੱਲ ਦੱਲ ਰੌਲੇ,
ਨਾਲ਼ ਦੀ ਲੈ ਕਣਸੋ ਪੁਛਿਆ ਏ
''ਕੀ ਹੋਇਆ ਸੀ ਮਾਈ ਜੀ
''ਛੱਡੋ, ਮੁੜ ਮੁੜ ਗਿਣ ਕਿਉਂ ਸਿਰ ਤੇ ਧਰੀਏ
ਵਿਹਲ ਇਹ ਹੋਈ ਰਲ਼ ਗਾਵਣ ਸਿਰ ਚਾਵਣ ਦੀ

=

1.ਗੁੰਜਾਰ = ਗੂੰਜ=2 ਹਾਠ=ਕਾਂਗ, ਲਹਿਰ ਹੜ੍ਹ = ਸਿਰੜੀ, ਜ਼ਿਦਲ

*********

# ਕਿਤਾਬ: ਧਰਤ ਦੀ ਵਾਹੀ ਰੇਖ ਮਸਤਕ ਅੰਬਰ ਤੇ
(2019 ਸ. 59 )

## ਵੀਰੋ ਫੁਲੇਰਨ ਦੀ

ਪਾਲ਼[1] ਵਲਾਵੇਂ ਜਿਹੀ ਸਪੋਲੀ ਵਿਚ ਨੀ ਗੁਟੀਓ
ਟੁਰੀਆਂ ਕਿੱਥਾਉਂ ਕਿੱਥ ਆਈਆਂ ਹੋ,
ਗੁਟੀਆਂ ਮੈਂ ਕਰ ਪਈ ਸਦਨੀ ਆਂ
ਭਾਵੇ ਨਾ ਭਾਵੇ ਖ਼ਬਰੇ ਇਹ ਨਾਉਂ
ਹੋਵੇ ਤੁਸਾਂ ਕਾਈ ਜੂਨ ਅਨੂਪੀ ਜਾਈਆਂ,
ਸਿਰਾਂ ਤੇ ਚਾਤੀ ਵਦੀਆਂ ਹੋ
ਹਿਕ ਹਿਕ ਫੁਲ ਬਸੰਤੀ
ਇਹ ਫੱਲ ਜੁੜ ਖਿੜਨ ਦਾ ਹੈ
ਇਕੋ ਹੈ ਆਦਿ ਅਨੀਲੁ ਅਨਾਦਿ ਅਨਾਹਤਿ ਪਲ
ਜਿਹਨੂੰ ਧਰ ਸਿਰ ਇੰਨੋਂ ਤੁਸਾਂ ਵਣਜਾਰਣਾਂ
ਇਸ ਭਾਰ ਘਿਜਾਈਆਂ ਕਾਣ ਕੋਈ
ਅੱਜ ਹੌਲ ਲਿਆਈਆਂ ਹੋ

=

1. ਪਾਲ਼=ਕਿਤਾਰ।
ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ। (ਪੰਨਾ-੬)

*********

# ਕਿਤਾਬ: ਰੁਖਾਂ ਦੀ ਜੀਰਾਂਦਿ

(2019 ਸ. 34)

❖

ਇਹ ਦਿਲ ਪਿਸ਼ੌਰੀ ਕਿਉਂ ਕਰਣ ਦਾ ਆਹੰਦਾ ਰਹਿਨਾ ਏਂ
ਟੱਬਰ ਪੁਰਾਣਾ ਤੁਸੀਂ ਲਾਹੌਰੀ
ਅੱਧ ਅੰਬਰਸਰੀ,
ਇਹ ਚੱਪਲੀ ਕਵਾਬ ਦੀ ਚੱਸ ਹੈ
ਹੋਏ ਅਣ ਹੋਏ ਓਹਾ ਦਿਨ ਪਰਤਾਵਣ ਦੀ
ਯਾਂ ਤੱਸ ਹੈ
ਸ਼ਹਿਰ ਜਦੋਂ ਕਦੀਂ ਜ਼ਹਿਰ ਕਹਿਰ ਨਹੀਂ ਸਨ ਹੋਏ

*******